Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: Gurjatinder Singh Randhawa

Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 864, 24 to 30 July, 2025, Ph: 916-320-9444, E-mail: punjabmailusa@yahoo.com, Web: punjabmailusa.com

## ਟਰੰਪ ਪ੍ਰਸ਼ਾਸਨ ਵੱਲੋਂ ਐੱਚ-1ਬੀ ਵੀਜ਼ਾ ਲਾਟਰੀ ਸਿਸਟਮ ਖਤਮ!

ਵਾਸ਼ਿੰਗਟਨ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ ਦਾ ਵੀਜ਼ਾ ਲੈਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਡੋਨਾਲਡ ਟਰੰਪ ਪ੍ਰਸ਼ਾਸਨ ਐੱਚ-1ਬੀ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਵਿਚ ਮਹੱਤਵਪੂਰਨ ਬਦਲਾਅ ਕਰਨ ਜਾ ਰਿਹਾ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਇਸ ਵੀਜ਼ਾ ਨੂੰ ਜਾਰੀ ਕਰਨ ਲਈ ਵੇਟਿਡ ਚੋਣ ਪ੍ਰਕਿਰਿਆ ਦਾ ਪ੍ਰਸਤਾਵ ਰੱਖਿਆ ਹੈ। ਇਸ ਪ੍ਰਣਾਲੀ ਵਿਚ ਲਾਟਰੀ ਦੀ ਬਜਾਏ ਉਨ੍ਹਾਂ ਬਿਨੈਕਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ, ਜਿਨ੍ਹਾਂ ਦੇ ਪ੍ਰੋਫਾਈਲ ਵਧੇਰੇ ਵਜ਼ਨੀ ਹਨ, ਯਾਨੀ ਕਿ ਉਹ ਜੋ ਵਧੇਰੇ ਹੁਨਰਮੰਦ ਹਨ। ਅਮਰੀਕਾ ਵਿਚ ਐੱਚ-1ਬੀ ਵੀਜ਼ਾ ਮੰਗਣ ਵਾਲਿਆਂ ਵਿਚ ਵੱਡੀ ਗਿਣਤੀ ਵਿਚ ਭਾਰਤੀ



■ ਫੈਸਲਾ ਸਿੱਧੇ ਤੌਰ 'ਤੇ ਭਾਰਤੀਆਂ ਨੂੰ ਕਰੇਗਾ ਪ੍ਰਭਾਵਿਤ

ਸ਼ਾਮਲ ਹਨ। ਅਜਿਹੀ ਸਥਿਤੀ ਵਿਚ ਇਹ ਫੈਸਲਾ ਸਿੱਧੇ ਤੌਰ 'ਤੇ ਭਾਰਤੀਆਂ ਨੂੰ ਪ੍ਰਭਾਵਿਤ ਕਰੇਗਾ।

ਅਮਰੀਕਾ ਵਿਚ ਅਰਜ਼ੀਆਂ ਦੀ ਗਿਣਤੀ ਐੱਚ-1ਬੀ ਵੀਜ਼ਾ ਨਾਲੋਂ ਬਹੁਤ ਜ਼ਿਆਦਾ ਹੈ। ਲਾਟਰੀ ਪ੍ਰਣਾਲੀ ਕੰਮ ਕਰਦੀ ਹੈ ਕਿਉਂਕਿ ਅਰਜ਼ੀਆਂ ਦੀ ਗਿਣਤੀ ਉਪਲਬਧ ਥਾਵਾਂ ਤੋਂ ਵੱਧ ਹੈ। ਇਸਦੀ ਜਗ੍ਹਾ ਡੀ.ਐੱਚ.ਐੱਸ. ਨੇ 17 ਜੁਲਾਈ ਨੂੰ ਇੱਕ ਨਵੀਂ ਵੇਟਿਡ ਚੋਣ ਪ੍ਰਕਿਰਿਆ ਦਾ ਪ੍ਰਸਤਾਵ ਰੱਖਿਆ ਹੈ। ਹਾਲਾਂਕਿ ਡੀ.ਐੱਚ.ਐੱਸ. ਨੇ ਅਜੇ ਤੱਕ ਇਸ ਬਾਰੇ ਜ਼ਿਆਦਾ ਵੇਰਵੇ ਨਹੀਂ ਦਿੱਤੇ ਹਨ, ਪਰ ਇਸ ਨੇ ਕਿਹਾ ਹੈ ਕਿ ਸਾਲਾਨਾ ਐੱਚ-1ਬੀ ਵੀਜ਼ਾ ਵਿਚੋਂ 20,000 ਵੀਜ਼ੇ ਮਾਸਟਰ ਡਿਗਰੀ ਧਾਰਕਾਂ ਲਈ ਰਾਖਵੇਂ ਰੱਖੇ ਜਾਣਗੇ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ (ਯੂ.ਐੱਸ.ਸੀ.ਆਈ.ਐੱਸ.) ਇਸਦੀ ਨਿਗਰਾਨੀ ਕਰੇਗੀ।

ਅਮਰੀਕਾ ਵਿਚ, ਐੱਚ-1ਬੀ ਵੀਜ਼ਾ ਅਜੇ ਵੀ ਬੇਤਰਤੀਬ ਲਾਟਰੀ ਰਾਹੀਂ ਅਲਾਟ ਕੀਤੇ ਜਾਂਦੇ ਹਨ। ਇਸ ਵਿਚ ਸਾਰੇ ਬਿਨੈਕਾਰਾਂ ਨਾਲ ਯੋਗਤਾ ਜਾਂ ਮਾਲਕ ਦੀ ਪ੍ਰਵਾਹ ਕੀਤੇ ਬਿਨਾਂ ਬਰਾਬਰ ਵਿਵਹਾਰ ਕੀਤਾ ਜਾਂਦਾ ਹੈ।

■ ਬਾਕੀ ਖਬਰ ਸਫਾ 16 'ਤੇ

## ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਮੁੜ ਹੋਣਗੇ ਇਕੱਠੇ!

ਨਵੀਂ ਦਿੱਲੀ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਸੰਭਾਵਿਤ ਰਾਜਨੀਤਿਕ ਪੁਨਰਗਠਨ ਦੀ ਚਰਚਾ ਇਕ ਵਾਰ ਫਿਰ ਜ਼ੋਰ ਫੜ ਰਹੀ ਹੈ।

ਦੋਵਾਂ ਪਾਰਟੀਆਂ 2020 ਵਿਚ ਇਕ-ਦੂਜੇ ਤੋਂ ਵੱਖ ਹੋ ਗਈਆਂ ਸਨ। ਖੇਤੀ ਕਾਨੂੰਨਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਉਸ ਵਕਤ ਭਾਜਪਾ ਨਾਲੋਂ ਵੱਖ ਹੋਇਆ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਜਨਤਕ ਤੌਰ 'ਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਾਇਆ ਸੀ। ਭਾਜਪਾ-ਸ਼੍ਰੋਮਣੀ ਅਕਾਲੀ ਦਲ ਗਠਜੋੜ ਇਤਿਹਾਸਕ ਤੌਰ 'ਤੇ ਵੱਡੇ ਰਿਸ਼ਤਾਂ ਦੁਆਰਾ ਚਲਾਇਆ ਗਿਆ ਸੀ। 1996 ਵਿਚ ਭਾਜਪਾ ਅਤੇ ਅਕਾਲੀ ਦਲ ਇਕੱਠੇ ਹੋਏ ਸਨ। ਗਠਜੋੜ ਦੌਰਾਨ ਭਾਜਪਾ ਸ਼ਹਿਰੀ ਖੇਤਰਾਂ ਤੱਕ ਸੀਮਤ ਰਹੀ, ਜਦਕਿ ਅਕਾਲੀਆਂ ਨੇ ਪੇਂਡੂ ਪੰਜਾਬ ਵਿਚ ਆਪਣਾ ਆਧਾਰ ਵਧਾਇਆ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਦੇ ਐੱਨ.ਡੀ.ਏ. ਤੋਂ ਬਾਹਰ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿਰਫ 3 ਉਮੀਦਵਾਰ ਜਿੱਤੇ ਸਨ,

■ ਅਗਲੀਆਂ ਚੋਣਾਂ ਤੋਂ ਪਹਿਲਾਂ ਬਣ ਸਕਦੈ ਗਠਜੋੜ




ਜਦਕਿ ਭਾਜਪਾ ਸਿਰਫ 2 ਸੀਟਾਂ 'ਤੇ ਹੀ ਜਿੱਤ ਹਾਸਲ ਕਰ ਸਕੀ।

ਦੋਵਾਂ ਪਾਰਟੀਆਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਅਤੇ 2024 ਦੀਆਂ ਲੋਕ ਸਭਾ ਚੋਣਾਂ ਸੁਤੰਤਰ ਰੂਪ ਵਿਚ ਲੜੀਆਂ ਸਨ। ਇਸ ਤਰ੍ਹਾਂ ਦੋਵਾਂ ਦੇ ਵੱਖ ਹੋਣ ਤੋਂ ਬਾਅਦ ਇਹ ਗਠਜੋੜ ਖੇਰੂੰ-ਖੇਰੂੰ ਹੋ ਗਿਆ ਸੀ। ਗਠਜੋੜ ਟੁੱਟਣ ਤੋਂ ਬਾਅਦ ਦੋਵਾਂ ਪਾਰਟੀਆਂ ਨੇ ਰੱਜ ਕੇ ਇਕ-ਦੂਜੇ ਨੂੰ ਭੰਡਿਆ। ਜਿਸ ਕਰਕੇ ਪੰਜਾਬ ਵਿਚ ਦੋਵਾਂ ਪਾਰਟੀਆਂ ਦਾ ਗ੍ਰਾਫ ਲਗਾਤਾਰ ਹੇਠਾਂ ਨੂੰ ਜਾਂਦਾ ਰਿਹਾ। 2017 'ਚ ਸੱਤਾ ਤੋਂ ਬਾਹਰ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਭਾਵ ਅਤੇ ਵੋਟ ਬੈਂਕ ਘੱਟ ਗਿਆ ਸੀ।

ਗਠਜੋੜ ਟੁੱਟਣ ਤੋਂ ਬਾਅਦ ਭਾਵੇਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਕੁੱਝ ਆਗੂ ਕਿਸੇ ਨਾ ਕਿਸੇ ਕਾਰਨ ਭਾਰਤੀ ਜਨਤਾ ਪਾਰਟੀ ਵਿਚ ਜਾ ਰਲੇ ਸਨ, ਪਰ ਹੁਣ ਉਨ੍ਹਾਂ ਵਿਚੋਂ ਵੀ ਕੁੱਝ ਲੀਡਰ ਵਾਪਸ ਘਰ ਪਰਤਣ ਦੀ ਤਿਆਰੀ ਕਰ ਰਹੇ ਹਨ।

ਹਾਲਾਂਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਸੰਬੰਧੀ ਕੋਈ ਫੈਸਲਾ ਨਹੀਂ ਕੀਤਾ ਗਿਆ, ਪਰ ਉਮੀਦ ਕੀਤੀ ਜਾ ਰਹੀ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਪੰਜਾਬ ਲਈ ਕੋਈ ਪੈਕੇਜ ਐਲਾਨ ਕਰ ਸਕਦੀ ਹੈ, ਤਾਂਕਿ ਪੰਜਾਬ ਦੇ ਲੋਕਾਂ ਵਿਚ ਗੁਆਇਆ ਵਕਾਰ ਵਾਪਸ ਹਾਸਲ ਕੀਤਾ ਜਾ ਸਕੇ।

ਅਕਾਲੀ ਦਲ ਦੇ ਆਗੂਆਂ ਅਤੇ ਭਾਜਪਾ ਦੇ ਪੰਜਾਬ ਪ੍ਰਧਾਨ ਵੱਲੋਂ ਵੀ ਇਸ ਸੰਬੰਧੀ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਗਏ ਹਨ। ਦੋਵਾਂ ਪਾਰਟੀਆਂ ਵਿਚਕਾਰ ਸਮਝੌਤਾ ਕਰਵਾਉਣ ਲਈ ਕਈ ਪ੍ਰਮੁੱਖ ਸ਼ਖਸੀਅਤਾਂ ਵੱਲੋਂ ਵਿਚੋਲਗੀ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਖਸੀਅਤਾਂ ਵਿਚ ਰਾਜਨੀਤਿਕ ਆਗੂਆਂ ਤੋਂ ਇਲਾਵਾ ਕੁੱਝ ਧਾਰਮਿਕ ਆਗੂ ਵੀ ਸ਼ਾਮਲ ਹਨ।

## ਡਾ. ਐੱਸ.ਪੀ. ਓਬਰਾਏ ਵੱਲੋਂ ਆਨੰਦਪੁਰ ਸਾਹਿਬ ਵਿਖੇ ਖੋਲ੍ਹੀ ਗਈ ਯੂਨੀਵਰਸਿਟੀ

ਆਨੰਦਪੁਰ ਸਾਹਿਬ, (ਪੰਜਾਬ ਮੇਲ)- ਆਨੰਦਪੁਰ ਸਾਹਿਬ ਦੀ ਪਾਕ-ਪਵਿੱਤਰ ਧਰਤੀ 'ਤੇ ਯੂਨੀਵਰਸਿਟੀ ਦਾ ਸੁਪਨਾ ਸਾਕਾਰ ਹੋਣ ਜਾ ਰਿਹਾ ਹੈ। ਇਸ ਲਈ ਗੁਰੂ ਮਹਾਰਾਜ ਦੇ ਥਾਪੜੇ ਦੀ ਬਖਸ਼ਿਸ਼ ਸ. ਪ੍ਰੋ. (ਡਾ.) ਐੱਸ.ਪੀ. ਸਿੰਘ ਓਬਰਾਏ ਜੀ 'ਤੇ ਹੋ ਚੁੱਕੀ ਹੈ।



ਡਾ. ਐੱਸ.ਪੀ. ਸਿੰਘ ਓਬਰਾਏ।

ਤਕਨੀਕੀ ਸ਼ਰਤਾਂ ਪੂਰੀਆਂ ਕਰਨ ਵੱਲ ਵਧਿਆ ਜਾ ਰਿਹਾ ਹੈ। ਜ਼ਮੀਨ ਦੀ ਖਰੀਦ ਹੋ ਚੁੱਕੀ ਹੈ, ਯੂਨੀਵਰਸਿਟੀ ਦੇ ਐਕਟ ਦੀ ਬਣਤਰ ਦੀ ਬੁਣਤੀ ਬੁਣ ਲਈ ਗਈ ਹੈ ਤੇ ਆਰੰਭਲੇ ਕੋਰਸਾਂ ਬਾਰੇ ਵੀ ਫੈਸਲਾ ਹੋ ਚੁੱਕਾ ਹੈ। ਇਹ ਕੋਰਸ ਛੋਟੇ ਵੀ ਹੋਣਗੇ ਤੇ ਆਨਲਾਈਨ ਵੀ। ਇਸ ਦੀ ਸੂਚਨਾ ਪਬਲਿਕ ਕਰ ਦਿੱਤੀ ਗਈ ਹੈ ਤੇ ਦਾਖ਼ਲੇ ਆਰੰਭ ਹੋ ਗਏ ਹਨ।

■ ਸਮੂਹ ਵਿਦਿਆਰਥੀਆਂ ਦੀ ਫੀਸ ਹੋਵੇਗੀ ਮਾਫ



ਯੂਨੀਵਰਸਿਟੀ ਲਈ ਵੱਖ-ਵੱਖ ਅਹੁਦਿਆਂ ਲਈ ਨਿਯੁਕਤੀ ਦੌਰਾਨ ਡਾ. ਐੱਸ.ਪੀ. ਸਿੰਘ ਓਬਰਾਏ।

ਇਸੇ ਮਾਰਗ ਵੱਲ ਹੋਰ ਅੱਗੇ ਵਧਦੇ ਹੋਏ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਸੁਪ੍ਰਸਿੱਧ ਸਿੱਖ ਚਿੰਤਕ ਕੌਮਾਂਤਰੀ ਅਕਾਦਮੀਸ਼ੀਅਨ ਡਾ. ਸਰਬਜਿੰਦਰ ਸਿੰਘ ਨੂੰ ਡਾ. ਓਬਰਾਏ ਜੀ ਨੇ ਰੁਤਬੇ-ਆਸੀਨ ਕਰ ਦਿੱਤਾ ਹੈ। ਇਸ ਦੇ ਤੁਰੰਤ ਬਾਅਦ ਚਾਰ ਨਿਯੁਕਤੀਆਂ ਵਾਈਸ ਚਾਂਸਲਰ ਸਾਹਿਬ ਨੇ ਕਰ ਇਹ ਇਸ਼ਾਰਾ ਕਰ ਦਿੱਤਾ ਹੈ ਕਿ ਇਹ ਕਾਰਜ ਬਹੁਤ ਜਲਦ ਨੇਪਰੇ ਚਾੜ੍ਹਿਆ ਜਾਵੇਗਾ -

(1) ਡਾ. ਭੁਪਿੰਦਰ ਕੌਰ ਨੂੰ ਪ੍ਰੋਫੈਸਰ ਤੇ ਡੀਨ ਨਿਯੁਕਤ ਕੀਤਾ ਗਿਆ।
(2) ਡਾ. ਰਾਜਿੰਦਰ ਸਿੰਘ ਅਟਵਾਲ ਚਿਕਿਤਸਾ ਵਿਭਾਗ ਦੇ ਮੁਖੀ ਤੇ ਪ੍ਰੋ. ਆਫ ਐਮੀਨੈਂਸ ਨਿਯੁਕਤ ਕੀਤੇ ਗਏ ਹਨ।
(3) ਸਮਰਿਤੀ ਪੁਰੀ ਜੀ.ਐੱਸ.ਟੀ. ਤੇ ਇਨਕਮ ਟੈਕਸ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਬਣ ਗਏ ਨੇ ਤੇ ਇਸ ਦੇ ਨਾਲ ਯੂਨੀਵਰਸਿਟੀ ਦੇ ਵਿੱਤ ਅਫਸਰ ਵਜੋਂ ਵੀ ਉਨ੍ਹਾਂ ਦੀ ਨਿਯੁਕਤੀ ਕਰ ਦਿੱਤੀ ਗਈ ਹੈ।
(4) ਸੁਰਿੰਦਰ ਸਿੰਘ ਉਸਾਰੀ ਵਿਭਾਗ ਦੇ ਚੀਫ ਨਿਯੁਕਤ ਹੋ ਗਏ ਹਨ।

ਡਾ. ਓਬਰਾਏ ਜੀ ਨੇ ਦੱਸਿਆ ਕਿ ਹੁਣ ਮੇਰੀ ਇਕੋ ਪ੍ਰਬਲ ਇੱਛਾ ਇਹ ਹੈ ਕਿ ਮੈਂ ਆਪਣੀ ਕੌਮ ਨੂੰ ਇਸ ਉਲਾਹਮੇ ਤੋਂ ਮੁਕਤ ਕਰਾ ਸਕਾਂ। ਅੱਜ ਤੱਕ ਇਕ ਵੀ ਅਜਿਹਾ ਵਿੱਦਿਅਕ ਅਦਾਰਾ ਨਹੀਂ ਹੈ, ਜਿੱਥੇ ਆਧੁਨਿਕ ਸਿੱਖਿਆ ਵੀ ਹੋਵੇ, ਕਿੱਤਾ-ਮੁਖੀ ਵੀ ਹੋਵੇ ਤੇ ਫ਼ੀਸ ਮੁਕਤ ਵੀ।

## ਗੈਰ ਕਾਨੂੰਨੀ ਪ੍ਰਵਾਸੀਆਂ ਖਿਲਾਫ ਅਮਰੀਕਾ ਨੇ ਮੁਹਿੰਮ ਕੀਤੀ ਤੇਜ਼

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਨਵੀਂ ਇਮੀਗ੍ਰੇਸ਼ਨ ਨੀਤੀ ਲਾਗੂ ਕਰਨ ਲਈ ਅਪਰਾਧਿਕ ਗੈਰ ਕਾਨੂੰਨੀ ਪ੍ਰਵਾਸੀਆਂ ਦੀਆਂ ਗ੍ਰਿਫ਼ਤਾਰੀਆਂ ਵਿਚ ਭਾਰੀ ਵਾਧਾ ਕੀਤਾ ਹੈ। ਆਈ.ਸੀ.ਈ. ਅਤੇ ਬਾਰਡਰ ਸੁਰੱਖਿਆ ਦਸਤਿਆਂ ਵੱਲੋਂ ਰੋਜ਼ਾਨਾ 3 ਹਜ਼ਾਰ ਦੇ ਕਰੀਬ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ। ਇਨ੍ਹਾਂ ਵਿਚ ਬਹੁਤੇ ਲੋਕ ਮੁਜ਼ਰਿਮ ਕਿਸਮ ਦੇ ਹੁੰਦੇ ਹਨ, ਜਿਹੜੇ ਕਿ ਕਤਲ, ਬਲਾਤਕਾਰ ਅਤੇ ਹੋਰ ਹਿੰਸਕ ਅਪਰਾਧਾਂ ਵਿਚ ਲੋੜੀਂਦੇ ਹੁੰਦੇ ਹਨ।




ਜਦੋਂ ਤੋਂ ਟਰੰਪ ਨੇ ਜਨਵਰੀ 'ਚ ਅਹੁਦਾ ਸੰਭਾਲਿਆ ਹੈ, ਤਾਂ ਉਨ੍ਹਾਂ ਵੱਲੋਂ ਹੁਣ ਤੱਕ ਰਿਕਾਰਡ 170 ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ ਗਏ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਆਦੇਸ਼ਾਂ 'ਤੇ ਸੰਘੀ ਅਦਾਲਤਾਂ ਵਿਚ ਚੁਣੌਤੀ ਦਿੱਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਕਿਸੇ ਵੀ ਰਾਸ਼ਟਰਪਤੀ ਨੇ ਇੰਨੇ ਕਾਰਜਕਾਰੀ ਆਦੇਸ਼ ਜਾਰੀ ਨਹੀਂ ਕੀਤੇ ਸਨ। ਆਪਣੇ ਪਹਿਲੇ 6 ਮਹੀਨਿਆਂ ਦੇ ਕਾਰਜਕਾਲ ਦੌਰਾਨ ਰਾਸ਼ਟਰਪਤੀ ਟਰੰਪ ਨੇ ਆਪਣੇ ਚੋਣ ਵਾਅਦੇ ਅਨੁਸਾਰ ਕਾਫੀ ਕੰਮ ਪੂਰੇ ਕਰ ਲਏ ਹਨ। ■ ਬਾਕੀ ਖਬਰ ਸਫਾ 16 'ਤੇ

## ਅਮਰੀਕਾ ਵੱਲੋਂ ਗੈਰ-ਪ੍ਰਵਾਸੀ ਵੀਜ਼ਾ ਲਈ ਇੱਕ ਨਵੀਂ ਵਾਧੂ ਫੀਸ ਲਗਾਉਣ ਦਾ ਫੈਸਲਾ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਵੀਜ਼ਾ ਲੈਣਾ ਹੁਣ ਭਾਰਤੀਆਂ ਲਈ ਮਹਿੰਗਾ ਹੋ ਗਿਆ ਹੈ। ਅਮਰੀਕੀ ਸਰਕਾਰ ਨੇ ਗੈਰ-ਪ੍ਰਵਾਸੀ ਵੀਜ਼ਾ ਲਈ ਇੱਕ ਨਵੀਂ ਵਾਧੂ ਫੀਸ ਲਗਾਉਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਵੀਜ਼ੇ ਦੀ ਕੀਮਤ ਵਿਚ ਲਗਭਗ 185 ਡਾਲਰ ਦਾ ਵਾਧਾ ਹੋਇਆ ਹੈ। ਇਹ ਨਵਾਂ ਨਿਯਮ ਆਉਣ ਵਾਲੇ ਵਿੱਤੀ ਸਾਲ ਤੋਂ ਲਾਗੂ ਹੋਵੇਗਾ।

ਅਮਰੀਕੀ ਸੰਸਦ ਨੇ ਹਾਲ ਹੀ ਵਿਚ

■ ਨਵਾਂ ਨਿਯਮ ਆਉਣ ਵਾਲੇ ਵਿੱਤੀ ਸਾਲ ਤੋਂ ਹੋਵੇਗਾ ਲਾਗੂ




"ਵਨ ਬਿਗ ਬਿਊਟੀਫੁੱਲ ਐਕਟ" ਨਾਮਕ ਇੱਕ ਕਾਨੂੰਨ ਪਾਸ ਕੀਤਾ ਹੈ। ਇਸ ਤਹਿਤ ਹੁਣ ਸਾਰੇ ਗੈਰ-ਪ੍ਰਵਾਸੀ ਵੀਜ਼ਾ ਬਿਨੈਕਾਰਾਂ ਨੂੰ 250 ਡਾਲਰ ਦੀ ਵਾਧੂ ਵੀਜ਼ਾ ਇੰਟੀਗ੍ਰੇਟੀ ਫੀਸ ਵੀ ਦੇਣੀ ਪਵੇਗੀ। ਇਹ ਫੀਸ ਮੌਜੂਦਾ ਵੀਜ਼ਾ ਫੀਸ ਤੋਂ ਇਲਾਵਾ ਲਈ ਜਾਵੇਗੀ। ਇਸਦਾ ਮਤਲਬ ਹੈ ਕਿ ਜੇਕਰ ਪਹਿਲਾਂ ਵੀਜ਼ਾ ਫੀਸ 185 ਡਾਲਰ ਸੀ, ਤਾਂ ਹੁਣ ਕੁੱਲ ਫੀਸ 435 ਡਾਲਰ ਤੱਕ ਪਹੁੰਚ ਜਾਵੇਗੀ। ਇਸ ਵਾਧੂ ਫੀਸ ਦਾ ਉਦੇਸ਼ ਵੀਜ਼ਾ ਨਿਯਮਾਂ ਦੀ ਉਲੰਘਣਾ ਨੂੰ ਰੋਕਣਾ ਅਤੇ ਅਮਰੀਕਾ ਆਉਣ ਵਾਲੇ ਪ੍ਰਵਾਸੀਆਂ ਦੀ ਪਛਾਣ ਨੂੰ ਯਕੀਨੀ ਬਣਾਉਣਾ ਹੈ।

■ ਬਾਕੀ ਖਬਰ ਸਫਾ 16 'ਤੇ

## ਅਮਰੀਕਾ ਵੀਜ਼ਾ ਨਿਯਮਾਂ 'ਚ ਸਖ਼ਤੀ ਕਾਰਨ ਭਾਰਤੀ ਵਿਦਿਆਰਥੀਆਂ ਦੀ ਗਿਣਤੀ 70 ਫੀਸਦੀ ਘਟੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਖ਼ਤ ਵੀਜ਼ਾ ਨਿਯਮਾਂ ਦਾ ਅਸਰ ਭਾਰਤੀ ਵਿਦਿਆਰਥੀਆਂ 'ਤੇ ਦਿਖਾਈ ਦੇ ਰਿਹਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਭਾਰਤੀ ਵਿਦਿਆਰਥੀਆਂ ਦਾ ਅਮਰੀਕੀ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕਰਨ ਤੋਂ ਮੋਹ ਭੰਗ ਹੋ ਰਿਹਾ ਹੈ। ਵੀਜ਼ਾ ਨਿਯਮਾਂ ਵਿਚ ਲਗਾਤਾਰ ਸਖ਼ਤੀ ਹੋਣ ਕਾਰਨ ਅਮਰੀਕਾ




ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ 70 ਪ੍ਰਤੀਸ਼ਤ ਦੀ ਕਮੀ ਆਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਗਿਰਾਵਟ ਵੀਜ਼ਾ ਅਪੁਆਇੰਟਮੈਂਟ ਸਲਾਟ 'ਤੇ ਪਾਬੰਦੀ ਅਤੇ ਵੀਜ਼ਾ ਪ੍ਰਵਾਨਗੀ ਵਿਚ ਦੇਰੀ ਕਾਰਨ ਆਈ ਹੈ। ਅਮਰੀਕਾ ਵਿਚ ਸਖ਼ਤ ਵੀਜ਼ਾ ਨਿਯਮਾਂ ਕਾਰਨ ਭਾਰਤੀ ਵਿਦਿਆਰਥੀ ਦੂਜੇ ਦੇਸ਼ਾਂ ਵੱਲ ਮੁੜ ਰਹੇ ਹਨ। ਇੱਕ ਵਿਦਿਆਰਥੀ ਨੇ ਕਿਹਾ ਕਿ ਉਹ ਹੁਣ ਆਟੋਮੋਟਿਵ ਇੰਜੀਨੀਅਰਿੰਗ ਵਿਚ ਪੋਸਟ ਗ੍ਰੈਜੂਏਟ ਦੀ ਪੜ੍ਹਾਈ ਕਰਨ ਲਈ ਜਰਮਨੀ ਜਾਵੇਗਾ।

■ ਬਾਕੀ ਖਬਰ ਸਫਾ 16 'ਤੇ



International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
17th Annual Women Festival
Free Entry
Only For Ladies
Tiyaan Teej Diyan
ਤੀਆਂ ਤੀਜ ਦੀਆਂ
August 9th, Saturday, 2025
(2.00pm to 6.00 pm)
ਐਲਕ ਗਰੋਵ ਪਾਰਕ ਵਿਚ
9 ਅਗਸਤ 2025
ਦਿਨ ਸ਼ਨੀਵਾਰ
(ਦੁਪਿਹਰ 2.00 ਤੋਂ ਸ਼ਾਮ 6.00 ਵਜੇ ਤੱਕ)
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Team Enter and Information
916-240-6969, 916-753-5933, 916-897-4414
Elk Grove Regional Park, 9950 Elk Grove Florin Rd, Elk Grove CA 95624
Designed By Punjab Mail USA
TV Coverage by PUNJAB MAIL USA TV Channel
Sponsor
FIVE STAR BANK

# ਵਲੇਹੋਂ ਦੀਆਂ ਤੀਆਂ ਸ਼ਾਨੋ-ਸ਼ੌਕਤ ਨਾਲ ਸੰਪੰਨ

1




ਬਾਕੀ ਫੋਟੋਆਂ ਅਗਲੇ ਸਫੇ 'ਤੇ ਦੇਖੋ।

# ਵਲੇਹੋਂ ਦੀਆਂ ਤੀਆਂ ਸ਼ਾਨੋ-ਸ਼ੌਕਤ ਨਾਲ ਸੰਪੰਨ

2



















**ਵਲੇਹੋਂ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਖ਼ੂਬਸੂਰਤ ਸ਼ਹਿਰ ਵਲੇਹੋਂ ਵਿਖੇ ਪਿਛਲੇ ਲੰਮੇ ਸਮੇਂ ਤੋਂ ਤੀਆਂ ਦਾ ਤਿਉਹਾਰ ਸ਼ਾਨੋ-ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ। ਇਸ ਵਾਰ ਵੀ ਇਨ੍ਹਾਂ ਤੀਆਂ ਦੀ ਪ੍ਰਬੰਧਕ ਸੁਨੀਤਾ ਵਰਮਾ ਅਤੇ ਉਨ੍ਹਾਂ ਦੀਆਂ ਸਾਥਣਾਂ ਵੱਲੋਂ ਇਹ ਤਿਉਹਾਰ ਬੜੀ ਕਾਮਯਾਬੀ ਨਾਲ ਕਰਵਾਇਆ ਗਿਆ। ਡੈਨ ਫੋਲੋ ਕਲਚਰਲ ਸੈਂਟਰ ਵਿਖੇ ਹੋਈਆਂ ਇਨ੍ਹਾਂ ਤੀਆਂ ਵਿਚ ਹਰ ਉਮਰ ਦੀਆਂ ਬੀਬੀਆਂ ਪੰਜਾਬੀ ਪਹਿਰਾਵੇ ਵਿਚ ਇਥੇ ਪਹੁੰਚੀਆਂ ਅਤੇ ਉਨ੍ਹਾਂ ਨੇ ਤੀਆਂ ਦਾ



ਭਰਪੂਰ ਆਨੰਦ ਮਾਣਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸੁਨੀਤਾ ਵਰਮਾ ਨੇ ਆਏ



ਹੋਏ ਮਹਿਮਾਨਾਂ, ਕਲਾਕਾਰਾਂ ਅਤੇ ਸਪਾਂਸਰਾਂ ਨੂੰ ਜੀ ਆਇਆਂ ਨੂੰ ਕਿਹਾ। ਇਸ ਉਪਰੰਤ ਸਟੇਜ ਸਕੱਤਰ ਆਸ਼ਾ ਸ਼ਰਮਾ ਨੇ ਸਟੇਜ ਸੰਭਾਲੀ ਅਤੇ ਵਾਰੋ-ਵਾਰੀ ਸਮੂਹ ਟੀਮਾਂ ਨੂੰ ਸਟੇਜ ਤੋਂ ਪੇਸ਼ ਕੀਤਾ ਤੇ ਨਾਲ ਦੀ ਨਾਲ ਚੁਟਕੁਲੇ ਅਤੇ ਸ਼ੇਅਰੋ-ਸ਼ਾਇਰੀ ਰਾਹੀਂ ਆਏ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਇਨ੍ਹਾਂ ਤੀਆਂ ਵਿਚ ਛੋਟੀ ਬੱਚੀਆਂ ਤੋਂ ਲੈ ਕੇ ਬਜ਼ੁਰਗ ਬੀਬੀਆਂ ਨੇ ਪੂਰਾ ਸਮਾਂ ਸਟੇਜ 'ਤੇ ਪੂਰੀ ਰੌਣਕ ਲਾਈ ਰੱਖੀ। ਉਨ੍ਹਾਂ ਵੱਲੋਂ ਗਿੱਧੇ, ਬੋਲੀਆਂ, ਸਕਿੱਟਾਂ, ਗੀਤ, ਡਾਂਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਆਈਟਮਾਂ ਪੇਸ਼ ਕੀਤੀਆਂ ਗਈਆਂ। ਇਸ ਤੋਂ ਇਲਾਵਾ ਡੀ.ਜੇ. 'ਤੇ ਵੀ ਔਰਤਾਂ ਨੇ ਨੱਚ-ਗਾ ਕੇ ਆਪਣੇ ਚਾਅ ਪੂਰੇ ਕੀਤੇ।

ਇਸ ਮੌਕੇ ਖਾਣ-ਪੀਣ ਤੋਂ ਇਲਾਵਾ ਕੱਪੜੇ, ਗਹਿਣੇ, ਪੰਜਾਬੀ ਜੁੱਤੀ, ਮਹਿੰਦੀ ਆਦਿ ਦੇ ਸਟਾਲ ਵੀ ਲਾਏ ਗਏ, ਜਿੱਥੋਂ ਬੀਬੀਆਂ ਨੇ ਖਰੀਦੋ-ਫਰੋਖਤ ਕੀਤੀ। ਪੂਰਾ ਹਾਲ ਖਚਾਖਚ ਭਰਿਆ ਹੋਇਆ ਸੀ। ਅਖੀਰ ਵਿਚ ਸੁਨੀਤਾ ਵਰਮਾ ਨੇ ਸਮੂਹ ਆਏ ਹੋਏ ਮਹਿਮਾਨਾਂ, ਕਲਾਕਾਰਾਂ, ਸਪਾਂਸਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਕੁੱਲ ਮਿਲਾ ਕੇ ਵਲੇਹੋਂ ਤੀਆਂ ਇਕ ਵਾਰ ਫਿਰ ਕਾਮਯਾਬੀ ਨਾਲ ਹੋ ਨਿਬੜੀਆਂ।

# ਐਲਕ ਗਰੋਵ ਪਾਰਕ ਦੀਆਂ ਤੀਆਂ 9 ਅਗਸਤ ਨੂੰ; ਤਿਆਰੀਆਂ ਜ਼ੋਰਾਂ 'ਤੇ

**ਸੈਕਰਾਮੈਂਟੋ, (ਪੰਜਾਬ ਮੇਲ)-** ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ ਇਸ ਵਾਰ ਤੀਆਂ ਦਾ ਮੇਲਾ 9 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਐਲਕ ਗਰੋਵ ਪਾਰਕ ਦੇ ਖੁੱਲ੍ਹੇ ਮੈਦਾਨ 'ਚ ਲੱਗਣ ਵਾਲੇ ਇਸ ਮੇਲੇ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਦਰੱਖਤਾਂ ਦੀ ਛਾਂ ਹੇਠ ਸਾਉਣ ਮਹੀਨੇ ਦੇ ਇਸ ਤਿਉਹਾਰ ਵਿਚ ਔਰਤਾਂ ਵੱਲੋਂ ਗਿੱਧੇ, ਸਿੱਠਣੀਆਂ, ਸੁਹਾਗ, ਗੀਤ-ਸੰਗੀਤ, ਬੋਲੀਆਂ, ਡੀ.ਜੇ. ਆਦਿ ਰਾਹੀਂ ਮਨੋਰੰਜਨ ਕੀਤਾ ਜਾਂਦਾ ਹੈ।

ਇਹ ਤੀਆਂ ਦਾ ਮੇਲਾ ਸਿਰਫ ਔਰਤਾਂ ਲਈ ਹੁੰਦਾ ਹੈ। ਮੇਲੇ ਦੀ ਸੁਰੱਖਿਆ ਦੇ ਖਾਸ ਪ੍ਰਬੰਧ ਕੀਤੇ ਜਾਂਦੇ ਹਨ। ਹੋਰ ਜਾਣਕਾਰੀ ਲਈ 916-240-6969, 916-753-5933 ਜਾਂ 916-897-4414 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਅਮਰੀਕਾ ਤੇ ਜਾਪਾਨ ਵਿਚਕਾਰ ਹੋਇਆ ਵੱਡਾ ਵਪਾਰ ਸਮਝੌਤਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਅਮਰੀਕਾ ਅਤੇ ਜਾਪਾਨ ਵਿਚਕਾਰ ਇੱਕ ਵੱਡਾ ਵਪਾਰ ਸਮਝੌਤਾ ਹੋਇਆ ਹੈ। ਇਸ ਸਮਝੌਤੇ ਤਹਿਤ ਅਮਰੀਕਾ ਜਾਪਾਨ ਤੋਂ ਆਉਣ ਵਾਲੀਆਂ ਵਸਤਾਂ 'ਤੇ 15 ਫੀਸਦੀ ਟੈਕਸ ਲਗਾਏਗਾ। ਨਾਲ ਹੀ ਜਾਪਾਨ ਅਮਰੀਕਾ ਵਿੱਚ 550 ਬਿਲੀਅਨ ਡਾਲਰ ਦਾ ਨਿਵੇਸ਼ ਕਰੇਗਾ। ਟਰੰਪ ਨੇ ਪਹਿਲਾਂ ਜਾਪਾਨ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ 1 ਅਗਸਤ ਤੱਕ ਕੋਈ ਸਮਝੌਤਾ ਨਹੀਂ ਹੋਇਆ ਤਾਂ ਉਹ ਜਾਪਾਨ ਤੋਂ ਆਉਣ ਵਾਲੀਆਂ ਵਸਤਾਂ 'ਤੇ 25 ਫੀਸਦੀ ਦਾ ਭਾਰੀ ਟੈਕਸ ਲਗਾਵੇਗਾ, ਪਰ ਹੁਣ ਇਸ ਨਵੇਂ ਸਮਝੌਤੇ ਤੋਂ ਬਾਅਦ ਇਹ ਟੈਕਸ ਘਟਾ ਕੇ 15 ਫੀਸਦੀ ਕਰ ਦਿੱਤਾ ਗਿਆ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਕਿਹਾ, "ਅਸੀਂ ਜਾਪਾਨ ਨਾਲ ਇੱਕ ਵੱਡਾ ਅਤੇ ਇਤਿਹਾਸਕ ਸਮਝੌਤਾ ਕੀਤਾ ਹੈ, ਜੋ ਕਿ ਹੁਣ ਤੱਕ ਦਾ ਸਭ ਤੋਂ ਵੱਡਾ ਹੋ ਸਕਦਾ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਇਸ ਨਿਵੇਸ਼ ਯੋਜਨਾ ਦੇ ਤਹਿਤ, ਜਾਪਾਨ ਅਮਰੀਕਾ ਵਿਚ ਨਿਵੇਸ਼ ਕਰੇਗਾ ਅਤੇ ਉਸ ਨਿਵੇਸ਼ ਤੋਂ ਹੋਣ ਵਾਲੇ ਮੁਨਾਫ਼ੇ ਦਾ 90 ਫੀਸਦੀ ਅਮਰੀਕਾ ਨੂੰ ਜਾਵੇਗਾ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 320 ਲੋੜਵੰਦਾਂ ਨੂੰ ਦਿਤੀ ਸਹਾਇਤਾ ਰਾਸ਼ੀ



ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਦਿੰਦੇ ਹੋਏ ਮਹੰਤ ਕਸ਼ਮੀਰ ਸਿੰਘ, ਡਾਕਟਰ ਹਰਪਿੰਦਰ ਸਿੰਘ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ।

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਆਪਣੀ ਕੁੱਲ ਆਮਦਨ ਵਿਚੋਂ 98% ਹਿੱਸਾ ਮਾਨਵਤਾ ਦੀ ਭਲਾਈ ਲਈ ਖਰਚ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਮਹੰਤ ਕਸ਼ਮੀਰ ਸਿੰਘ ਅਤੇ ਡਾਕਟਰ ਹਰਪਿੰਦਰ ਸਿੰਘ ਦੀ ਰਹਿਨੁਮਾਈ ਹੇਠ 320 ਲੋੜਵੰਦਾਂ ਨੂੰ ਦੋ ਲੱਖ ਚਾਲੀ ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਗਈ, ਤਾਂ ਜੋ ਇਹ ਲੋੜਵੰਦ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰ ਸਕਣ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਇਹ ਸਹਾਇਤਾ ਰਾਸ਼ੀ ਬੇਸਹਾਰਾ ਬੱਚਿਆਂ, ਬੇਸਹਾਰਾ ਔਰਤਾਂ, ਬੇਸਹਾਰਾ ਬਜ਼ੁਰਗਾਂ, ਇਕੱਲੀਆਂ ਰਹਿ ਰਹੀਆਂ ਬਜ਼ੁਰਗ ਵਿਧਵਾਵਾਂ ਨੂੰ ਦਿੱਤੀ ਗਈ ਅਤੇ ਤਕਰੀਬਨ ਇਹ ਸਾਰੇ ਕੰਮ ਕਰਨ ਤੋਂ ਵੀ ਅਸਮਰਥ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਸ ਤੋਂ ਇਲਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਵੱਡੀ ਗਿਣਤੀ 'ਚ ਸਕੂਲਾਂ ਵਿਚ ਬੱਚਿਆਂ ਨੂੰ ਸਾਫ਼ ਪਾਣੀ ਦੇਣ ਲਈ ਵੱਡੀ ਗਿਣਤੀ ਵਿਚ ਆਰ.ਓ. ਸਿਸਟਮ ਲਗਾਏ ਜਾ ਰਹੇ ਹਨ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ ਅੱਠ ਮੁਫ਼ਤ ਸਿਖਲਾਈ ਸੈਂਟਰ (ਸਿਲਾਈ, ਬਿਊਟੀ ਪਾਰਲਰ, ਕੰਪਿਊਟਰ) ਚੱਲ ਰਹੇ ਹਨ, ਜਿਨ੍ਹਾਂ ਤੋਂ ਮੁਫ਼ਤ ਸਿਖਲਾਈ ਲੈ ਕੇ ਹਜ਼ਾਰਾਂ ਦੀ ਗਿਣਤੀ 'ਚ ਲੋਕ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਸਮਰੱਥ ਹੋਏ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਪੂਰੀ ਦੁਨੀਆਂ 'ਚ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਹ ਸਾਰਾ ਖਰਚ ਡਾਕਟਰ ਓਬਰਾਏ ਵਲੋਂ ਆਪਣੀ ਨੇਕ ਕਮਾਈ ਵਿਚੋਂ ਕੀਤਾ ਜਾਂਦਾ ਹੈ। ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ, ਮਾਸਟਰ ਰਾਜਿੰਦਰ ਸਿੰਘ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਸੋਮ ਨਾਥ, ਅਸ਼ੋਕ ਕੁਮਾਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਗੁਰਜੀਤ ਸਿੰਘ ਜੀਤਾ, ਅੰਮ੍ਰਿਤ ਪਾਲ ਸਿੰਘ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਪਰਮਜੀਤ ਕੌਰ ਬਰਾੜ, ਸੋਹਣ ਲਾਲ ਗੁੰਬਰ ਮਲੋਟ ਇਕਾਈ, ਸਤਨਾਮ ਸਿੰਘ ਸਾਬਕਾ ਸਰਪੰਚ ਬਲਮਗੜ੍ਹ ਆਦਿ ਹਾਜ਼ਰ ਸਨ।


ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

IN LOVING MEMORY OF

Puneet & Veenu



With profound sorrow, we share that our beloved Puneet and Veenu left for their heavenly abode on July 11, 2025. Their warmth, zest for life, and unwavering positivity left an indelible mark on all who knew them.

Please join us as we honor their memory & say our final goodbyes.

**Saturday, July 26, 2025**
**9:00 A.M. - 12:00 P.M.**
North Sacramento Funeral Home, Inc.
725 El Camino Avenue, Sacramento, CA 95815

**Prof. Balwinder SIngh Sohi**
**Mrs Harbhajan Kaur Sohi**

**Sh. Jagjit Singh Brar**
**Mrs. Sarjeet Kaur Brar**

**For more information, please contact (425) 449 2860**

Puneet & Veenu
Forever in our hearts, never forgotten.

**Saturday, July 26, 2025**

*Order of Service*

**Last rites**
**9:00 AM TO 12:00 PM**
North Sacramento Funeral Home, Inc.
725 El Camino Avenue, Sacramento, CA 95815

**Followed by**
**FINAL PRAYERS AND SHABAD KIRTAN**
**FOR PEACE OF DEPARTED SOUL**

**Bhog of Sehaj Paath, Ardaas and Guru Ka Langar**

Gurdwara Sri Sachkhand sahib
1090 Main st, Roseville, CA-95678

**Prof. Balwinder SIngh Sohi**
**Mrs Harbhajan Kaur Sohi**
**Gagan Jeji (Brother-in-law)**
**Navneet Jeji (Sister)**

**Sh. Jagjit Singh Brar**
**Mrs. Sarjeet Kaur Brar**
**Amandeep Kaur Brar (Sister)**

**For more information, please contact**
**Navneet & Gagan Jeji (425) 449 2860**
**Amandeep Kaur Brar (827) 753 8922**

# ਭਾਰਤੀ-ਅਮਰੀਕੀ ਡਾਕਟਰ ’ਤੇ ਨਸ਼ੀਲੇ ਪਦਾਰਥਾਂ ਬਦਲੇ ਮਹਿਲਾ ਮਰੀਜ਼ਾਂ ਦਾ ਸਰੀਰਕ ਸ਼ੋਸ਼ਣ ਕਰਨ ਦਾ ਦੋਸ਼

**ਨਿਊਜਰਸੀ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ ਦੇ ਸੂਬੇ ਨਿਊਜਰਸੀ ਵਿਚ ਪ੍ਰੈਕਟਿਸ ਕਰ ਰਹੇ ਇਕ 51 ਸਾਲਾ ਭਾਰਤੀ ਡਾਕਟਰ ਰਿਤੇਸ਼ ਕਾਲੜਾ ’ਤੇ ਨਸ਼ੀਲੇ ਪਦਾਰਥ ਲਿਖਣ ਦੇ ਬਦਲੇ ਮਹਿਲਾ ਮਰੀਜ਼ਾਂ ਦਾ ਜਿਨਸੀ ਸ਼ੋਸ਼ਣ ਕਰਨ ਅਤੇ ਡਾਕਟਰੀ ਧੋਖਾਧੜੀ ਕਰਨ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਉਹ ਇਸ ਸਮੇਂ ਘਰ ਵਿਚ ਨਜ਼ਰਬੰਦ ਹੈ ਅਤੇ ਕੇਸ ਦੀ ਸੁਣਵਾਈ ਹੋਣ ਤੱਕ ਉਸ ’ਤੇ ਪ੍ਰੈਕਟਿਸ ਕਰਨ ਅਤੇ ਦਵਾਈਆਂ ਲਿਖਣ ’ਤੇ ਅਦਾਲਤ ਵੱਲੋਂ ਪਾਬੰਦੀ ਲਗਾਈ ਗਈ ਹੈ। ਨਿਊਜਰਸੀ ਦੇ ਸੇਕਾਕਸ ਦੇ ਨਿਵਾਸੀ ਰਿਤੇਸ਼ ਕਾਲੜਾ ਨੂੰ ਇੱਕ ਅਦਾਲਤ ਨੇ ਘਰ ਵਿਚ ਨਜ਼ਰਬੰਦ ਕਰ ਦਿੱਤਾ। ਉਸ ’ਤੇ ਦਵਾਈ ਦਾ ਅਭਿਆਸ ਕਰਨ ਅਤੇ ਦਵਾਈਆਂ ਲਿਖਣ ’ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਨਿਊਜਰਸੀ ਵਿਚ ਪ੍ਰੈਕਟਿਸ ਕਰ ਰਹੇ ਇਸ ਭਾਰਤੀ ਡਾਕਟਰ ਰਿਤੇਸ਼ ਕਾਲੜਾ ’ਤੇ ਨਸ਼ੀਲੇ ਪਦਾਰਥ ਲਿਖਣ ਦੇ ਬਦਲੇ ਮਹਿਲਾ ਮਰੀਜ਼ਾਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਗਿਆ ਹੈ। 51 ਸਾਲਾ ਡਾਕਟਰ ਰਿਤੇਸ਼ ਕਾਲੜਾ ਦੇ ਕਈ ਸਾਬਕਾ ਕਰਮਚਾਰੀਆਂ ਨੇ ਕਿਹਾ ਹੈ ਕਿ ਮਹਿਲਾ ਮਰੀਜ਼ਾਂ ਨੇ ਦੋਸ਼ ਲਗਾਇਆ ਹੈ ਕਿ ਡਾਕਟਰ ਨੇ ਉਨ੍ਹਾਂ ਨੂੰ ਅਸ਼ਲੀਲ ਢੰਗ ਨਾਲ ਛੂਹਿਆ ਅਤੇ ਜੇਕਰ ਉਨ੍ਹਾਂ ਨੂੰ ਦਵਾਈ ਚਾਹੀਦੀ ਹੈ, ਤਾਂ ਸਰੀਰਕ ਸੰਬੰਧ ਬਣਾਉਣ ਦੀ ਮੰਗ ਕੀਤੀ। ਇੱਕ ਮਰੀਜ਼ ਨੇ ਕਿਹਾ ਕਿ ਡਾਕਟਰ ਰਿਤੇਸ਼ ਨੇ ਕਈ ਵਾਰ ਉਸਦਾ ਸਰੀਰਕ ਸ਼ੋਸ਼ਣ ਕੀਤਾ ਸੀ। ਡਾਕਟਰ ’ਤੇ ਇੱਕ ਅਪੌਇੰਟਮੈਂਟ ਦੌਰਾਨ ਕਲੀਨਿਕ ਵਿਚ ਇੱਕ ਮਰੀਜ਼ ਨਾਲ ਜ਼ਬਰਦਸਤੀ ਜਿਨਸੀ ਸੰਬੰਧ ਬਣਾਉਣ ਦਾ ਵੀ ਦੋਸ਼ ਲੱਗਾ ਹੈ। ਭਾਰਤੀ ਮੂਲ ਦਾ ਰਿਤੇਸ਼ ਕਾਲੜਾ ਐਸੈਕਸ ਕਾਉਂਟੀ (ਨਿਊਜਰਸੀ) ਦੇ ਸੁਧਾਰ ਕੇਂਦਰ ਵਿਚ ਕੈਦ ਵਿਅਕਤੀ ਦੇ ਨਾਂ ’ਤੇ ਕਿਸੇ ਹੋਰ ਮਰੀਜ਼ ਨੂੰ ਦਵਾਈ ਦਿੱਤੀ ਸੀ। ਮਰੀਜ਼ ਕਦੇ ਵੀ ਡਾਕਟਰ ਨੂੰ ਨਹੀਂ ਮਿਲਿਆ। ਯੂ.ਐੱਸ. ਅਟਾਰਨੀ ਦਫ਼ਤਰ ਦੇ ਅਨੁਸਾਰ, ਡਾ. ਰਿਤੇਸ਼ ਨੇ ਆਕਸੀਕੋਡੋਨ ਵਰਗੇ ਸ਼ਕਤੀਸ਼ਾਲੀ ਓਪੀਔਡਜ਼ ਦਿੱਤੇ ਸਨ, ਭਾਵੇਂ ਕਿ ਉਨ੍ਹਾਂ ਦੀ ਕੋਈ ਡਾਕਟਰੀ ਲੋੜ ਨਹੀਂ ਸੀ। ਉਸ ’ਤੇ ਪੰਜ ਦੋਸ਼ ਲਗਾਏ ਗਏ ਹਨ, ਤਿੰਨ ਗੈਰ-ਕਾਨੂੰਨੀ ਡਰੱਗ ਪ੍ਰਸ਼ਾਸਨ ਦੇ ਅਤੇ ਤਿੰਨ ਡਾਕਟਰੀ ਪੇਸ਼ੇ ਦੇ ਨਾਲ ਧੋਖਾਧੜੀ ਦੇ ਦੋਸ਼ ਹਨ। ਇਸਤਗਾਸਾ ਪੱਖ ਦਾ ਦਾਅਵਾ ਹੈ ਕਿ ਡਾ. ਰਿਤੇਸ਼ ਕਾਲੜਾ ਨੇ ਆਪਣੇ ਮੈਡੀਕਲ ਲਾਇਸੈਂਸ ਦੀ ਵਰਤੋਂ ਉਨ੍ਹਾਂ ਮਰੀਜ਼ਾਂ ਨੂੰ ਆਪਣਾ ਸ਼ਿਕਾਰ ਬਣਾਉਣ ਲਈ ਕੀਤੀ ਜੋ ਇਲਾਜ ਲਈ ਨਹੀਂ, ਸਗੋਂ ਨਸ਼ਿਆਂ ਦੇ ਆਦੀ ਸਨ। ਜਨਵਰੀ 2019 ਅਤੇ ਫਰਵਰੀ 2015 ਦੇ ਵਿਚਕਾਰ, ਡਾ. ਰਿਤੇਸ਼ ਉੱਤੇ ਆਕਸੀਕੋਡੋਨ ਦੀਆਂ 31,000 ਤੋਂ ਵੱਧ ਖੁਰਾਕਾਂ ਲਿਖਣ ਦਾ ਦੋਸ਼ ਹੈ। ਡਾ. ਰਿਤੇਸ਼ ਕਾਲੜਾ ’ਤੇ ਨਿੱਜੀ ਮੁਲਾਕਾਤਾਂ ਅਤੇ ਕਾਉਂਸਲਿੰਗ ਸੈਸ਼ਨਾਂ ਲਈ ਝੂਠੇ ਬਿੱਲ ਬਣਾਉਣ ਦਾ ਵੀ ਦੋਸ਼ ਲੱਗਾ ਹੈ। ਉਹ ਨੇਵਾਰਕ ਸੰਘੀ ਅਦਾਲਤ ਵਿਚ ਪੇਸ਼ ਹੋਇਆ। ਅਦਾਲਤ ਨੇ ਉਸਨੂੰ ਘਰ ਵਿਚ ਨਜ਼ਰਬੰਦ ਰੱਖਣ ਅਤੇ 100,000 ਲੱਖ ਡਾਲਰ ਦੇ ਅਸੁਰੱਖਿਅਤ ਬਾਂਡ ’ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਜੇਕਰ ਡਾਕਟਰ ਰਿਤੇਸ਼ ਕਾਲੜਾ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਉਸਨੂੰ ਨਿਯੰਤਰਿਤ ਦਵਾਈਆਂ ਲਿਖਣ ਦੇ ਹਰੇਕ ਦੋਸ਼ ਲਈ 20 ਸਾਲ ਤੱਕ ਦੀ ਕੈਦ ਅਤੇ ਇਕ ਮਿਲੀਅਨ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਉਸ ਨੂੰ ਡਾਕਟਰੀ ਧੋਖਾਧੜੀ ਦੇ ਹਰੇਕ ਦੋਸ਼ ਲਈ 10 ਸਾਲ ਤੱਕ ਦੀ ਕੈਦ ਅਤੇ 250,000 ਡਾਲਰ ਤੱਕ ਜੁਰਮਾਨਾ ਵੀ ਹੋ ਸਕਦਾ ਹੈ।

## ਬ੍ਰਿਟੇਨ ’ਚ ਐਂਟਰੀ ਵੀਜ਼ਾ ਪ੍ਰਾਪਤ ਕਰਨ ਲਈ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰ ਰਹੇ ਪ੍ਰਵਾਸੀ!

**ਲੰਡਨ, (ਪੰਜਾਬ ਮੇਲ)-** ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਪ੍ਰਵਾਸੀ ਬ੍ਰਿਟੇਨ ’ਚ ਐਂਟਰੀ ਵੀਜ਼ਾ ਪ੍ਰਾਪਤ ਕਰਨ ਲਈ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰ ਰਹੇ ਹਨ ਅਤੇ ਇਸ ਤੋਂ ਬਾਅਦ ਉਹ ਸ਼ਾਇਦ ਦੇਸ਼ ਵਿਚ ਸ਼ਰਣ ਲਈ ਅਰਜ਼ੀ ਦੇਣਗੇ। ਇਹ ਦਾਅਵਾ ਬ੍ਰਿਟਿਸ਼ ਮੀਡੀਆ ਦੀ ਇੱਕ ਜਾਂਚ ਵਿਚ ਕੀਤਾ ਗਿਆ ਹੈ। ‘ਦਿ ਡੇਲੀ ਟੈਲੀਗ੍ਰਾਫ’ ਅਖਬਾਰ ਦੁਆਰਾ ਕੀਤੀ ਗਈ ਇੱਕ ਗੁਪਤ ਜਾਂਚ ਵਿਚ ਖੁਲਾਸਾ ਹੋਇਆ ਹੈ ਕਿ ਪ੍ਰਵਾਸੀ ਗਲਤ ਜਾਣਕਾਰੀ ਨਾਲ ਭਰੀਆਂ ਵੀਜ਼ਾ ਅਰਜ਼ੀਆਂ ਨਾਲ ਬ੍ਰਿਟੇਨ ਵਿਚ ਦਾਖਲਾ ਪ੍ਰਾਪਤ ਕਰਨ ਲਈ 50 ਹਜ਼ਾਰ ਪੌਂਡ ਤੱਕ ਦਾ ਭੁਗਤਾਨ ਕਰ ਰਹੇ ਹਨ। ਉਨ੍ਹਾਂ ਨੇ ਮੀਰਪੁਰ ਸਥਿਤ ਇੱਕ ਸਲਾਹਕਾਰ ਦੀ ਪਛਾਣ ਕੀਤੀ ਹੈ, ਜੋ ਇਸ ਪ੍ਰਕਿਰਿਆ ਨੂੰ ਸੁਵਿਧਾਜਨਕ ਬਣਾਉਂਦਾ ਹੈ।

ਅਖਬਾਰ ਦੁਆਰਾ ਪ੍ਰਾਪਤ ਕੀਤੀ ਗਈ ਅਤੇ ਯੂ.ਕੇ. ਦੇ ਗ੍ਰਹਿ ਮੰਤਰਾਲੇ ਨੂੰ ਭੇਜੀ ਗਈ ਅਜਿਹੀ ਇੱਕ ਅਰਜ਼ੀ ਵਿਚ ਪੀ.ਓ.ਕੇ. ਦੇ ਇੱਕ “ਜਾਅਲੀ ਹਸਪਤਾਲ” ਤੋਂ ਨੌਕਰੀ ਦਾ ਹਵਾਲਾ ਸ਼ਾਮਲ ਸੀ। ਪਾਕਿਸਤਾਨੀ ਨਾਗਰਿਕ ਬ੍ਰਿਟੇਨ ਵਿਚ ਸ਼ਰਣ ਮੰਗਣ ਵਾਲੇ ਦੇਸ਼ਾਂ ਦੀ ਸੂਚੀ ਵਿਚ ਸਭ ਤੋਂ ਉੱਪਰ ਹਨ। ਇਸ ਤੋਂ ਬਾਅਦ ਅਫਗਾਨਿਸਤਾਨ, ਈਰਾਨ ਅਤੇ ਬੰਗਲਾਦੇਸ਼ ਦਾ ਨੰਬਰ ਆਉਂਦਾ ਹੈ।

## ਮੈਕਸੀਕਨ ਰਾਸ਼ਟਰਪਤੀ ਵੱਲੋਂ ਨਵੀਂ ਅਮਰੀਕੀ ਸਰਹੱਦੀ ਕੰਧ ਨਿਰਮਾਣ ਦਾ ਸਖ਼ਤ ਵਿਰੋਧ



**ਮੈਕਸੀਕੋ ਸਿਟੀ, (ਪੰਜਾਬ ਮੇਲ)-** ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਨਿਊ ਮੈਕਸੀਕੋ ਵਿਚ ਸਰਹੱਦੀ ਕੰਧ ਦੇ ਇੱਕ ਨਵੇਂ ਹਿੱਸੇ ਦੇ ਨਿਰਮਾਣ ਦਾ ਸਖ਼ਤ ਵਿਰੋਧ ਕੀਤਾ ਹੈ ਅਤੇ ਇਸਨੂੰ ਅਮਰੀਕੀ ਸਰਕਾਰ ਦੁਆਰਾ ਇੱਕਪਾਸੜ ਕਦਮ ਦੱਸਿਆ। ਰਾਸ਼ਟਰਪਤੀ ਸ਼ੀਨਬੌਮ ਨੇ ਆਪਣੀ ਰੋਜ਼ਾਨਾ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਮੈਕਸੀਕੋ ਕਿਸੇ ਵੀ ਤਰ੍ਹਾਂ ਇਸ ਪ੍ਰੋਜੈਕਟ ਵਿਚ ਸ਼ਾਮਲ ਨਹੀਂ ਹੈ ਅਤੇ ਇਸ ਲਈ ਕੋਈ ਪੈਸਾ ਨਹੀਂ ਦੇ ਰਿਹਾ ਹੈ। ਉਸਨੇ ਕਿਹਾ, “ਉਹ ਇਸਨੂੰ ਆਪਣੇ ਆਪ ਬਣਾ ਰਹੇ ਹਨ। ਅਸੀਂ ਕੰਧ ਦਾ ਸਮਰਥਨ ਨਹੀਂ ਕਰਦੇ। ਅਸੀਂ ਕੰਧਾਂ ਨਾਲ ਨਹੀਂ, ਸਗੋਂ ਸਹਿਯੋਗ ਅਤੇ ਤਾਲਮੇਲ ਨਾਲ ਇੱਕ ਸੁਰੱਖਿਅਤ ਸਰਹੱਦ ਪ੍ਰਾਪਤ ਕੀਤੀ ਹੈ।”

ਸ਼ੀਨਬੌਮ ਨੇ ਇਸ ਉਸਾਰੀ ਨੂੰ ਪੂਰੀ ਤਰ੍ਹਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲਏ ਗਏ ਫੈਸਲੇ ਵਜੋਂ ਦੱਸਿਆ ਅਤੇ ਵਿਕਾਸ-ਆਧਾਰਿਤ ਸਹਿਯੋਗ ਅਤੇ ਅਮਰੀਕਾ ਵਿਚ ਰਹਿਣ ਵਾਲੇ ਮੈਕਸੀਕਨ ਲੋਕਾਂ ਲਈ ਸਤਿਕਾਰ ਦੀ ਤਰਜੀਹ ’ਤੇ ਜ਼ੋਰ ਦਿੱਤਾ। ਗੌਰਤਲਬ ਹੈ ਕਿ ਇਸ ਹਫ਼ਤੇ ਟਰੰਪ ਪ੍ਰਸ਼ਾਸਨ ਨੇ ਉੱਤਰੀ ਮੈਕਸੀਕੋ ਵਿਚ ਸਾਂਤਾ ਟੇਰੇਸਾ, ਨਿਊ ਮੈਕਸੀਕੋ ਅਤੇ ਸਿਉਦਾਦ ਜੁਆਰੇਜ਼ ਵਿਚਕਾਰ ਇੱਕ ਸੈਕੰਡਰੀ ਸਰਹੱਦੀ ਰੁਕਾਵਟ ਦੇ ਨਿਰਮਾਣ ਦਾ ਇੱਕ ਨਵਾਂ ਪੜਾਅ ਸ਼ੁਰੂ ਕੀਤਾ।



# ਫਰਿਜ਼ਨੋ ’ਚ ਭਾਰਤੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ



**ਫਰਿਜ਼ਨੋ, (ਪੰਜਾਬ ਮੇਲ)**- ਅਮਰੀਕਾ ਤੋਂ ਇਕ ਹੋਰ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ ਸੋਮਵਾਰ, 21 ਜੁਲਾਈ 2025 ਨੂੰ ਸ਼ਾਮ 6:52 ਵਜੇ, ਫਰਿਜ਼ਨੋ ਪੁਲਿਸ ਨੂੰ ਨਾਰਥਵੇਸਟ ਜ਼ਿਲ੍ਹੇ ਵਿਚ ਸਟੇਟ ਐਵਨਿਊ ਤੇ ਅਕੇਸ਼ੀਆ ਐਵਨਿਊ ਨੇੜੇ ਗੋਲੀ ਲੱਗਣ ਦੀ ਸੂਚਨਾ ਮਿਲੀ। ਮੌਕੇ ’ਤੇ ਪੁੱਜੇ ਅਧਿਕਾਰੀਆਂ ਨੂੰ 33 ਸਾਲਾ ਭਾਰਤੀ ਮੂਲ ਦੇ ਕੁਵਰ ਕੁਮਾਰ ਨੂੰ ਬੇਹੋਸ਼ ਹਾਲਤ ਵਿਚ ਲੱਭਿਆ। ਜ਼ਿੰਦਗੀ ਬਚਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੁਵਰ ਨੂੰ ਮੌਕੇ ’ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਦੇ ਕਰਾਇਮ ਵਿਭਾਗ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ੱਕ ਹੈ ਕਿ ਕੁਵਰ ਨੂੰ ਉਸ ਵੇਲੇ ਗੋਲੀ ਮਾਰੀ ਗਈ, ਜਦੋਂ ਉਹ ਘਰ ਆ ਰਿਹਾ ਸੀ। ਪੁਲਿਸ ਇਲਾਕੇ ਵਿਚ ਪੁੱਛਗਿੱਛ ਕਰ ਰਹੀ ਹੈ ਅਤੇ ਕਿਸੇ ਵੀ ਗਵਾਹ ਜਾਂ ਜਾਣਕਾਰੀ ਰੱਖਣ ਵਾਲੇ ਵਿਅਕਤੀ ਨੂੰ ਅਪੀਲ ਕਰ ਰਹੀ ਹੈ ਕਿ ਉਹ ਅੱਗੇ ਆ ਕੇ ਜਾਣਕਾਰੀ ਸਾਂਝੀ ਕਰੇ। ਕਿਸੇ ਵੀ ਜਾਣਕਾਰੀ ਵਾਲੇ ਵਿਅਕਤੀ ਨੂੰ ਫਰਿਜ਼ਨੋ ਪੁਲਿਸ ਜਾਂ ਕ੍ਰਾਈਮ ਸਟਾਪਰਸ (559) 498-**STOP** (7867) ’ਤੇ ਗੁਪਤ ਤੌਰ ’ਤੇ ਸੰਪਰਕ ਕਰਨ ਦੀ ਅਪੀਲ ਕੀਤੀ ਗਈ ਹੈ।

ਕ੍ਰਾਈਮ ਵਿਭਾਗ ਨਾਲ ਡਿਟੈਕਟਿਵ ਜੇ. ਬਾਰੋਨੀ - (559) 621-2516 ਜਾਂ ਡਿਟੈਕਟਿਵ ਐੱਮ. ਯੀ - (559) 621-2407 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੀ.ਬੀ.ਆਈ. ਨੇ 5 ਸਾਲਾਂ ’ਚ ਵਿਦੇਸ਼ਾਂ ਤੋਂ 134 ਭਗੌੜਿਆਂ ਨੂੰ ਵਾਪਸ ਲਿਆਉਣ ’ਚ ਕੀਤੀ ਮਦਦ : ਅਧਿਕਾਰੀ

**ਨਵੀਂ ਦਿੱਲੀ, (ਪੰਜਾਬ ਮੇਲ)**- ਅਧਿਕਾਰੀਆਂ ਨੇ ਦੱਸਿਆ ਕਿ ਸੀ.ਬੀ.ਆਈ. ਨੇ ਪਿਛਲੇ ਪੰਜ ਸਾਲਾਂ ਵਿਚ ਵਿਦੇਸ਼ਾਂ ਤੋਂ 134 ਭਗੌੜਿਆਂ ਨੂੰ ਵਾਪਸ ਲਿਆਉਣ ’ਚ ਸਫਲਤਾ ਪ੍ਰਾਪਤ ਕੀਤੀ ਹੈ, ਜੋ 2010 ਤੋਂ 2019 ਦੇ ਪੂਰੇ ਦਹਾਕੇ ਦੌਰਾਨ ਵਾਪਸ ਲਿਆਂਦੇ ਗਏ ਵਿਅਕਤੀਆਂ ਦੀ ਗਿਣਤੀ ਤੋਂ ਲਗਪਗ ਦੁੱਗਣੀ ਹੈ। ਇੰਟਰਪੋਲ ਦੇ ਨਾਲ-ਨਾਲ ਰਾਜ ਅਤੇ ਕੇਂਦਰੀ ਲਾਗੂਕਰਨ ਏਜੰਸੀਆਂ ਨਾਲ ਨਜ਼ਦੀਕੀ ਤਾਲਮੇਲ ਕਰਦੇ ਹੋਏ, ਸੀ.ਬੀ.ਆਈ. 2020 ਤੋਂ ਇਨ੍ਹਾਂ 134 ਭਗੌੜਿਆਂ ਦੀ ਹਵਾਲਗੀ ਜਾਂ ਦੇਸ਼ ਨਿਕਾਲਾ ਸੁਰੱਖਿਅਤ ਕਰਨ ਵਿਚ ਕਾਮਯਾਬ ਰਹੀ ਹੈ। ਇਨ੍ਹਾਂ ਵਿਚੋਂ ਇਸ ਸਾਲ ਦੌਰਾਨ 23 ਭਗੌੜਿਆਂ ਨੂੰ ਵਾਪਸ ਲਿਆਂਦਾ ਗਿਆ ਹੈ।

ਪਿਛਲੇ ਅੰਕੜਿਆਂ ਅਨੁਸਾਰ 2010 ਤੋਂ 2019 ਦੇ ਦਹਾਕੇ ਦੌਰਾਨ ਸਿਰਫ 74 ਭਗੌੜਿਆਂ ਨੂੰ ਵਾਪਸ ਲਿਆਂਦਾ ਗਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਸਫਲਤਾ ਦਰ ਵਿਚ ਵਾਧੇ ਦਾ ਕਾਰਨ ਸਰਕਾਰ ਵੱਲੋਂ ਵਧਾਈਆਂ ਗਈਆਂ ਕੂਟਨੀਤਕ ਗਤੀਵਿਧੀਆਂ, ਵੀ.ਵੀ.ਆਈ.ਪੀ. ਦੌਰਿਆਂ ਰਾਹੀਂ ਭਾਰਤ ਦੀ ਪਹੁੰਚ, ਦੁਵੱਲੇ ਸਬੰਧਾਂ, ਤਕਨੀਕੀ ਤਰੱਕੀ ਅਤੇ ਇੰਟਰਪੋਲ ਨਾਲ ਬਿਹਤਰ ਤਾਲਮੇਲ ਨੂੰ ਮੰਨਿਆ ਜਾ ਸਕਦਾ ਹੈ। ਹਵਾਲਗੀ ਦੀ ਪ੍ਰਕਿਰਿਆ ਦੇ ਤਿੰਨ ਪੜਾਅ ਹਨ - ਇੰਟਰਪੋਲ ਵੱਲੋਂ ਇੱਕ ਰੈੱਡ ਨੋਟਿਸ ਜਾਰੀ ਕਰਨਾ, ਭਗੌੜੇ ਦਾ ਭੂ-ਸਥਾਨ, ਅਤੇ ਤੀਜਾ, ਕਾਨੂੰਨੀ ਅਤੇ ਕੂਟਨੀਤਕ ਕਾਰਵਾਈਆਂ ਤੋਂ ਬਾਅਦ ਹਵਾਲਗੀ, ਇਹ ਸਾਰੀਆਂ ਸਮਾਂ ਲੈਣ ਵਾਲੀਆਂ ਪ੍ਰਕਿਰਿਆਵਾਂ ਹਨ। ਇੰਟਰਪੋਲ ਨੇ ਰੈੱਡ ਨੋਟਿਸ ਜਾਰੀ ਕਰਨ ਲਈ ਲੱਗਦੇ ਸਮੇਂ ਨੂੰ ਘਟਾਉਣ ਲਈ ਸੀ.ਬੀ.ਆਈ. ਨੇ ਜਨਵਰੀ ਵਿਚ ਆਪਣਾ ਡਿਜੀਟਲ ਪੋਰਟਲ ਭਾਰਤਪੋਲ ਲਾਂਚ ਕੀਤਾ ਹੈ। ਇਹ ਪੋਰਟਲ ਦੇਸ਼ ’ਚ ਲੋੜੀਂਦੇ ਭਗੌੜੇ ਬਾਰੇ ਸਾਰੇ 195 ਦੇਸ਼ਾਂ ਨੂੰ ਸੂਚੇਤ ਕਰਦਾ ਹੈ। ਏਜੰਸੀ ਵੱਲੋਂ ਅੰਦਰੂਨੀ ਤੌਰ ’ਤੇ ਵਿਕਸਿਤ ਕੀਤਾ ਗਿਆ ਇਹ ਪਲੇਟਫਾਰਮ, ਸੀ.ਬੀ.ਆਈ. ਰਾਹੀਂ ਭਾਰਤੀ ਪੁਲਿਸ ਏਜੰਸੀਆਂ ਨੂੰ ਇੰਟਰਪੋਲ ਨਾਲ ਜੋੜਦਾ ਹੈ।

# ਅਮਰੀਕਾ ਜਲਦੀ ਹੀ ਵੱਡੇ ਵਪਾਰਕ ਸੌਦਿਆਂ ਦਾ ਕਰੇਗਾ ਐਲਾਨ : ਟਰੰਪ

**ਨਿਊਯਾਰਕ, (ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਵੱਲੋਂ ਜਲਦੀ ਹੀ ਕੁਝ ਵੱਡੇ ਵਪਾਰਕ ਸੌਦਿਆਂ ਦਾ ਐਲਾਨ ਕੀਤਾ ਜਾਵੇਗਾ। ਟਰੰਪ ਨੇ ਵ੍ਹਾਈਟ ਹਾਊਸ ਵਿਖੇ ਸਟੇਬਲਕੋਇਨ ਐਕਟ ਦੇ ਦਸਤਖ਼ਤ ਸਮਾਰੋਹ ਵਿਚ ਕਿਹਾ, “ਉਹ ਅੱਜ ਇਹ ਕਰ ਸਕਦੇ ਹਨ ... ਸ਼ਾਇਦ ਬਾਅਦ ਵਿਚ ਅਸੀਂ ਇਹ ਕਰਾਂਗੇ।” ਅਮਰੀਕੀ ਰਾਸ਼ਟਰਪਤੀ ਨੇ ਕਿਹਾ, “ਜਦੋਂ ਮੈਂ ਇਹ ਦਸਤਾਵੇਜ਼ ਭੇਜਾਂਗਾ ਕਿ ਤੁਸੀਂ 35 ਪ੍ਰਤੀਸ਼ਤ ਜਾਂ 40 ਪ੍ਰਤੀਸ਼ਤ ਟੈਰਿਫ ਦੇ ਰਹੇ ਹੋ, ਤਾਂ ਇਹ ਇੱਕ ਸਮਝੌਤਾ ਹੋਵੇਗਾ। ਫਿਰ ਉਹ ਫ਼ੋਨ ਕਰਨਗੇ ਅਤੇ ਦੇਖਣਗੇ ਕਿ ਕੀ ਉਹ ਕੁਝ ਵੱਖਰੀ ਕਿਸਮ ਦਾ ਸਮਝੌਤਾ ਕਰ ਸਕਦੇ ਹਨ।” ਟਰੰਪ ਨੇ ਹਾਲ ਹੀ ਵਿਚ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖਤ ਕੀਤੇ ਹਨ, ਜਿਸ ਦੇ ਤਹਿਤ ਵਿਆਪਕ ਅਮਰੀਕੀ ਪਰਸਪਰ ਆਯਾਤ ਡਿਊਟੀਆਂ ਦੀ 90 ਦਿਨਾਂ ਦੀ ਮੁਅੱਤਲੀ ਨੂੰ 9 ਜੁਲਾਈ ਤੋਂ 1 ਅਗਸਤ ਤੱਕ ਵਧਾ ਦਿੱਤਾ ਗਿਆ ਹੈ ਅਤੇ ਕਈ ਪ੍ਰਮੁੱਖ ਵਪਾਰਕ ਭਾਈਵਾਲਾਂ ਨਾਲ ਵਪਾਰ ਗੱਲਬਾਤ ਚੱਲ ਰਹੀ ਹੈ। 8 ਜੁਲਾਈ ਨੂੰ ਸੋਸ਼ਲ ਮੀਡੀਆ ’ਤੇ ਅਮਰੀਕੀ ਰਾਸ਼ਟਰਪਤੀ ਦੀ ਪੋਸਟ ਅਨੁਸਾਰ 1 ਅਗਸਤ ਦੀ ਸਮਾਂ ਸੀਮਾ ਵਿਚ ਕੋਈ ਬਦਲਾਅ ਨਹੀਂ ਹੈ।



# ਅਮਰੀਕਾ ’ਚ ਭਾਰਤੀ ਜੋੜੇ ’ਤੇ ਲੱਖਾਂ ਡਾਲਰਾਂ ਦੀ ਧੋਖਾਧੜੀ ਦਾ ਦੋਸ਼

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਅਮਰੀਕਾ ’ਚ ਇੱਕ ਭਾਰਤੀ ਜੋੜੇ ’ਤੇ ਲੱਖਾਂ ਡਾਲਰਾਂ ਦੀ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਅਤੇ ਉਹ ਇਸ ਸਮੇਂ ਆਈ.ਸੀ.ਈ. ਦੀ ਹਿਰਾਸਤ ਵਿੱਚ ਹਨ। ਜੋੜੇ ਦਾ ਨਾਂਅ ਸਿਧਾਰਥ ‘ਸੈਮੀ’ ਮੁਖਰਜੀ ਅਤੇ ਉਸ ਦੀ ਪਤਨੀ ਸੁਨੀਤਾ ਮੁਖਰਜੀ ਹੈ। ਜੋ ਟੈਕਸਾਸ ਰਾਜ ਦੇ ਪਲਾਨੋ ਵਿਚ ਰਹਿੰਦੇ ਹਨ ਅਤੇ ਸੰਗੀਤਕ ਪਾਰਟੀਆਂ ਦੀ ਮੇਜ਼ਬਾਨੀ ਕਰਕੇ ਅਤੇ ਆਪਣੀਆਂ ਆਵਾਜ਼ਾਂ ਵਿਚ ਬਾਲੀਵੁੱਡ ਗੀਤ ਗਾ ਕੇ ਬਹੁਤ ਮਸ਼ਹੂਰ ਹੋਏ ਸਨ।

ਪਰ ਸੰਘੀ ਜਾਂਚਕਰਤਾਵਾਂ ਨੇ ਦੋਸ਼ ਲਗਾਇਆ ਹੈ ਕਿ ਇਹ ਜੋੜਾ, ਜਿਸਨੇ ਸਟੇਜ ’ਤੇ ਆਪਣੀਆਂ ਆਵਾਜ਼ਾਂ ਨਾਲ ਲੋਕਾਂ ਨੂੰ ਮੋਹਿਤ ਕੀਤਾ, ਅਸਲ ਵਿਚ ਪਰਦੇ ਪਿੱਛੇ ਇੱਕ ਵੱਖਰੀ ਖੇਡ ਖੇਡ ਰਿਹਾ ਸੀ। ਐੱਫ.ਬੀ.ਆਈ. ਨੇ ਜੋੜੇ ਦੇ ਬੈਂਕ ਰਿਕਾਰਡਾਂ ਦੀ ਸਮੀਖਿਆ ਕੀਤੀ, ਜਿਸ ਤੋਂ ਪਤਾ ਲੱਗਾ ਕਿ ਉਨ੍ਹਾਂ ਨੇ 100 ਤੋਂ ਵੱਧ ਲੋਕਾਂ ਦੇ ਨਾਲ ਧੋਖਾ ਕੀਤਾ ਹੈ। ਸਿਧਾਰਥ ਮੁਖਰਜੀ ਅਤੇ ਸੁਨੀਤਾ ਨੂੰ ਜੂਨ ਮਹੀਨੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਟੈਰੈਂਟ ਕਾਉਂਟੀ ’ਤੇ ਪਹਿਲੀ ਡਿਗਰੀ ਦੀ ਸੰਗੀਨ ਚੋਰੀ ਦਾ ਦੋਸ਼ ਲਗਾਇਆ ਗਿਆ ਸੀ। ਜੇਕਰ ਉਹ ਦੋਸ਼ੀ ਠਹਿਰਾਏ ਜਾਂਦੇ ਹਨ, ਤਾਂ ਸੈਮੀ ਅਤੇ ਸੁਨੀਤਾ ਨੂੰ ਪੰਜ ਤੋਂ 99 ਸਾਲ ਦੀ ਕੈਦ ਹੋ ਸਕਦੀ ਹੈ।

ਸੈਮੀ ਮੁਖਰਜੀ ਨੂੰ ਆਈ.ਸੀ.ਈ. ਨੇ ਪਲਾਨੋ ਵਿਚ ਉਸਦੇ ਘਰ ਤੋਂ ਹਿਰਾਸਤ ਵਿਚ ਲੈ ਲਿਆ ਸੀ, ਜਦੋਂ ਦੋਵਾਂ ਨੇ 500,000 ਡਾਲਰ ਦਾ ਬਾਂਡ ਜਮ੍ਹਾ ਕਰਵਾਇਆ ਸੀ। ਉਸਨੂੰ ਇਸ ਸਮੇਂ ਫੋਰਟ ਵਰਥ ਦੇ ਦੱਖਣ ਵਿਚ ਇੱਕ ਆਈ.ਸੀ.ਈ. ਹਿਰਾਸਤ ਵਿਚ ਰੱਖਿਆ ਗਿਆ ਹੈ। ਜਾਂਚਕਰਤਾਵਾਂ ਨੇ ਕਿਹਾ ਕਿ ਇਹ ਜੋੜਾ ਭਾਰਤ ਤੋਂ ਅਮਰੀਕਾ ਵਿਚ ਸ਼ਰਨ ਲੈਣ ਲਈ ਆਇਆ ਸੀ। ਸੰਘੀ ਆਨਲਾਈਨ ਰਿਕਾਰਡ ਉਨ੍ਹਾਂ ਦੀ ਮੌਜੂਦਾ ਇਮੀਗ੍ਰੇਸ਼ਨ ਸਥਿਤੀ ਨਹੀਂ ਦਿਖਾਉਂਦੇ ਹਨ। ਗ੍ਰਿਫ਼ਤਾਰੀ ਹਲਫ਼ਨਾਮੇ ਵਿਚ ਕਥਿਤ ਪੀੜਤਾਂ ਨੇ ਇਹ ਦਸਤਾਵੇਜ਼ ਵੀ ਪੇਸ਼ ਕੀਤੇ, ਜੋ ਦਿਖਾਉਂਦੇ ਹਨ ਕਿ ਮੁੰਬਈ ਵਿਚ ਸੈਮੀ ਮੁਖਰਜੀ ਲਈ ਧੋਖਾਧੜੀ ਵਾਰੰਟ ਵੀ ਜਾਰੀ ਕੀਤਾ ਗਿਆ ਸੀ। ਸੀ.ਬੀ.ਐੱਸ ਨਿਊਜ਼ ਟੈਕਸ ਆਈ-ਟੀਮ ਨੇ ਦੋ ਸਾਲ ਪਹਿਲਾਂ ਜੋੜੇ ਦੀ ਜਾਂਚ ਸ਼ੁਰੂ ਕੀਤੀ ਸੀ, ਜਿਸ ਵਿਚ ਧੋਖਾਧੜੀ ਦੇ ਦਰਜਨਾਂ ਕਥਿਤ ਪੀੜਤਾਂ ਦਾ ਇੰਟਰਵਿਊ ਲਿਆ ਗਿਆ ਸੀ। ਕਥਿਤ ਪੀੜਤਾਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਉੱਚ ਰਿਟਰਨ ਦਾ ਵਾਅਦਾ ਕਰਕੇ ਕਾਨੂੰਨੀ ਰੀਅਲ ਅਸਟੇਟ ਸੌਦਿਆਂ ਵਿਚ ਨਿਵੇਸ਼ ਕਰਨ ਲਈ ਲੁਭਾਇਆ ਗਿਆ ਸੀ। ਹਾਲਾਂਕਿ ਜਦੋਂ ਲਾਭਅੰਸ਼ ਦੇ ਚੈੱਕ ਬਾਊਂਸ ਹੋਣੇ ਸ਼ੁਰੂ ਹੋ ਗਏ, ਤਾਂ ਉਨ੍ਹਾਂ ਨੂੰ ਸ਼ੱਕ ਹੋਇਆ। ਇੱਕ ਪੀੜਤ ਸੇਸ਼ੂ ਮਦਾਭੂਸ਼ੀ ਨੇ ਕਿਹਾ ਕਿ ਉਸਨੇ ਕਦੇ ਨਹੀਂ ਸੋਚਿਆ ਸੀ ਕਿ ਜੋੜਾ ਉਸ ਨਾਲ ਅਜਿਹਾ ਕਰੇਗਾ।




# ਅਮਰੀਕਾ 'ਚ ਮੌਜ ਮਸਤੀ ਲਈ ਨਾਬਾਲਗ ਕੁੜੀ ਨੂੰ ਮਿਲਣ ਗਿਆ ਭਾਰਤੀ ਵਿਅਕਤੀ ਗ੍ਰਿਫ਼ਤਾਰ



ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕਾ ਵਿਚ ਇੱਕ ਭਾਰਤੀ ਨੌਜਵਾਨ ਮੌਜ-ਮਸਤੀ ਕਰਨ ਦੇ ਇਰਾਦੇ ਦੇ ਨਾਲ ਇੱਕ 14 ਸਾਲ ਦੀ ਕੁੜੀ ਨੂੰ ਮਿਲਣ ਗਿਆ, ਪਰ ਉੱਥੇ ਪਹੁੰਚ ਕੇ ਉਹ ਹੈਰਾਨ ਰਹਿ ਗਿਆ ਕਿਉਂਕਿ ਕੁੜੀ ਉੱਥੇ ਨਹੀਂ ਸੀ, ਪਰ ਪੁਲਿਸ ਉਸਦੀ ਉਡੀਕ ਕਰ ਰਹੀ ਸੀ। ਜਿਵੇਂ ਹੀ ਉਹ ਉੱਥੇ ਪਹੁੰਚਿਆ, ਪੁਲਿਸ ਨੇ ਉਸ ਨੂੰ ਹੱਥਕੜੀ ਲਗਾ ਕੇ ਕਾਰ ਵਿਚ ਬਿਠਾ ਲਿਆ। ਅਮਰੀਕਾ ਵਿਚ ਰਹਿਣ ਵਾਲੇ ਇਸ ਭਾਰਤੀ ਨੂੰ ਜਾਰਜੀਆ ਰਾਜ ਦੇ ਚੈਰੋਕੀ ਕਾਉਂਟੀ ਸ਼ੈਰਿਫ਼ ਦਫ਼ਤਰ ਨੇ ਗ੍ਰਿਫ਼ਤਾਰ ਕੀਤਾ ਹੈ। ਬੀਤੀ 17 ਜੁਲਾਈ ਨੂੰ ਜਦੋਂ 34 ਸਾਲਾ ਵਿਅਕਤੀ ਆਪਣੀ 14 ਸਾਲਾ ਪ੍ਰੇਮਿਕਾ ਨੂੰ ਮਿਲਣ ਲਈ ਪਹੁੰਚਿਆ, ਤਾਂ ਉਸ ਨੂੰ ਹੱਥਕੜੀ ਲਗਾ ਕੇ ਇੱਕ ਕਾਰ ਵਿਚ ਬਿਠਾ ਦਿੱਤਾ ਗਿਆ। ਪੁਲਿਸ ਅਨੁਸਾਰ ਦੋਸ਼ੀ ਦਾ ਨਾਮ ਸੁਧਾਕਰ ਗੋਗੀਰੇਡੀ ਹੈ ਅਤੇ ਉਹ ਅਲਫਰੇਟਾ ਵਿਚ ਰਹਿੰਦਾ ਹੈ।

**■ ਦਿੱਤਾ ਜਾ ਸਕਦੈ ਦੇਸ਼ ਨਿਕਾਲਾ**

ਸੁਧਾਕਰ ਗੋਗੀਰੇਡੀ ਜਿਸ 14 ਸਾਲਾ ਲੜਕੀ ਨੂੰ ਸੋਸ਼ਲ ਮੀਡੀਆ 'ਤੇ ਮਿਲਿਆ ਸੀ, ਉਹ ਅਸਲ ਵਿਚ ਇੱਕ ਅੰਡਰਕਵਰ ਏਜੰਟ ਦੁਆਰਾ ਬਣਾਈ ਗਈ ਇੱਕ ਜਾਅਲੀ ਪ੍ਰੋਫਾਈਲ ਸੀ। ਸੁਧਾਕਰ ਨੇ ਉਸ ਨਾਲ ਗੰਦੀਆਂ ਗੱਲਾਂ ਕੀਤੀਆਂ ਅਤੇ ਉਸ ਨਾਲ ਸੈਕਸ ਕਰਨ ਦੇ ਇਰਾਦੇ ਨਾਲ ਉਸ ਨੂੰ ਮਿਲਣ ਲਈ ਵੀ ਸਹਿਮਤ ਹੋ ਗਿਆ, ਭਾਵੇਂ ਕਿ ਉਹ ਜਾਣਦਾ ਸੀ ਕਿ ਲੜਕੀ 14 ਸਾਲ ਦੀ ਹੈ। ਸੁਧਾਕਰ ਵਰਗੇ ਸ਼ਿਕਾਰੀਆਂ ਨੂੰ ਫੜਨ ਲਈ ਸਥਾਨਕ ਪੁਲਿਸ ਅਤੇ ਸੰਘੀ ਅਧਿਕਾਰੀਆਂ ਦੁਆਰਾ ਇੱਕ ਗੁਪਤ ਕਾਰਵਾਈ ਚਲਾਈ ਗਈ, ਜਿਸ ਵਿਚ ਅਜਿਹੇ ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਕੁੜੀਆਂ ਦੇ ਨਾਮ 'ਤੇ ਜਾਅਲੀ ਪ੍ਰੋਫਾਈਲ ਬਣਾ ਕੇ ਲੁਭਾਇਆ ਗਿਆ ਸੀ। ਅਤੇ ਜਿਸ ਵਿਚ ਸੁਧਾਕਰ ਸਮੇਤ ਕੁੱਲ 12 ਲੋਕਾਂ ਨੂੰ ਪੁਲਿਸ ਨੇ ਫੜਿਆ ਸੀ।

ਇਨ੍ਹਾਂ ਸਾਰੇ ਲੋਕਾਂ ਨੂੰ ਸੰਗੀਨ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਜੇਕਰ ਉਨ੍ਹਾਂ ਵਿਰੁੱਧ ਅਪਰਾਧ ਅਦਾਲਤ ਵਿਚ ਸਾਬਤ ਹੁੰਦਾ ਹੈ, ਤਾਂ ਉਨ੍ਹਾਂ ਨੂੰ ਪੰਜ ਤੋਂ 20 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਸੁਧਾਕਰ ਅਮਰੀਕਾ ਵਿਚ ਕਿਸ ਸਥਿਤੀ ਵਿਚ ਰਹਿ ਰਿਹਾ ਸੀ, ਇਸ ਬਾਰੇ ਕੋਈ ਖਾਸ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ, ਹਾਲਾਂਕਿ ਉਸ ਵਿਰੁੱਧ ਦੋਸ਼ਾਂ ਵਿਚ ਇਹ ਸ਼ਾਮਲ ਹੈ ਕਿ ਉਸ ਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ, ਭਾਵੇਂ ਉਸ ਕੋਲ ਗ੍ਰੀਨ ਕਾਰਡ ਹੋਵੇ। ਅਮਰੀਕਾ ਦੇ ਵੱਖ-ਵੱਖ ਰਾਜਾਂ ਦੀ ਪੁਲਿਸ ਇਸ ਚਾਲ ਦੀ ਵਰਤੋਂ ਉਨ੍ਹਾਂ ਲੋਕਾਂ ਨੂੰ ਫਸਾਉਣ ਲਈ ਕਰਦੀ ਹੈ, ਜੋ ਨਾਬਾਲਗ ਕੁੜੀਆਂ ਨੂੰ ਦੇਖ ਰਹੇ ਹਨ। ਕਿਸੇ ਵੀ ਵਿਅਕਤੀ ਵਿਰੁੱਧ ਠੋਸ ਸਬੂਤ ਬਣਾਉਣ ਲਈ ਲੜਕੀ ਦੇ ਨਾਮ 'ਤੇ ਇੱਕ ਜਾਅਲੀ ਪ੍ਰੋਫਾਈਲ ਬਣਾਈ ਜਾਂਦੀ ਹੈ ਅਤੇ ਉਸ ਵਿਚ ਲੜਕੀ ਦੀ ਉਮਰ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਜਾਂਦਾ ਹੈ। ਇੰਨਾ ਹੀ ਨਹੀਂ, ਇਸ ਚੈਟਿੰਗ ਵਿਚ ਅਸ਼ਲੀਲ ਭਾਸ਼ਾ ਅਤੇ ਨਸ਼ੀਲੇ ਪਦਾਰਥਾਂ ਦਾ ਵੀ ਜ਼ਿਕਰ ਕੀਤਾ ਜਾਂਦਾ ਹੈ ਅਤੇ ਕਈ ਵਾਰ ਫੋਟੋਆਂ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ 10 ਰਾਜਾਂ ਦੀਆਂ ਇਮੀਗ੍ਰੇਸ਼ਨ ਅਦਾਲਤਾਂ ਦੇ 17 ਜੱਜ ਬਰਖ਼ਾਸਤ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਪ੍ਰਵਾਸੀਆਂ ਨੂੰ ਵੱਡੇ ਪੱਧਰ 'ਤੇ ਕੱਢਣ ਦੀ ਪ੍ਰਕਿਰਿਆ ਤੇਜ਼ ਕੀਤੇ ਜਾਣ ਵਿਚਾਲੇ 10 ਰਾਜਾਂ ਦੀਆਂ ਇਮੀਗ੍ਰੇਸ਼ਨ ਅਦਾਲਤਾਂ ਦੇ 17 ਜੱਜਾਂ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਇਨ੍ਹਾਂ ਜੱਜਾਂ ਦੀ ਨੁਮਾਇੰਦਗੀ ਕਰਨ ਵਾਲੇ ਇਕ ਸੰਗਠਨ ਨੇ ਇਹ ਜਾਣਕਾਰੀ ਦਿੱਤੀ। ਇਮੀਗ੍ਰੇਸ਼ਨ ਅਦਾਲਤਾਂ ਦੇ ਜੱਜਾਂ ਤੇ ਹੋਰ ਪੇਸ਼ੇਵਰਾਂ ਦੀ ਨੁਮਾਇੰਦਗੀ ਕਰਨ ਵਾਲੇ ਸੰਗਠਨ 'ਦਿ ਇੰਟਰਨੈਸ਼ਨਲ ਫੈਡਰੇਸ਼ਨ ਆਫ ਪ੍ਰੋਫੈਸ਼ਨਲ ਐਂਡ ਟੈਕਨੀਕਲ ਇੰਜਨੀਅਰਜ਼' ਨੇ ਬਿਆਨ 'ਚ ਕਿਹਾ ਕਿ ਬੀਤੇ ਹਫਤੇ ਸ਼ੁੱਕਰਵਾਰ ਨੂੰ 15 ਤੇ ਬੀਤੇ ਦਿਨੀਂ ਦੋ ਜੱਜਾਂ ਨੂੰ 'ਬਿਨਾਂ ਕੋਈ ਕਾਰਨ ਦੱਸੇ' ਬਰਖਾਸਤ ਕਰ ਦਿੱਤਾ ਗਿਆ।

ਸੰਗਠਨ ਨੇ ਕਿਹਾ ਕਿ ਜਿਨ੍ਹਾਂ ਜੱਜਾਂ ਨੂੰ ਬਰਖਾਸਤ ਕੀਤਾ ਗਿਆ ਹੈ, ਉਹ ਕੈਲੀਫੋਰਨੀਆ, ਇਲੀਨੌਏ,

**■ ਜੱਜਾਂ ਦੀ ਨੁਮਾਇੰਦਗੀ ਕਰਨ ਵਾਲੇ ਸੰਗਠਨ ਵੱਲੋਂ ਕਾਰਵਾਈ ਦੀ ਆਲੋਚਨਾ**

ਲੂਸੀਆਨਾ, ਮੈਰੀਲੈਂਡ, ਮੈਸਾਚੂਸੈੱਟਸ, ਨਿਊਯਾਰਕ, ਓਹਾਈਓ, ਟੈਕਸਾਸ, ਯੂਟਾ ਤੇ ਵਰਜੀਨੀਆ ਦੀਆਂ ਇਮੀਗਰੇਸ਼ਨ ਅਦਾਲਤਾਂ 'ਚ ਤਾਇਨਾਤ ਸਨ। ਸੰਗਠਨ ਦੇ ਪ੍ਰਧਾਨ ਮੈਟ ਬਿੱਗਜ਼ ਨੇ ਕਿਹਾ, "ਇਹ ਬਹੁਤ ਹੀ ਨਿੰਦਣਯੋਗ ਤੇ ਲੋਕ ਹਿੱਤਾਂ ਦੇ ਵਿਰੁੱਧ ਹੈ।" ਇਕ ਪਾਸੇ ਸੰਸਦ ਨੇ 800 ਇਮੀਗਰੇਸ਼ਨ ਜੱਜਾਂ ਦੀ ਨਿਯੁਕਤੀ ਨੂੰ ਮਨਜ਼ੂਰੀ ਦਿੱਤੀ ਹੈ ਅਤੇ ਦੂਜੇ ਪਾਸੇ ਵੱਡੀ ਗਿਣਤੀ 'ਚ ਇਮੀਗਰੇਸ਼ਨ ਜੱਜਾਂ ਨੂੰ ਬਿਨਾਂ ਕਿਸੇ ਕਾਰਨ ਦੇ ਹਟਾਇਆ ਜਾ ਰਿਹਾ ਹੈ। ਇਹ ਬੇਤੁਕਾ ਹੈ। ਇਨ੍ਹਾਂ ਜੱਜਾਂ ਨੂੰ ਹਟਾਏ ਜਾਣ ਦੀ ਕਾਰਵਾਈ ਅਜਿਹੇ ਸਮੇਂ ਹੋਈ ਹੈ, ਜਦੋਂ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਪਰਵਾਸ ਨੀਤੀਆਂ ਤਹਿਤ ਅਧਿਕਾਰੀ ਵੱਡੀ ਗਿਣਤੀ 'ਚ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰ ਰਹੇ ਹਨ ਤੇ ਪੀੜਤ ਅਦਾਲਤਾਂ ਦਾ ਰੁਖ਼ ਕਰ ਰਹੇ ਹਨ।

# ਫਰਿਜ਼ਨੋ 'ਚ 22 ਜੂਨ ਤੋਂ ਲਾਪਤਾ ਪੰਜਾਬੀ ਕਾਰੋਬਾਰੀ ਦੀ ਮਿਲੀ ਲਾਸ਼



ਫਰਿਜ਼ਨੋ, (ਪੰਜਾਬ ਮੇਲ)- ਫਰਿਜ਼ਨੋ ਦੇ ਲਾਗਲੇ ਸ਼ਹਿਰ ਕਲੋਵਿਸ ਨਿਵਾਸੀ ਅਤੇ ਕਾਰੋਬਾਰੀ ਸੁਰਿੰਦਰ ਪਾਲ ਦੀ ਲਾਸ਼ ਬੀਤੀ 17 ਜੁਲਾਈ 2025 ਨੂੰ ਫਰਿਜ਼ਨੋ ਦੀ ਇੱਕ ਕੈਨਾਲ ਵਿਚੋਂ ਮਿਲੀ ਸੀ। ਉਹ 55 ਸਾਲਾਂ ਦੇ ਸਨ। ਇਹ ਲਾਸ਼ ਟੈਂਪਰੈਂਸ ਐਵਨਿਊ ਅਤੇ ਮੈਕਕਿਨਲੀ ਐਵਨਿਊ ਦੇ ਨੇੜੇ ਇੱਕ ਮਛੇਰੇ ਨੇ ਸਵੇਰੇ 10:30 ਵਜੇ ਦੇ ਕਰੀਬ ਵੇਖੀ ਅਤੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ।

ਜਾਣਕਾਰੀ ਮੁਤਾਬਕ, ਸੁਰਿੰਦਰ ਪਾਲ ਬੀਤੀ 22 ਜੂਨ ਤੋਂ ਲਾਪਤਾ ਸਨ। ਉਹ ਆਖਰੀ ਵਾਰ ਬਲੈਕਸਟੋਨ ਅਤੇ ਡਕੋਟਾ ਐਵੇਨਿਊ ਨੇੜੇ ਵੇਖੇ ਗਏ ਸਨ। ਅਗਲੇ ਦਿਨ ਉਨ੍ਹਾਂ ਦੀ ਗੱਡੀ ਟੈਂਪਰੈਂਸ ਅਤੇ ਮੈਕਕਿਨਲੀ ਨੇੜੇ ਖੜ੍ਹੀ ਮਿਲੀ ਸੀ, ਜਿੱਥੇ ਹੁਣ ਉਨ੍ਹਾਂ ਦੀ ਲਾਸ਼ ਮਿਲੀ ਹੈ। ਉਨ੍ਹਾਂ ਨੂੰ "ਐਟ-ਰਿਸਕ ਮਿਸਿੰਗ ਪਰਸਨ" ਵਜੋਂ ਦਰਜ ਕੀਤਾ ਗਿਆ ਸੀ। ਸੁਰਿੰਦਰ ਪਾਲ ਅਤੇ ਉਨ੍ਹਾਂ ਦੀ ਪਤਨੀ ਭਾਰਤੀ ਸਟੋਰ 'ਸਟੈਂਡਰਡ ਸਵੀਟਸ ਐਂਡ ਸਪਾਈਸ' ਦੇ ਮਾਲਕ ਹਨ। ਇਹ ਮਠਿਆਈਆਂ ਦੀ ਦੁਕਾਨ ਇਲਾਕੇ ਵਿਚ ਕਾਫੀ ਮਸ਼ਹੂਰ ਹੈ ਅਤੇ ਕੁਝ ਸਮਾਂ ਪਹਿਲਾਂ ਇਨ੍ਹਾਂ ਦੀ ਦੁਕਾਨ ਏਬੀਸੀ 30 ਦੇ ਡਾਈਨ ਐਂਡ ਡਿਸ਼ ਸ਼ੋਅ ਵਿਚ ਵੀ ਵਿਖਾਈ ਗਈ ਸੀ। ਮਾਮਲੇ ਸਬੰਧੀ ਪੁਲਿਸ ਨੇ ਦੱਸਿਆ ਕਿ ਸੁਰਿੰਦਰ ਸਿੰਘ ਦੀ ਮੌਤ ਕਿਵੇਂ ਹੋਈ, ਇਸ ਸਬੰਧੀ ਜਾਂਚ ਹਾਲੇ ਜਾਰੀ ਹੈ।

# ਟਰੰਪ ਦੇ ਅਲਟੀਮੇਟਮ ਦਰਮਿਆਨ ਮਾਸਕੋ ਵੱਲੋਂ ਯੂਕਰੇਨ 'ਤੇ ਜ਼ੋਰਦਾਰ ਹਮਲੇ ਦੀ ਸੰਭਾਵਨਾ

**■ ਪੂਤਿਨ ਵੱਲੋਂ ਯੂਕਰੇਨ 'ਤੇ ਜ਼ੋਰਦਾਰ ਹਮਲੇ ਕਰਕੇ ਆਪਣੇ ਹਿੱਤ ਪੂਰੇ ਕਰਨ ਦੀ ਤਿਆਰੀ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਰੂਸ ਨੂੰ ਯੂਕਰੇਨ ਨਾਲ 50 ਦਿਨਾਂ ਦੇ ਅੰਦਰ ਸ਼ਾਂਤੀ ਸਮਝੌਤਾ ਕਰਨ ਜਾਂ ਫਿਰ ਊਰਜਾ ਬਰਾਮਦਾਂ 'ਤੇ ਸਖ਼ਤ ਪਾਬੰਦੀਆਂ ਦੇ ਦਿੱਤੇ ਗਏ ਅਲਟੀਮੇਟਮ ਦਰਮਿਆਨ ਮਾਸਕੋ ਵੱਲੋਂ ਯੂਕਰੇਨ 'ਤੇ ਜ਼ੋਰਦਾਰ ਹਮਲੇ ਕੀਤੇ ਜਾ ਸਕਦੇ ਹਨ। ਅਮਰੀਕਾ ਦੀ ਚਿਤਾਵਨੀ ਮਗਰੋਂ ਰੂਸ ਨੂੰ ਇਕ ਤਰ੍ਹਾਂ ਨਾਲ ਆਪਣੀ ਕਾਰਵਾਈ ਜਾਰੀ ਰੱਖਣ ਦਾ ਵਾਧੂ ਸਮਾਂ ਮਿਲ ਗਿਆ ਹੈ। ਉਂਝ ਯੂਕਰੇਨ ਵੱਲੋਂ ਕੀਤੇ ਜਾ ਰਹੇ ਮੁਕਾਬਲੇ ਨੂੰ ਦੇਖਦਿਆਂ ਰੂਸੀ ਫੌਜ ਨੂੰ ਫੌਰੀ ਕੋਈ ਲਾਹਾ ਮਿਲਣ ਦੀ ਸੰਭਾਵਨਾ ਘੱਟ ਹੀ ਜਾਪ ਰਹੀ ਹੈ।

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਈ ਵਾਰ ਐਲਾਨ ਕੀਤਾ ਹੈ ਕਿ ਕਿਸੇ ਵੀ ਸ਼ਾਂਤੀ ਸਮਝੌਤੇ ਲਈ ਯੂਕਰੇਨ ਨੂੰ ਉਨ੍ਹਾਂ ਚਾਰ ਖ਼ਿੱਤਿਆਂ 'ਚੋਂ ਹਟਣਾ ਪਵੇਗਾ, ਜਿਨ੍ਹਾਂ ਨੂੰ ਰੂਸ ਨੇ ਸਤੰਬਰ 2022 'ਚ ਗ਼ੈਰਕਾਨੂੰਨੀ ਢੰਗ ਨਾਲ ਆਪਣੇ ਕਬਜ਼ੇ ਹੇਠ ਲੈ ਲਿਆ ਸੀ ਪਰ ਉਥੇ ਉਹ ਪੂਰੀ ਤਰ੍ਹਾਂ ਕਬਜ਼ਾ ਨਹੀਂ ਕਰ ਸਕਿਆ ਹੈ। ਲੰਡਨ ਸਥਿਤ ਰੌਇਲ ਯੂਨਾਈਟਿਡ ਸਰਵਿਸਿਜ਼ ਇੰਸਟੀਚਿਊਟ ਦੇ ਜੈਕ ਵਾਟਲਿੰਗ ਨੇ ਕਿਹਾ ਕਿ ਰੂਸ ਵੱਲੋਂ ਗਰਮੀਆਂ ਦੌਰਾਨ ਹਮਲੇ ਤੇਜ਼ ਕੀਤੇ ਜਾਣ ਕਾਰਨ ਯੂਕਰੇਨੀ ਫੌਜ 'ਤੇ ਭਾਰੀ ਦਬਾਅ ਪੈ ਸਕਦਾ ਹੈ।

# ਵੀਜ਼ਾ ਨਿਯਮਾਂ 'ਚ ਸਖਤੀ ਕਾਰਨ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ 70 ਫੀਸਦੀ ਘਟੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਖ਼ਤ ਵੀਜ਼ਾ ਨਿਯਮਾਂ ਦਾ ਅਸਰ ਭਾਰਤੀ ਵਿਦਿਆਰਥੀਆਂ 'ਤੇ ਦਿਖਾਈ ਦੇ ਰਿਹਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਭਾਰਤੀ ਵਿਦਿਆਰਥੀਆਂ ਦਾ ਅਮਰੀਕੀ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕਰਨ ਤੋਂ ਮੋਹ ਭੰਗ ਹੋ ਰਿਹਾ ਹੈ। ਵੀਜ਼ਾ ਨਿਯਮਾਂ ਵਿਚ ਲਗਾਤਾਰ ਸਖ਼ਤੀ ਹੋਣ ਕਾਰਨ ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ 70 ਪ੍ਰਤੀਸ਼ਤ ਦੀ ਕਮੀ ਆਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਗਿਰਾਵਟ ਵੀਜ਼ਾ ਅਪੁਆਇੰਟਮੈਂਟ ਸਲਾਟ 'ਤੇ ਪਾਬੰਦੀ ਅਤੇ ਵੀਜ਼ਾ ਪ੍ਰਵਾਨਗੀ ਵਿਚ ਦੇਰੀ ਕਾਰਨ ਆਈ ਹੈ।

ਅਮਰੀਕਾ ਵਿਚ ਸਖ਼ਤ ਵੀਜ਼ਾ ਨਿਯਮਾਂ ਕਾਰਨ ਭਾਰਤੀ ਵਿਦਿਆਰਥੀ ਦੂਜੇ ਦੇਸ਼ਾਂ ਵੱਲ ਮੁੜ ਰਹੇ ਹਨ। ਇੱਕ ਵਿਦਿਆਰਥੀ ਨੇ ਕਿਹਾ ਕਿ ਉਹ ਹੁਣ ਆਟੋਮੋਟਿਵ ਇੰਜੀਨੀਅਰਿੰਗ ਵਿਚ ਪੋਸਟ ਗ੍ਰੈਜੂਏਟ ਦੀ ਪੜ੍ਹਾਈ ਕਰਨ ਲਈ ਜਰਮਨੀ ਜਾਵੇਗਾ। ਉਹ ਹੋਰ ਇੰਤਜ਼ਾਰ ਨਹੀਂ ਕਰ ਸਕਦਾ ਸੀ। ਉਹ ਇੱਕ ਸਾਲ ਗੁਆ ਸਕਦਾ ਹੈ। ਵਿਦੇਸ਼ ਮੰਤਰਾਲੇ (ਐੱਮ.ਈ.ਏ.) ਦੇ ਅੰਕੜਿਆਂ ਅਨੁਸਾਰ 1 ਜਨਵਰੀ, 2024 ਤੱਕ 11.6 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿਚ ਉੱਚ ਸਿੱਖਿਆ ਸੰਸਥਾਵਾਂ ਵਿੱਚ ਪੜ੍ਹ ਰਹੇ ਸਨ ਅਤੇ ਯੂਰਪ ਲਈ ਇੱਕ ਮੰਜ਼ਿਲ ਵਜੋਂ ਗਿਣਤੀ ਲਗਾਤਾਰ ਵੱਧ ਰਹੀ ਸੀ।

ਹੈਦਰਾਬਾਦ ਵਿਚ ਅਮਰੀਕੀ ਕੌਂਸਲੇਟ ਜਨਰਲ ਨੇ ਕਿਹਾ ਕਿ ਸਲਾਟ ਦੁਬਾਰਾ ਖੋਲ੍ਹ ਦਿੱਤੇ ਗਏ ਹਨ। ਵਿਦਿਆਰਥੀ ਦੂਤਘਰ ਜਾਂ ਵੈੱਬਸਾਈਟ 'ਤੇ ਮੁਲਾਕਾਤਾਂ ਦੀ ਉਪਲਬਧਤਾ ਦੀ ਜਾਂਚ ਕਰ ਸਕਦੇ ਹਨ। ਅਸੀਂ ਵੀਜ਼ਾ ਬਿਨੈਕਾਰਾਂ ਦੀ ਚੰਗੀ ਤਰ੍ਹਾਂ ਜਾਂਚ ਕਰ ਰਹੇ ਹਾਂ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦਾ ਇਰਾਦਾ ਅਮਰੀਕਾ ਜਾਂ ਸਾਡੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਦਾ ਨਹੀਂ ਹੈ। ਬਿਨੈਕਾਰਾਂ ਨੂੰ ਵੀਜ਼ਾ ਲਈ ਆਪਣੀ ਯੋਗਤਾ ਸਾਬਤ ਕਰਨੀ ਚਾਹੀਦੀ ਹੈ। ਅਸੀਂ ਬਿਨੈਕਾਰਾਂ ਨੂੰ ਜਲਦੀ ਤੋਂ ਜਲਦੀ ਅਰਜ਼ੀ ਦੇਣ ਲਈ ਉਤਸ਼ਾਹਿਤ ਕਰਦੇ ਹਾਂ। ਪਿਛਲੇ ਸਾਲ ਭਾਰਤ ਨੇ 3.3 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਅਮਰੀਕਾ ਭੇਜਣ ਲਈ ਚੀਨ ਨੂੰ ਪਛਾੜ ਦਿੱਤਾ ਸੀ।

# ਕੈਨੇਡਾ ਸਰਕਾਰ ਵੱਲੋਂ ਕੀਤੀ ਜਾਵੇਗੀ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦੀ ਜਾਂਚ

ਟੋਰਾਂਟੋ, (ਪੰਜਾਬ ਮੇਲ) - ਦੇਸ਼ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧੇ ਨੂੰ ਦੇਖਦੇ ਹੋਏ ਕੈਨੇਡਾ ਸਰਕਾਰ ਇਕ ਮਹੱਤਵਪੂਰਨ ਕਦਮ ਚੁੱਕਣ ਜਾ ਰਹੀ ਹੈ। ਇਸ ਕਦਮ ਤਹਿਤ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦੀ ਜਾਂਚ ਕੀਤੀ ਜਾਵੇਗੀ। ਇਹ ਜਾਂਚ ਫੈਡਰਲ ਆਡੀਟਰ ਜਨਰਲ ਵੱਲੋਂ ਕੀਤੀ ਜਾਵੇਗੀ। ਆਡੀਟਰ ਜਨਰਲ ਕੈਰਨ ਹੋਗਨ ਦੇ ਬੁਲਾਰੇ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਦਫ਼ਤਰ 2026 ਲਈ ਪ੍ਰੋਗਰਾਮ ਦਾ ਆਡਿਟ ਕਰਨ ਦੀ ਯੋਜਨਾ ਬਣਾ ਰਿਹਾ ਹੈ। ਆਡੀਟਰ-ਜਨਰਲ ਕੈਰਨ ਹੋਗਨ ਦੇ ਦਫ਼ਤਰ ਦੁਆਰਾ ਇਸ ਆਡਿਟ ਦੀ ਪੁਸ਼ਟੀ ਕੀਤੀ ਗਈ, ਹਾਲਾਂਕਿ ਇਸਦੇ ਰੂਪ-ਰੇਖਾ ਦਾ ਖੁਲਾਸਾ ਨਹੀਂ ਕੀਤਾ ਗਿਆ। ਇਸ ਵਿਸ਼ੇ 'ਤੇ ਇੱਕ ਰਿਪੋਰਟ ਅਗਲੇ ਸਾਲ ਸੰਸਦ ਵਿਚ ਪੇਸ਼ ਕੀਤੇ ਜਾਣ ਦੀ ਉਮੀਦ ਹੈ।

ਇਹ ਜਾਂਚ ਕੈਨੇਡਾ ਸਰਕਾਰ ਦੁਆਰਾ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਅਤੇ ਵਿਦਿਆਰਥੀਆਂ ਦੀ ਸੁਰੱਖਿਆ 'ਤੇ ਕੇਂਦਰਿਤ ਹੋਵੇਗੀ। ਇਸ ਜਾਂਚ ਦਾ ਮੁੱਖ ਉਦੇਸ਼ ਇਹ ਯਕੀਨੀ ਕਰਨਾ ਹੈ ਕਿ ਪ੍ਰੋਗਰਾਮ ਨਿਰਪੱਖ, ਪਾਰਦਰਸ਼ੀ ਅਤੇ ਪ੍ਰਭਾਵੀ ਢੰਗ ਨਾਲ ਚੱਲਦਾ ਰਹੇ। ਕੈਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧੇ ਦੇ ਨਾਲ, ਪ੍ਰੋਗਰਾਮ ਦੀਆਂ ਚੁਣੌਤੀਆਂ ਅਤੇ ਸੰਭਾਵੀ ਦੁਰਵਰਤੋਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਆਡੀਟਰ ਜਨਰਲ ਪ੍ਰੋਗਰਾਮ ਦੀ ਪ੍ਰਭਾਵਸ਼ੀਲਤਾ, ਵਿਦਿਆਰਥੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਕੈਨੇਡਾ ਵਿਚ ਸਿੱਖਿਆ ਪ੍ਰਣਾਲੀ ਦੀ ਅੰਖਡਤਾ 'ਤੇ ਵੀ ਵਿਚਾਰ ਕਰੇਗਾ। ਇਹ ਜਾਂਚ ਉਨ੍ਹਾਂ ਚਿੰਤਾਵਾਂ ਨੂੰ ਦੂਰ ਕਰਨ ਦੀ ਦਿਸ਼ਾ ਵਿਚ ਮਹੱਤਵਪੂਰਨ ਕਦਮ ਹੈ, ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਕਲਿਆਣ ਤਹਿਤ ਕੀਤੀ ਜਾ ਰਹੀ ਹੈ। ਇਹ ਜਾਂਚ ਕੈਨੇਡਾ ਦੇ ਸਿੱਖਿਆ ਖੇਤਰ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਭਵਿੱਖ ਲਈ ਮਹੱਤਵਪੂਰਨ ਹੈ।

ਵਿਰੋਧੀ ਕੰਜ਼ਰਵੇਟਿਵਾਂ ਸਮੇਤ ਆਲੋਚਕਾਂ ਦਾ ਕਹਿਣਾ ਹੈ ਕਿ ਹਾਲ ਹੀ ਦੇ ਸਾਲਾਂ ਵਿਚ ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲਿਆਂ ਵਿਚ ਤੇਜ਼ੀ ਨਾਲ ਵਾਧੇ ਨੇ ਨੌਜਵਾਨਾਂ ਦੀ ਬੇਰੁਜ਼ਗਾਰੀ ਨੂੰ ਵਧਾਇਆ ਹੈ ਅਤੇ ਰਿਹਾਇਸ਼ੀ ਸੰਕਟ ਨੂੰ ਹੋਰ ਵੀ ਵਿਗਾੜ ਦਿੱਤਾ ਹੈ। ਕੰਜ਼ਰਵੇਟਿਵ ਨੇਤਾ ਪੀਅਰੇ ਪੋਇਲੀਵਰੇ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਅਗਲੇ ਕੁਝ ਸਾਲਾਂ ਲਈ ਕੈਨੇਡਾ ਵਿਚ "ਆਉਣ ਨਾਲੋਂ ਵੱਧ ਲੋਕਾਂ ਦੇ ਜਾਣ ਦੀ ਲੋੜ ਹੈ"। ਫੈਡਰਲ ਲਿਬਰਲ ਸਰਕਾਰ ਨੇ ਪਿਛਲੇ ਪਤਝੜ ਵਿਚ ਸਟੱਡੀ ਪਰਮਿਟ ਅਰਜ਼ੀਆਂ 'ਤੇ ਇੱਕ ਸੀਮਾ ਲਗਾਈ ਸੀ ਅਤੇ ਇਸ ਗਰਮੀਆਂ ਵਿਚ ਭਵਿੱਖ ਵਿਚ ਵਿਦਿਆਰਥੀਆਂ ਦੇ ਦਾਖਲੇ ਦੇ ਪੱਧਰਾਂ 'ਤੇ ਸਲਾਹ-ਮਸ਼ਵਰਾ ਕਰਨ ਦੀ ਯੋਜਨਾ ਬਣਾਈ ਹੈ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕੀ ਅਦਾਲਤ ਵੱਲੋਂ ਭਾਰਤੀ ਵਿਅਕਤੀ ਹਵਾਈ ਉਡਾਣ ਦੌਰਾਨ ਜਿਨਸੀ ਹਮਲੇ ਦਾ ਦੋਸ਼ੀ ਕਰਾਰ

**ਨਿਊਜਰਸੀ, (ਰਾਜ ਗੋਗਨਾ/ ਪੰਜਾਬ ਮੇਲ)-** ਨਿਊਜਰਸੀ ਦੇ ਅਮਰੀਕੀ ਅਟਾਰਨੀ ਕਰਟ ਅਲਮੇ ਨੇ ਐਲਾਨ ਕੀਤਾ ਕਿ ਨਿਊਜਰਸੀ ਦੇ ਇੱਕ ਵਿਅਕਤੀ ਵਲੋਂ ਬੋਜ਼ੇਮੈਨ ਤੋਂ ਡੱਲਾਸ, ਟੈਕਸਾਸ ਜਾ ਰਹੀ ਉਡਾਣ ਦੌਰਾਨ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਸਵੀਕਾਰ ਕਰ ਲਿਆ ਹੈ। ਇਹ ਘਟਨਾ 26 ਜਨਵਰੀ, 2025 ਨੂੰ ਵਾਪਰੀ ਸੀ, ਜਿਸ 'ਚ ਭਾਰਤੀ ਮੂਲ ਦੇ 37 ਸਾਲਾ ਭਾਵੇਸ਼ ਕੁਮਾਰ ਸ਼ੁਕਲਾ ਨੇ ਸੰਯੁਕਤ ਰਾਜ ਅਮਰੀਕਾ ਦੇ ਵਿਸ਼ੇਸ਼ ਜਹਾਜ਼ ਅਧਿਕਾਰ ਖੇਤਰ ਦੇ ਅੰਦਰ ਦੁਰਵਿਵਹਾਰ ਵਾਲੇ ਜਿਨਸੀ ਦੋਸ਼ ਨੂੰ ਅਦਾਲਤ 'ਚ ਸਵੀਕਾਰ ਕਰ ਲਿਆ। ਸ਼ੁਕਲਾ ਨੂੰ ਦੋ ਸਾਲ ਤੱਕ ਦੀ ਕੈਦ, 250,000 ਡਾਲਰ ਤੱਕ ਦਾ ਜੁਰਮਾਨਾ ਅਤੇ ਘੱਟੋ-ਘੱਟ ਪੰਜ ਸਾਲ ਨਿਗਰਾਨੀ ਅਧੀਨ ਰਿਹਾਈ ਦੀ ਸਜ਼ਾ ਹੋ ਸਕਦੀ ਹੈ।



ਅਮਰੀਕੀ ਮੈਜਿਸਟ੍ਰੇਟ ਜੱਜ ਕੈਥਲੀਨ ਐਲ. ਡੀਸੋਟੋ ਨੇ ਕਾਰਵਾਈ ਦੀ ਪ੍ਰਧਾਨਗੀ ਕੀਤੀ, ਜਦੋਂ ਕਿ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਜੱਜ ਡਾਨਾ ਐੱਲ. ਕ੍ਰਿਸਟਨਸਨ ਅਮਰੀਕੀ ਸਜ਼ਾ ਦਿਸ਼ਾ-ਨਿਰਦੇਸ਼ਾਂ ਅਤੇ ਹੋਰ ਕਾਨੂੰਨੀ ਕਾਰਕਾਂ ਦੀ ਸਮੀਖਿਆ ਕਰਨ ਤੋਂ ਬਾਅਦ ਅੰਤਿਮ ਸਜ਼ਾ ਦਾ ਫੈਸਲਾ ਕਰਨਗੇ। ਉਸ ਨੂੰ ਸਜ਼ਾ 19 ਨਵੰਬਰ, 2025 ਨੂੰ ਸੁਣਾਈ ਜਾਣੀ ਹੈ। ਸ਼ੁਕਲਾ ਨੂੰ ਅਗਲੀ ਕਾਰਵਾਈ ਤੱਕ ਹਿਰਾਸਤ ਵਿਚ ਰੱਖਿਆ ਜਾਵੇਗਾ।

ਦੋਸ਼ੀ ਸ਼ੁਕਲਾ ਅਮਰੀਕਨ ਏਅਰਲਾਈਨਜ਼ ਦੀ ਉਡਾਣ ਵਿਚ ਜੇਨ ਡੋ ਨਾਮੀਂ ਇਕ ਔਰਤ ਅਤੇ ਉਸਦੀ ਧੀ ਉਸ ਦੇ ਨਾਲ ਵਾਲੀ ਸੀਟ 'ਤੇ ਬੈਠਿਆ ਸੀ। ਜੇਨ ਡੋ, ਠੰਡ ਮਹਿਸੂਸ ਕਰ ਰਹੀ ਸੀ, ਉਸਦੀ ਗੋਦ ਵਿਚ ਇੱਕ ਕੋਟ ਸੀ। ਸ਼ੁਕਲਾ ਨੇ ਆਪਣਾ ਕੋਟ ਉਸਦੀ ਗੋਦ ਵਿਚ ਰੱਖਿਆ ਅਤੇ ਸ਼ੁਰੂ ਵਿਚ ਸੌਣ ਦਾ ਦਿਖਾਵਾ ਕੀਤਾ ਅਤੇ ਫਿਰ ਆਪਣੇ ਸੱਜੇ ਹੱਥ ਨਾਲ ਜੇਨ ਡੋ ਦੀ ਖੱਬੀ ਲੱਤ ਨੂੰ ਉਸਦੀ ਜੇਬ ਦੇ ਨੇੜੇ ਉਸਦੇ ਕਮਰ 'ਤੇ ਰਗੜਿਆ। ਜੇਨ ਡੋ ਨੂੰ ਸ਼ੁਰੂ ਵਿਚ ਸ਼ੱਕ ਹੋਇਆ ਕਿ ਸ਼ੁਕਲਾ ਉਸ ਦੀ ਜੇਬ ਚੁੱਕਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਸ ਕਾਰਨ ਉਸਨੂੰ ਅਤੇ ਉਸਦੀ ਧੀ ਨੂੰ ਸਥਿਤੀ ਨੂੰ ਸ਼ਾਂਤ ਕਰਨ ਲਈ ਟਾਇਲਟ ਲਈ ਰਵਾਨਾ ਹੋਣਾ ਪਿਆ। ਉਸ ਵੱਲੋਂ ਸਟਾਫ ਨੂੰ ਸ਼ਿਕਾਇਤ ਕਰਨ 'ਤੇ ਪੁਲਿਸ ਨੇ ਉਸ ਵਿਰੁੱਧ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਭਾਰਤੀ-ਕੈਨੇਡਿਆਈ ਗੈਂਗਸਟਰ ਅਮਰੀਕਾ 'ਚ ਗ੍ਰਿਫ਼ਤਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤੀ-ਕੈਨੇਡਿਆਈ ਗੈਂਗਸਟਰ ਨੂੰ ਆਇਰਿਸ਼ ਗਿਰੋਹ ਨਾਲ ਮਿਲ ਕੇ ਨਸ਼ਿਆਂ ਦਾ ਕੌਮਾਂਤਰੀ ਪੱਧਰ 'ਤੇ ਧੰਦਾ ਕਰਨ ਦੇ ਦੋਸ਼ ਹੇਠ ਅਮਰੀਕਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਗੈਂਗਸਟਰ ਦੀ ਪਛਾਣ ਓਪਿੰਦਰ ਸਿੰਘ ਸਿਆਨ ਵਜੋਂ ਹੋਈ ਹੈ, ਜੋ ਆਇਰਿਸ਼ ਕਿਨਾਹਨ ਗਿਰੋਹ ਨਾਲ ਮਿਲ ਕੇ ਕੌਮਾਂਤਰੀ ਪੱਧਰ 'ਤੇ ਮੈਥਾਮਫੈਟਾਮਾਈਨ ਅਤੇ ਫੈਂਟੇਨਾਈਲ ਦੀ ਸਮੱਗਲਿੰਗ ਕਰਦਾ ਸੀ। ਅਮਰੀਕੀ ਅਦਾਲਤ ਦੇ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਸਿਆਨ ਨੂੰ ਪਿਛਲੇ ਮਹੀਨੇ ਨੇਵਾਡਾ 'ਚ ਡਰੱਗ ਐਨਫੋਰਸਮੈਂਟ ਐਡਮਿਨਿਸਟ੍ਰੇਸ਼ਨ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਰਿਪੋਰਟ ਮੁਤਾਬਕ ਅਦਾਲਤੀ ਦਸਤਾਵੇਜ਼ਾਂ ਤੋਂ ਇਹ ਵੀ ਜਾਣਕਾਰੀ ਮਿਲੀ ਹੈ ਕਿ ਤੁਰਕੀ ਅਤੇ ਅਮਰੀਕੀ ਅਪਰਾਧਿਕ ਸੰਗਠਨਾਂ ਦੀ ਹਮਾਇਤ ਹਾਸਲ ਸਿਆਨ ਚੀਨ ਤੋਂ ਰਸਾਇਣਾਂ ਦੀ ਦਰਾਮਦ ਅਤੇ ਲਾਸ ਏਂਜਲਸ ਬੰਦਰਗਾਹ ਰਾਹੀਂ ਆਸਟਰੇਲੀਆ ਨੂੰ ਨਸ਼ਿਆਂ ਦੀ ਬਰਾਮਦਗੀ ਕਰਨ ਦੀ ਸਾਜ਼ਿਸ਼ 'ਚ ਸ਼ਾਮਲ ਸੀ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸਥਿਤ ਬ੍ਰਦਰਜ਼ ਕੀਪਰਜ਼ ਨਾਲ ਜੁੜੇ ਸਿਆਨ ਨੂੰ ਐਰੀਜ਼ੋਨਾ 'ਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਹਲਫ਼ਨਾਮਾ ਕੈਲੀਫੋਰਨੀਆ 'ਚ ਦਾਖ਼ਲ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਨੇਵਾਡਾ ਦੇ ਜੱਜ ਨੇ ਸਿਆਨ (37) ਨੂੰ ਕੈਲੀਫੋਰਨੀਆ ਤਬਦੀਲ ਕਰਨ ਤੱਕ ਇਥੇ ਹੀ ਹਿਰਾਸਤ 'ਚ ਰੱਖਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਹੋਰ ਸ਼ੱਕੀਆਂ ਖ਼ਿਲਾਫ਼ ਹਾਲੇ ਤੱਕ ਦੋਸ਼ ਤੈਅ ਨਹੀਂ ਕੀਤੇ ਗਏ ਹਨ। ਸਿਆਨ 2008 ਅਤੇ 2011 'ਚ ਸਰੀ 'ਚ ਹੋਈ ਗੋਲੀਬਾਰੀ ਦੀਆਂ ਦੋ ਘਟਨਾਵਾਂ 'ਚ ਵਾਲ-ਵਾਲ ਬਚ ਗਿਆ ਸੀ।

# ਕੈਨੇਡਾ 'ਚ 2 ਪੰਜਾਬੀ ਨੌਜਵਾਨਾਂ ਨੂੰ 3 ਸਾਲ ਦੀ ਸਜ਼ਾ



■ ਸਜ਼ਾ ਖ਼ਤਮ ਹੋਣ 'ਤੇ ਇੰਡੀਆ ਕੀਤਾ ਜਾਵੇਗਾ ਡਿਪੋਰਟ

**ਸਰੀ, (ਪੰਜਾਬ ਮੇਲ)-** ਕੈਨੇਡਾ 'ਚ ਦੋ ਪੰਜਾਬੀ ਨੌਜਵਾਨਾਂ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਦੇ ਨਾਲ ਹੀ ਜਦੋਂ ਉਨ੍ਹਾਂ ਦੀ ਸਜ਼ਾ ਖ਼ਤਮ ਹੋ ਜਾਵੇਗੀ, ਤਾਂ ਉਨ੍ਹਾਂ ਨੂੰ ਇੰਡੀਆ ਡਿਪੋਰਟ ਕਰ ਦਿੱਤਾ ਜਾਵੇਗਾ। ਸਰੀ ਵਿਖੇ 27 ਜਨਵਰੀ 2024 ਨੂੰ ਵੱਡੇ ਤੜਕੇ ਤਕਰੀਬਨ 2 ਵਜੇ ਵਾਪਰੇ ਜਾਨਲੇਵਾ ਸੜਕ ਹਾਦਸੇ ਦੌਰਾਨ 22 ਸਾਲਾ ਗਗਨਪ੍ਰੀਤ ਸਿੰਘ ਅਤੇ ਜਗਦੀਪ ਸਿੰਘ ਆਪਣੀ ਕਾਰ ਹੇਠ ਫਸੇ ਸ਼ਖਸ ਨੂੰ ਸਵਾ ਕਿਲੋਮੀਟਰ ਤੱਕ ਘੜੀਸ ਕੇ ਲੈ ਗਏ ਅਤੇ ਫਿਰ ਉਸ ਦੀ ਲਾਸ਼ ਨੂੰ ਇਕ ਗਲੀ ਵਿਚ ਸੁੱਟ ਕੇ ਫਰਾਰ ਹੋ ਗਏ। ਦੋਹਾਂ ਨੇ ਖਤਰਨਾਕ ਡਰਾਈਵਿੰਗ, ਹਾਦਸੇ ਮਗਰੋਂ ਮੌਕੇ 'ਤੇ ਮੌਜੂਦ ਰਹਿਣ ਵਿਚ ਅਸਫ਼ਲ ਰਹਿਣ ਅਤੇ ਲਾਸ਼ ਖੁਰਦ ਬੁਰਦ ਕਰਨ ਦੇ ਦੋਸ਼ ਕਬੂਲ ਕਰ ਲਏ ਸਨ।

ਗਗਨਪ੍ਰੀਤ ਅਤੇ ਜਗਦੀਪ ਨਾਲ ਕਾਰ 'ਚ ਇਕ ਤੀਜਾ ਨੌਜਵਾਨ ਵੀ ਮੌਜੂਦ ਸੀ, ਜਿਸ ਵਿਰੁੱਧ ਕੋਈ ਦੋਸ਼ ਆਇਦ ਨਾ ਕੀਤਾ ਗਿਆ। ਹਾਦਸੇ ਦੇ ਗਵਾਹਾਂ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਕ ਵਿਅਕਤੀ ਸੜਕ 'ਤੇ ਲੰਮਾ ਪਿਆ ਨਜ਼ਰ ਆਇਆ ਤਾਂ ਉਹ 911 'ਤੇ ਕਾਲ ਕਰਨ ਲੱਗਾ ਪਰ ਇਸੇ ਦੌਰਾਨ ਇਕ ਮਸਟੈਂਗ ਨੇ ਉਸ ਨੂੰ ਟੱਕਰ ਮਾਰ ਦਿੱਤੀ ਅਤੇ ਬੰਦਾ ਮੌਕੇ ਤੋਂ ਗਾਇਬ ਹੋ ਗਿਆ। ਗਵਾਹ ਸਮਝ ਗਏ ਕਿ ਬੰਦਾ ਗੱਡੀ ਹੇਠ ਫਸ ਗਿਆ ਅਤੇ ਉਨ੍ਹਾਂ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਇਹ ਚੀਕਾਂ 911 'ਤੇ ਚੱਲ ਰਹੀ ਕਾਲ ਦੌਰਾਨ ਰਿਕਾਰਡ ਹੋ ਗਈਆਂ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਗਗਨਪ੍ਰੀਤ ਅਤੇ ਜਗਦੀਪ ਨੇ ਸਰੀ ਦੀ 132ਵੀਂ ਸਟ੍ਰੀਟ ਵਿਚ ਗੱਡੀ ਹੇਠੋਂ ਲਾਸ਼ ਕੱਢਣ ਦਾ ਯਤਨ ਕੀਤਾ ਪਰ ਨਾਕਾਮ ਰਹੇ। ਇਸ ਮਗਰੋਂ ਉਹ ਗੱਡੀ ਨੂੰ ਇਕ ਬੰਦ ਗਲੀ ਵਿਚ ਲੈ ਗਏ ਅਤੇ ਕਾਰ ਹੇਠ ਫਸੀ ਲਾਸ਼ ਨੂੰ ਕੱਢ ਕੇ ਗਲੀ 'ਚ ਸੁੱਟ ਦਿੱਤਾ। ਅਦਾਲਤ ਵਿਚ ਇਕ ਸਰਵੀਲੈਂਸ ਵੀਡੀਓ ਪੇਸ਼ ਕੀਤੀ ਗਈ, ਜਿਸ ਵਿਚ ਦੇਖਿਆ ਜਾ ਸਕਦਾ ਹੈ ਕਿ ਜਗਦੀਪ ਗੱਡੀ ਨੂੰ ਰਿਵਰਸ ਕਰਦਾ ਹੈ, ਜਦਕਿ ਗਗਨਪ੍ਰੀਤ ਲਾਸ਼ ਨੂੰ ਖਿੱਚ ਕੇ ਰੱਖਦਾ ਹੈ ਅਤੇ ਇਸੇ ਦੌਰਾਨ ਲਾਸ਼ ਗੱਡੀ ਤੋਂ ਵੱਖ ਹੋ ਜਾਂਦੀ ਹੈ। ਗਗਨਪ੍ਰੀਤ ਦੇ ਹੱਥ ਤੋਂ ਮਰਨ ਵਾਲੇ ਦਾ ਡੀ.ਐੱਨ.ਏ. ਵੀ ਮਿਲਿਆ। ਸਰਕਾਰੀ ਵਕੀਲ ਨੇ ਕਿਹਾ ਕਿ ਇਸ ਤੋਂ ਘਿਨਾਉਣਾ ਕੁਝ ਨਹੀਂ ਹੋ ਸਕਦਾ ਕਿ ਹਾਦਸੇ ਤੋਂ ਬਾਅਦ ਪੀੜਤ ਦੀ ਮਦਦ ਕਰਨ ਦੀ ਬਜਾਏ ਉਸ ਨੂੰ ਘੜੀਸ-ਘੜੀਸ ਕੇ ਮੌਤ ਦੇ ਦਰਵਾਜ਼ੇ ਤੱਕ ਪਹੁੰਚਾ ਦਿੱਤਾ ਗਿਆ।


Global Allianz

ਕਾਨੂੰਨੀ ਸਲਾਹ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814

Phone:209-808-2136, 209-952-5578, 1-916-806-7042, Fax: 209-476-7188


EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਅਮਰੀਕਾ ਨੇ ਟੀ.ਆਰ.ਐੱਫ. ਨੂੰ ਦਹਿਸ਼ਤੀ ਜਥੇਬੰਦੀ ਐਲਾਨਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਨੇ ਪਹਿਲਗਾਮ ਦਹਿਸ਼ਤੀ ਹਮਲੇ ਲਈ ਜ਼ਿੰਮੇਵਾਰ ਜਥੇਬੰਦੀ ਦਿ ਰਜਿਸਟੈਂਸ ਫਰੰਟ (ਟੀ.ਆਰ.ਐੱਫ.) ਨੂੰ ਵਿਦੇਸ਼ੀ ਅੱਤਵਾਦੀ ਜਥੇਬੰਦੀ ਐਲਾਨਿਆ ਹੈ। ਇਹ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤਾਇਬਾ ਨਾਲ ਜੁੜੀ ਹੋਈ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਕ ਬਿਆਨ 'ਚ ਕਿਹਾ ਕਿ ਇਹ ਕਾਰਵਾਈ ਰਾਸ਼ਟਰਪਤੀ ਡੋਨਲਡ ਟਰੰਪ ਦੇ ਪਹਿਲਗਾਮ ਹਮਲੇ ਲਈ ਨਿਆਂ ਦੇ ਸੱਦੇ ਨੂੰ ਲਾਗੂ ਕਰਨ ਦੀ ਵਚਨਬੱਧਤਾ ਦਰਸਾਉਂਦਾ ਹੈ। ਵਾਸ਼ਿੰਗਟਨ 'ਚ ਭਾਰਤੀ ਸਫ਼ਾਰਤਖਾਨੇ ਨੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਇਸ ਤੋਂ ਪਤਾ ਚਲਦਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਅਤਿਵਾਦ ਵਿਰੋਧੀ ਸਹਿਯੋਗ ਕਿੰਨਾ ਮਜ਼ਬੂਤ ਹੈ। ਜ਼ਿਕਰਯੋਗ ਹੈ ਕਿ 22 ਅਪਰੈਲ ਨੂੰ ਜੰਮੂ ਕਸ਼ਮੀਰ ਦੇ ਪਹਿਲਗਾਮ 'ਚ ਹੋਏ ਦਹਿਸ਼ਤੀ ਹਮਲੇ 'ਚ 26 ਵਿਅਕਤੀ ਮਾਰੇ ਗਏ ਸਨ ਅਤੇ ਟੀ.ਆਰ.ਐੱਫ. ਨੇ ਹਮਲੇ ਦੀ ਜ਼ਿੰਮੇਵਾਰੀ ਲਈ ਸੀ। ਇਸ ਮਗਰੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਵੱਧ ਗਿਆ ਸੀ। ਭਾਰਤ ਦੀ ਕੌਮੀ ਜਾਂਚ ਏਜੰਸੀ ਨੇ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਵਜੋਂ ਟੀ.ਆਰ.ਐੱਫ. ਮੁਖੀ ਸ਼ੇਖ਼ ਸੱਜਾਦ ਗੁਲ ਦੀ ਪਛਾਣ ਕੀਤੀ ਹੈ। ਰੂਬੀਓ ਨੇ ਕਿਹਾ ਕਿ ਵਿਦੇਸ਼ ਵਿਭਾਗ ਨੇ ਟੀ.ਆਰ.ਐੱਫ. ਨੂੰ ਵਿਦੇਸ਼ੀ ਅਤਿਵਾਦੀ ਜਥੇਬੰਦੀ (ਐੱਫ.ਟੀ.ਓ.) ਅਤੇ ਵਿਸ਼ੇਸ਼ ਨਾਮਜ਼ਦ ਆਲਮੀ ਦਹਿਸ਼ਤਗਦ (ਐੱਸ.ਡੀ.ਜੀ.ਟੀ.) ਐਲਾਨਿਆ ਹੈ। ਉਨ੍ਹਾਂ ਕਿਹਾ ਕਿ ਟੀ.ਆਰ.ਐੱਫ. ਤੇ ਹੋਰਾਂ ਨੂੰ ਕ੍ਰਮਵਾਰ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਦੀ ਧਾਰਾ 219 ਅਤੇ ਕਾਰਜਕਾਰੀ ਆਦੇਸ਼ 13224 ਅਨੁਸਾਰ ਲਸ਼ਕਰ-ਏ-ਤਾਇਬਾ ਦੇ ਮੌਜੂਦਾ ਉਪਨਾਮ 'ਚ ਐੱਫ.ਟੀ.ਓ. ਅਤੇ ਐੱਸ.ਡੀ.ਜੀ.ਟੀ. ਵਜੋਂ ਜੋੜਿਆ ਗਿਆ ਹੈ। ਵਿਦੇਸ਼ ਵਿਭਾਗ ਨੇ ਲਸ਼ਕਰ-ਏ-ਤਾਇਬਾ ਨੂੰ ਐੱਫ.ਟੀ.ਓ. ਵਜੋਂ ਨਾਮਜ਼ਦਗੀ ਦੇ ਮਾਮਲੇ ਦੀ ਵੀ ਸਮੀਖਿਆ ਕੀਤੀ ਹੈ ਅਤੇ ਇਸ ਨੂੰ ਬਰਕਰਾਰ ਰੱਖਿਆ ਹੈ। ਇਸ ਤੋਂ ਪਹਿਲਾਂ ਅਮਰੀਕੀ ਵਿਦੇਸ਼ ਮੰਤਰਾਲੇ ਨੇ ਕਿਹਾ ਸੀ, "ਪਹਿਲਗਾਮ ਹਮਲਾ 2008 'ਚ ਲਸ਼ਕਰ-ਏ-ਤਾਇਬਾ ਵੱਲੋਂ ਕੀਤੇ ਗਏ ਮੁੰਬਈ ਹਮਲਿਆਂ ਮਗਰੋਂ ਭਾਰਤ 'ਚ ਆਮ ਲੋਕਾਂ 'ਤੇ ਕੀਤਾ ਗਿਆ ਸਭ ਤੋਂ ਘਾਤਕ ਹਮਲਾ ਸੀ। ਟੀ.ਆਰ.ਐੱਫ. ਨੇ ਭਾਰਤੀ ਸੁਰੱਖਿਆ ਬਲਾਂ ਖ਼ਿਲਾਫ਼ ਕਈ ਹਮਲਿਆਂ ਦੀ ਵੀ ਜ਼ਿੰਮੇਵਾਰੀ ਲਈ ਹੈ, ਜਿਸ 'ਚ 2024 'ਚ ਹੋਇਆ ਹਮਲਾ ਵੀ ਸ਼ਾਮਲ ਹੈ।" ਟੀ.ਆਰ.ਐੱਫ. ਵਿਰੁੱਧ ਇਹ ਕਾਰਵਾਈ ਭਾਰਤ ਵੱਲੋਂ ਲਗਾਤਾਰ ਬਣਾਏ ਗਏ ਦਬਾਅ ਮਗਰੋਂ ਕੀਤੀ ਗਈ ਹੈ।

**■ ਲਸ਼ਕਰ-ਏ-ਤਾਇਬਾ ਨਾਲ ਜੁੜੀ ਜਥੇਬੰਦੀ ਨੇ ਪਹਿਲਗਾਮ ਹਮਲੇ ਦੀ ਲਈ ਸੀ ਜ਼ਿੰਮੇਵਾਰੀ**



## ਅਮਰੀਕਾ ਨੇ ਸਹੀ ਸਮੇਂ 'ਤੇ ਅਹਿਮ ਕਦਮ ਚੁੱਕਿਆ: ਭਾਰਤ

**ਨਵੀਂ ਦਿੱਲੀ:** ਭਾਰਤ ਨੇ ਅਮਰੀਕਾ ਵੱਲੋਂ ਦਿ ਰਸਿਸਟੈਂਸ ਫਰੰਟ (ਟੀ.ਆਰ.ਐੱਫ.) ਨੂੰ ਦਹਿਸ਼ਤੀ ਜਥੇਬੰਦੀ ਵਜੋਂ ਨਾਮਜ਼ਦ ਕਰਨ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਹੀ ਸਮੇਂ 'ਤੇ ਚੁੱਕਿਆ ਗਿਆ ਅਹਿਮ ਕਦਮ ਹੈ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਅਮਰੀਕਾ ਦੇ ਫ਼ੈਸਲੇ ਨੂੰ ਭਾਰਤ-ਅਮਰੀਕਾ ਵਿਚਾਲੇ ਮਜ਼ਬੂਤ ਅੱਤਵਾਦ ਵਿਰੋਧੀ ਸਹਿਯੋਗ ਦਾ ਸਬੂਤ ਦੱਸਿਆ। ਜੈਸ਼ੰਕਰ ਨੇ ਸੋਸ਼ਲ ਮੀਡੀਆ 'ਤੇ ਪੋਸਟ 'ਚ ਅਮਰੀਕਾ ਦੇ ਇਸ ਫ਼ੈਸਲੇ ਲਈ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਉਚੇਚੇ ਤੌਰ 'ਤੇ ਸ਼ਲਾਘਾ ਕੀਤੀ। ਅਮਰੀਕੀ ਵਿਦੇਸ਼ ਮੰਤਰਾਲੇ ਵੱਲੋਂ ਟੀ.ਆਰ.ਐੱਫ. ਨੂੰ ਪਾਬੰਦੀਸ਼ੁਦਾ ਆਲਮੀ ਅੱਤਵਾਦੀ ਜਥੇਬੰਦੀ ਐਲਾਨੇ ਜਾਣ ਦੇ ਕੁਝ ਘੰਟਿਆਂ ਬਾਅਦ ਭਾਰਤ ਨੇ ਇਹ ਪ੍ਰਤੀਕਰਮ ਦਿੱਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਅੱਤਵਾਦ ਨੂੰ ਕਦੇ ਵੀ ਬਰਦਾਸ਼ਤ ਨਾ ਕਰਨ ਦੀ ਨੀਤੀ ਨੂੰ ਲੈ ਕੇ ਵਚਨਬੱਧ ਹੈ ਅਤੇ ਦਹਿਸ਼ਤੀ ਜਥੇਬੰਦੀਆਂ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਜਵਾਬਦੇਹ ਠਹਿਰਾਉਣ ਲਈ ਉਹ ਆਪਣੇ ਆਲਮੀ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦਾ ਰਹੇਗਾ।

# ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਡੁੱਬਣ ਕਾਰਨ ਮੌਤ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਦਰਿਆ 'ਚ ਪੰਜਾਬੀ ਨੌਜਵਾਨ ਦੀ ਡੁੱਬਣ ਕਾਰਨ ਮੌਤ ਹੋ ਗਈ ਹੈ। ਪੰਜਾਬ ਦੇ ਮਾਨਸਾ ਜ਼ਿਲ੍ਹੇ ਨਾਲ ਸੰਬੰਧਤ ਨੌਜਵਾਨ ਜਤਿਨ ਗਰਗ 11 ਮਹੀਨੇ ਪਹਿਲਾਂ ਹੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਗਿਆ ਸੀ। ਵਾਲੀਬਾਲ ਖੇਡਦਿਆਂ ਦਰਿਆ ਵਿਚ ਡੁੱਬਣ ਕਾਰਨ ਉਸ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਇਹ ਹਾਦਸਾ ਉਦੋਂ ਵਾਪਰਿਆ, ਜਦੋਂ ਉਹ ਦਰਿਆ ਵਿਚੋਂ ਵਾਲੀਬਾਲ ਚੁੱਕ ਰਿਹਾ ਸੀ। ਹਾਲਾਂਕਿ ਘਟਨਾ ਤੋਂ ਬਾਅਦ ਪੁਲਿਸ ਵੱਲੋਂ ਉਸ ਦੀ ਲਗਾਤਾਰ ਭਾਲ ਕੀਤੀ ਗਈ ਅਤੇ ਇੱਕ ਹਫ਼ਤੇ ਬਾਅਦ ਪੁਲਿਸ ਨੂੰ ਨੌਜਵਾਨ ਦੀ ਲਾਸ਼ ਚਾਰ ਕਿਲੋਮੀਟਰ ਦੂਰ ਦਰਿਆ 'ਚੋਂ ਮਿਲੀ।



ਪੁਲਿਸ ਵੱਲੋਂ ਜਤਿਨ ਦੀ ਮੌਤ ਬਾਰੇ ਪਰਿਵਾਰ ਨੂੰ ਇਤਲਾਹ ਦਿੱਤੀ, ਤਾਂ ਪਰਿਵਾਰ ਤੇ ਪਿੰਡ 'ਚ ਸੋਗ ਦੀ ਲਹਿਰ ਦੌੜ ਗਈ। ਮਾਪਿਆਂ ਨੇ ਸਰਕਾਰ ਤੋਂ ਜਤਿਨ ਦੀ ਦੇਹ ਵਾਪਸ ਲਿਆਉਣ ਦੀ ਅਪੀਲ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਰੂਸ-ਯੂਕਰੇਨ ਜੰਗ ਖ਼ਤਮ ਹੋਣ ਦੀ ਆਸ ਬਣੀ!

**■ ਯੂਕਰੇਨ ਨਾਲ ਸ਼ਰਤਾਂ ਤਹਿਤ ਗੱਲਬਾਤ ਲਈ ਰੂਸ ਤਿਆਰ**

**ਮਾਸਕੋ, (ਪੰਜਾਬ ਮੇਲ)-** ਬੀਤੇ ਚਾਰ ਸਾਲਾਂ ਤੋਂ ਜਾਰੀ ਜੰਗ ਖ਼ਤਮ ਹੋਣ ਦੀ ਆਸ ਬਣੀ ਹੈ। ਰੂਸ ਯੂਕਰੇਨ ਨਾਲ ਸਮਝੌਤੇ ਵੱਲ ਤੇਜ਼ੀ ਨਾਲ ਅੱਗੇ ਵਧਣ ਲਈ ਤਿਆਰ ਹੈ, ਪਰ ਇਸ ਲਈ ਰੂਸ ਨੇ ਕੁਝ ਸ਼ਰਤਾਂ ਰੱਖੀਆਂ ਹਨ। ਰੂਸ ਪਹਿਲਾਂ ਇਨ੍ਹਾਂ ਸ਼ਰਤਾਂ ਬਾਰੇ ਗੱਲ ਕਰਨਾ ਚਾਹੁੰਦਾ ਹੈ। ਰੂਸੀ ਸੰਸਦ ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਇਹ ਮਹੱਤਵਪੂਰਨ ਜਾਣਕਾਰੀ ਦਿੱਤੀ। ਸਰਕਾਰੀ ਟੈਲੀਵਿਜ਼ਨ ਨੂੰ ਦਿੱਤੀ ਇੱਕ ਇੰਟਰਵਿਊ ਵਿਚ ਪੇਸਕੋਵ ਨੇ ਕਿਹਾ, "ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵਾਰ-ਵਾਰ ਯੂਕਰੇਨ ਦੇ ਸਮਝੌਤੇ ਨੂੰ ਜਲਦੀ ਤੋਂ ਜਲਦੀ ਸ਼ਾਂਤੀਪੂਰਨ ਸਿੱਟੇ 'ਤੇ ਲਿਆਉਣ ਦੀ ਇੱਛਾ ਪ੍ਰਗਟ ਕੀਤੀ ਹੈ। ਇਹ ਇੱਕ ਲੰਬੀ ਪ੍ਰਕਿਰਿਆ ਹੈ, ਇਸ ਲਈ ਕੋਸ਼ਿਸ਼ ਦੀ ਲੋੜ ਹੈ ਅਤੇ ਇਹ ਆਸਾਨ ਨਹੀਂ ਹੈ।"

ਉਨ੍ਹਾਂ ਅੱਗੇ ਕਿਹਾ, 'ਸਾਡੇ ਟੀਚੇ ਸਪੱਸ਼ਟ ਹਨ, ਉਹ ਨਹੀਂ ਬਦਲਦੇ।' ਰੂਸੀ ਅਧਿਕਾਰੀਆਂ ਨੇ ਵਾਰ-ਵਾਰ ਕਿਹਾ ਹੈ ਕਿ ਕੋਈ ਵੀ ਸ਼ਾਂਤੀ ਸਮਝੌਤਾ ਯੂਕਰੇਨ ਦੇ ਆਪਣੇ ਚਾਰ ਖੇਤਰਾਂ ਤੋਂ ਆਪਣੀਆਂ ਫੌਜਾਂ ਵਾਪਸ ਲੈਣ, ਨਾਟੋ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਛੱਡਣ ਅਤੇ ਨਾਟੋ ਫੌਜਾਂ ਦੀ ਤਾਇਨਾਤੀ ਨੂੰ ਰੋਕਣ 'ਤੇ ਨਿਰਭਰ ਕਰਦਾ ਹੈ। ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਨੇ ਸ਼ਨੀਵਾਰ ਨੂੰ ਕਿਹਾ ਕਿ ਉਨ੍ਹਾਂ ਦੇ ਅਧਿਕਾਰੀਆਂ ਨੇ ਇਸ ਹਫ਼ਤੇ ਰੂਸ ਨਾਲ ਸ਼ਾਂਤੀ ਗੱਲਬਾਤ ਦਾ ਇੱਕ ਨਵਾਂ ਦੌਰ ਕਰਨ ਦਾ ਪ੍ਰਸਤਾਵ ਰੱਖਿਆ ਹੈ। ਰਾਸ਼ਟਰ ਨੂੰ ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ, 'ਜੰਗਬੰਦੀ ਲਈ ਹਰ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।'

ਗੌਰਤਲਬ ਹੈ ਕਿ 14 ਜੁਲਾਈ ਨੂੰ ਓਵਲ ਦਫਤਰ ਵਿਚ ਨਾਟੋ ਦੇ ਸਕੱਤਰ ਜਨਰਲ ਮਾਰਕ ਰੂਟ ਨਾਲ ਇੱਕ ਮੀਟਿੰਗ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਨਾਟੋ ਰਾਹੀਂ ਯੂਕਰੇਨ ਨੂੰ ਹਥਿਆਰ ਭੇਜੇਗਾ ਅਤੇ ਧਮਕੀ ਦਿੱਤੀ ਸੀ ਕਿ ਜੇਕਰ 50 ਦਿਨਾਂ ਦੇ ਅੰਦਰ ਜੰਗਬੰਦੀ ਸਮਝੌਤਾ ਨਹੀਂ ਹੋਇਆ, ਤਾਂ ਰੂਸ 'ਤੇ 'ਸਖ਼ਤ ਟੈਰਿਫ' ਲਗਾਏ ਜਾਣਗੇ। ਦੂਜੇ ਪਾਸੇ ਰੂਸ ਨੇ ਟਰੰਪ ਦੇ 50 ਦਿਨਾਂ ਦੇ ਅਲਟੀਮੇਟਮ ਨੂੰ ਰੱਦ ਕਰ ਦਿੱਤਾ ਅਤੇ ਇਸ ਧਮਕੀ ਨੂੰ ਅਸਵੀਕਾਰਨਯੋਗ ਕਿਹਾ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਵਿਦੇਸ਼ਾਂ ’ਚ ਸਖ਼ਤੀ ਕਾਰਨ ਪੰਜਾਬ ’ਚ ਪਾਸਪੋਰਟ ਬਣਾਉਣ ਦਾ ਉਤਸ਼ਾਹ ਪਿਆ ਮੱਠਾ !

**ਚੰਡੀਗੜ੍ਹ, (ਪੰਜਾਬ ਮੇਲ)**- ਕੈਨੇਡਾ ਨੇ ‘ਸਟੱਡੀ ਵੀਜ਼ਾ’ ਦੇਣ ਤੋਂ ਬੂਹੇ ਭੇੜ ਲਏ ਹਨ, ਜਿਸ ਕਾਰਨ ਪੰਜਾਬ ’ਚ ਪਾਸਪੋਰਟ ਬਣਾਉਣ ਦਾ ਜਨੂੰਨ ਯਕਦਮ ਮੱਠਾ ਪੈ ਗਿਆ ਹੈ। ਬੀਤੇ ਵਰ੍ਹਿਆਂ ’ਚ ਪੰਜਾਬ ਦੇ ਲੋਕਾਂ ਨੇ ਲੱਕ ਬੰਨ੍ਹ ਕੇ ਪਾਸਪੋਰਟ ਬਣਾਏ ਅਤੇ ਹੁਣ ਪੁਰਾਣਾ ਜੋਸ਼ ਗ਼ਾਇਬ ਹੈ। ਖ਼ਾਸ ਕਰਕੇ ਕੈਨੇਡਾ ਸਰਕਾਰ ਵੱਲੋਂ ਦਿਖਾਈ ਸਖ਼ਤੀ ਨੇ ਪੰਜਾਬੀਆਂ ਦੇ ਉਤਸ਼ਾਹ ਨੂੰ ਸੱਟ ਮਾਰੀ ਹੈ। ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਤਾਜ਼ਾ ਅੰਕੜੇ ਗਵਾਹੀ ਭਰਦੇ ਹਨ ਕਿ ਜਨਵਰੀ 2025 ਤੋਂ ਜੂਨ 2025 ਦੇ ਛੇ ਮਹੀਨਿਆਂ ਦੌਰਾਨ ਪੰਜਾਬ ’ਚ ਔਸਤਨ ਪ੍ਰਤੀ ਦਿਨ 1978 ਪਾਸਪੋਰਟ ਬਣੇ ਹਨ, ਜਦੋਂ ਕਿ ਸਾਲ 2024 ’ਚ ਇਹੋ ਔਸਤ ਪ੍ਰਤੀ ਦਿਨ 2906 ਪਾਸਪੋਰਟਾਂ ਦੀ ਸੀ।



ਪੰਜਾਬ ਸਰਕਾਰ ਵੱਲੋਂ ‘ਵਤਨ ਵਾਪਸੀ’ ਦਾ ਨਾਅਰਾ ਦਿੱਤਾ ਗਿਆ ਸੀ ਅਤੇ ਹੁਣ ‘ਆਪ’ ਸਰਕਾਰ ਵਿਦੇਸ਼ ਜਾਣ ਦੇ ਰੁਝਾਨ ਨੂੰ ਠੱਲ੍ਹਣ ਨੂੰ ਆਪਣੀ ਪ੍ਰਾਪਤੀ ਵਜੋਂ ਵੀ ਪੇਸ਼ ਕਰ ਰਹੀ ਹੈ। ਹਕੀਕਤ ਇਹ ਹੈ ਕਿ ਕੈਨੇਡਾ ਸਰਕਾਰ ਸਖ਼ਤੀ ਦੇ ਰਾਹ ਪਈ ਹੈ। ਪੰਜਾਬ ’ਚੋਂ ਜ਼ਿਆਦਾਤਰ ਵਿਦਿਆਰਥੀ ਕੈਨੇਡਾ ਹੀ ਪੜ੍ਹਨ ਜਾ ਰਹੇ ਸਨ। ਇਸ ਸਾਲ ਦੇ ਪਹਿਲੇ ਛੇ ਮਹੀਨਿਆਂ ਦੌਰਾਨ 3.60 ਲੱਖ ਪਾਸਪੋਰਟ ਹੀ ਬਣੇ ਹਨ ਅਤੇ ਸਾਲ 2024 ਵਿਚ ਇਹ ਅੰਕੜਾ 10.60 ਲੱਖ ਪਾਸਪੋਰਟਾਂ ਦਾ ਸੀ। ਸਾਲ 2023 ’ਚ ਤਾਂ ਇਸ ਰੁਝਾਨ ਦਾ ਸਿਖਰ ਸੀ, ਜਦੋਂ ਕਿ ਪ੍ਰਤੀ ਦਿਨ ਔਸਤਨ 3271 ਪਾਸਪੋਰਟ ਬਣੇ ਸਨ। 2023 ’ਚ 11.94 ਲੱਖ ਪਾਸਪੋਰਟ ਬਣੇ ਸਨ।

ਪੰਜਾਬ ’ਚ ਸਾਲ 2014 ਤੋਂ ਜੂਨ 2025 ਤੱਕ 95.41 ਲੱਖ ਪਾਸਪੋਰਟ ਬਣੇ ਹਨ, ਜਦੋਂਕਿ ਪੰਜਾਬ ਦੇ ਘਰਾਂ ਦੀ ਗਿਣਤੀ 65 ਲੱਖ ਹੈ। ਮਤਲਬ ਕਿ ਹਰ ਦੋ ਘਰਾਂ ਪਿੱਛੇ ਤਿੰਨ ਪਾਸਪੋਰਟ ਬਣੇ ਹਨ। ਉਂਜ ਆਬਾਦੀ ਦੇ ਲਿਹਾਜ਼ ਨਾਲ ਹਰ ਤੀਜਾ ਪੰਜਾਬੀ ਪਾਸਪੋਰਟ ਹੋਲਡਰ ਹੈ। ਵਰ੍ਹਾ 2020 ਵਿਚ ਪ੍ਰਤੀ ਦਿਨ ਔਸਤਨ 1321 ਪਾਸਪੋਰਟ ਬਣੇ ਸਨ ਅਤੇ ਸਾਲ 2023 ਵਿਚ ਇਹ ਦਰ ਢਾਈ ਗੁਣਾ ਵਾਧੇ ਨੂੰ ਪਾਰ ਕਰ ਗਈ ਸੀ। ਕੈਨੇਡਾ ਵਾਸੀ ਕਮਲਜੀਤ ਸਿੰਘ ਸਿੱਧੂ ਆਖਦੇ ਹਨ ਕਿ ਮੁੱਖ ਦੋ ਕਾਰਨ ਇਸ ਲਈ ਜ਼ਿੰਮੇਵਾਰ ਹਨ। ਪਹਿਲਾ, ਕੈਨੇਡਾ ਸਰਕਾਰ ਵੱਲੋਂ ਕਾਨੂੰਨਾਂ ’ਚ ਸਖ਼ਤੀ ਕਰਨਾ ਅਤੇ ਦੂਜਾ ਕੈਨੇਡਾ ਵਿਚ ਮੰਦਹਾਲੀ ਦਾ ਦੌਰ ਹੋਣ ਕਰਕੇ ਵਿਦਿਆਰਥੀਆਂ ਵੱਲੋਂ ਰੁਜ਼ਗਾਰ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ। ਵਿਦੇਸ਼ ਤੋਂ ਪਰਤੇ ਵਿਦਿਆਰਥੀ ਇਸ਼ਾਨ ਗਰਗ ਦਾ ਕਹਿਣਾ ਸੀ ਕਿ ਪ੍ਰੋਫੈਸ਼ਨਲ ਮੁਹਾਰਤ ਵਾਲੇ ਵਿਦਿਆਰਥੀ ਵੀ ਕੈਨੇਡਾ ’ਚ ਸੰਕਟ ਵਿਚੋਂ ਗੁਜ਼ਰ ਰਹੇ ਹਨ।

ਦੇਖਿਆ ਜਾਵੇ ਤਾਂ ਪੰਜਾਬ ’ਚ ਆਈਲੈੱਟਸ ਕੇਂਦਰ ਵੀ ਵੱਡੇ ਪੱਧਰ ’ਤੇ ਬੰਦ ਹੋ ਗਏ ਹਨ ਅਤੇ ਪੇਂਡੂ ਬੱਚਿਆਂ ਲਈ ਜਹਾਜ਼ ਦੀ ਤਾਕੀ ਨੂੰ ਹੱਥ ਪਾਉਣਾ ਕਾਫ਼ੀ ਔਖਾ ਹੋ ਗਿਆ ਹੈ। ਬਠਿੰਡਾ ਦੇ ਇਕ ਇੰਸਟੀਚਿਊਟ ਦੇ ਮਾਲਕ ਦਾ ਕਹਿਣਾ ਸੀ ਕਿ ਕੈਨੇਡਾ ਸਰਕਾਰ 50 ਫ਼ੀਸਦੀ ਦੇ ਕਰੀਬ ਵੀਜ਼ੇ ਰੱਦ ਕਰ ਰਹੀ ਹੈ ਅਤੇ ਸਟੱਡੀ ਵੀਜ਼ਾ ਲੈਣ ਲਈ ਰਾਹ ਕਾਫ਼ੀ ਔਖੇ ਹੋ ਗਏ ਹਨ। ਜੀ.ਆਈ.ਸੀ. ਫ਼ੀਸ ਹੁਣ ਦੁੱਗਣੀ ਤੋਂ ਵੀ ਵਧਾ ਦਿੱਤੀ ਗਈ ਹੈ ਅਤੇ ਵਿਦਿਆਰਥੀਆਂ ਲਈ ਫੰਡਜ਼ ਵੀ ਛੇ ਮਹੀਨੇ ਪੁਰਾਣੇ ਹੋਣ ਦੀ ਸ਼ਰਤ ਲਾਜ਼ਮੀ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਵੀ ਵੀਜ਼ੇ ਦੇਣੇ ਕਾਫ਼ੀ ਘੱਟ ਕਰ ਦਿੱਤੇ ਹਨ।

ਪਿਛਾਂਹ ਨਜ਼ਰ ਮਾਰੀਏ ਤਾਂ ਜਦੋਂ ਕੋਵਿਡ ਮਹਾਮਾਰੀ ਸੀ, ਤਾਂ ਉਦੋਂ ਇਸ ਰੁਝਾਨ ’ਚ ਖੜੋਤ ਆ ਗਈ ਸੀ ਅਤੇ ਦੂਜਾ ਹੁਣ ਵਿਦੇਸ਼ ਦੀ ਸਖ਼ਤੀ ਨੇ ਮੋੜਾ ਪਾਇਆ ਹੈ। ਚੰਗਾ ਪੱਖ ਇਹ ਹੈ ਕਿ ਕੈਨੇਡਾ ਦੀ ਸਖ਼ਤੀ ਮਗਰੋਂ ਪੰਜਾਬ ਦੇ ਵਿੱਦਿਅਕ ਅਦਾਰਿਆਂ ’ਚ ਰੌਣਕ ਪਰਤਣ ਲੱਗੀ ਹੈ। ਪੰਜਾਬ ’ਚ ਸਟੱਡੀ ਵੀਜ਼ੇ ਦਾ ਰੁਝਾਨ ਸਾਲ 2016-17 ਵਿਚ ਸ਼ੁਰੂ ਹੋਇਆ ਸੀ। ਮੁੱਢਲੇ ਪੜਾਅ ’ਤੇ ਵਿਦੇਸ਼ਾਂ ’ਚ ਪੀ.ਆਰ. ਹੋਣ ਵਾਲੇ ਵਿਦਿਆਰਥੀਆਂ ਦੇ ਮਾਪੇ ਵੀ ਵਿਦੇਸ਼ ਜਾਣ ’ਚ ਸਫਲ ਹੋ ਗਏ ਸਨ, ਜਿਸ ਕਰਕੇ ਪਾਸਪੋਰਟਾਂ ਦਾ ਅੰਕੜਾ ਵਧਿਆ ਸੀ। ਉੱਤਰੀ ਭਾਰਤ ’ਚੋਂ ਪੰਜਾਬ ਇਸ ਮਾਮਲੇ ’ਚ ਪਹਿਲੇ ਨੰਬਰ ’ਤੇ ਰਿਹਾ ਹੈ। ਹਰਿਆਣਾ ’ਚ ਵੀ ਇਸ ਵਰ੍ਹੇ ਦੇ ਛੇ ਮਹੀਨਿਆਂ ’ਚ 2.12 ਲੱਖ ਪਾਸਪੋਰਟ ਬਣੇ ਹਨ, ਜਦੋਂਕਿ ਸਾਲ 2024 ਵਿਚ 5.49 ਲੱਖ ਪਾਸਪੋਰਟ ਬਣੇ ਸਨ।

## ਵਿਧਾਇਕ ਰਮਨ ਅਰੋੜਾ ਖਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਚਾਰਜਸ਼ੀਟ ਦਾਇਰ

**ਜਲੰਧਰ, (ਪੰਜਾਬ ਮੇਲ)**- ਜਲੰਧਰ ਸੈਂਟਰਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਰਮਨ ਅਰੋੜਾ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਵਿਜੀਲੈਂਸ ਬਿਊਰੋ ਨੇ ਉਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਅਦਾਲਤ ਵਿਚ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ। ਚਾਰਜਸ਼ੀਟ ਅਨੁਸਾਰ, ਰਮਨ ਅਰੋੜਾ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ, ਸਰਕਾਰੀ ਫੰਡਾਂ ਦੀ ਦੁਰਵਰਤੋਂ ਕੀਤੀ, ਕਈ ਵਿੱਤੀ ਬੇਨਿਯਮੀਆਂ ਕੀਤੀਆਂ ਅਤੇ ਆਪਣੇ ਪਰਿਵਾਰ ਦੇ ਨਾਮ ’ਤੇ ਗੈਰ-ਕਾਨੂੰਨੀ ਜਾਇਦਾਦਾਂ ਬਣਾਈਆਂ। ਵਿਜੀਲੈਂਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਜਾਂਚ ਦੌਰਾਨ ਮਿਲੇ ਮਹੱਤਵਪੂਰਨ ਦਸਤਾਵੇਜ਼ਾਂ ਅਤੇ ਗਵਾਹਾਂ ਦੇ ਬਿਆਨਾਂ ਨੂੰ ਚਾਰਜਸ਼ੀਟ ਦਾ ਹਿੱਸਾ ਬਣਾਇਆ ਗਿਆ ਹੈ, ਜਿਸ ਨਾਲ ਕੇਸ ਹੋਰ ਮਜ਼ਬੂਤ ਹੋਇਆ ਹੈ। ਅਧਿਕਾਰੀਆਂ ਅਨੁਸਾਰ ਚਾਰਜਸ਼ੀਟ ਵਿਚ ਕਈ ਅਜਿਹੇ ਤੱਥ ਅਤੇ ਸਬੂਤ ਸ਼ਾਮਲ ਹਨ, ਜੋ ਭ੍ਰਿਸ਼ਟਾਚਾਰ ਨੂੰ ਦਰਸਾਉਂਦਾ ਹਨ। ਹੁਣ ਇਸ ਮਾਮਲੇ ਦੀ ਅਦਾਲਤ ਵਿਚ ਜਲਦੀ ਸੁਣਵਾਈ ਹੋਣ ਦੀ ਸੰਭਾਵਨਾ ਹੈ। ਵਿਜੀਲੈਂਸ ਨੇ 23 ਮਈ ਨੂੰ ਜਲੰਧਰ ਤੋਂ ਰਮਨ ਅਰੋੜਾ ਨੂੰ ਗ੍ਰਿਫ਼ਤਾਰ ਕੀਤਾ ਸੀ।



## ਬਿਕਰਮ ਸਿੰਘ ਮਜੀਠੀਆ ਦੇ ਜੂਡੀਸ਼ਅਲ ਰਿਮਾਂਡ ’ਚ 14 ਦਿਨਾਂ ਦਾ ਵਾਧਾ

**■ 2 ਅਗਸਤ ਨੂੰ ਹੋਵੇਗੀ ਅਗਲੀ ਪੇਸ਼ੀ**

**ਮੁਹਾਲੀ, (ਪੰਜਾਬ ਮੇਲ)**- ਮੁਹਾਲੀ ਦੀ ਕੋਰਟ ਨੇ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਨਿਆਂਇਕ ਰਿਮਾਂਡ ’ਚ 14 ਦਿਨਾਂ ਦਾ ਵਾਧਾ ਕਰ ਦਿੱਤਾ ਹੈ। ਮਜੀਠੀਆ ਨੂੰ ਹੁਣ 2 ਅਗਸਤ ਨੂੰ ਮੁੜ ਕੋਰਟ ਵਿਚ ਪੇਸ਼ ਕੀਤਾ ਜਾਵੇਗਾ। ਪੁਲਿਸ ਮਜੀਠੀਆ ਨੂੰ ਲੈ ਕੇ ਨਾਭਾ ਜੇਲ੍ਹ ਲਈ ਰਵਾਨਾ ਹੋ ਗਈ ਹੈ।



ਇਸ ਤੋਂ ਪਹਿਲਾਂ ਦਿਨੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਨਾਭਾ ਦੀ ਨਿਊ ਜੇਲ੍ਹ ਵਿਚ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਸਖ਼ਤ ਸੁਰੱਖਿਆ ਪਹਿਰੇ ਹੇਠ ਮੁਹਾਲੀ ਕੋਰਟ ਵਿਚ ਪੇਸ਼ ਕੀਤਾ ਗਿਆ। ਪੁਲਿਸ ਵੱਲੋਂ ਕੋਰਟ ਦੇ ਬਾਹਰ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਮਜੀਠੀਆ ਨੂੰ 12 ਗੱਡੀਆਂ ਦੇ ਕਾਫਲੇ ਦੇ ਰੂਪ ਵਿਚ ਨਾਭਾ ਜੇਲ੍ਹ ਤੋਂ ਮੁਹਾਲੀ ਲਿਆਂਦਾ ਗਿਆ ਸੀ।

ਅਦਾਲਤ ਵਿਚ ਮਜੀਠੀਆ ਦੀ ਪਤਨੀ ਗਨੀਵ ਕੌਰ ਵੀ ਹਾਜ਼ਰ ਸੀ। ਉਨ੍ਹਾਂ ਅਦਾਲਤ ਦੀ ਇਜਾਜ਼ਤ ਨਾਲ 15 ਮਿੰਟ ਆਪਣੇ ਪਤੀ ਨਾਲ ਮੁਲਾਕਾਤ ਵੀ ਕੀਤੀ। ਮਜੀਠੀਆ ਦੇ ਵਕੀਲਾਂ ਦਮਨਬੀਰ ਸਿੰਘ ਸੋਬਤੀ ਤੇ ਐੱਚ.ਐੱਸ. ਧਨੋਆ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਜੇਲ੍ਹ ਵਿਚ ਮਜੀਠੀਆ ਦੀ ਜਾਨ ਨੂੰ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਜੇਲ੍ਹ ਵਿਚ ਜਿਨ੍ਹਾਂ ਦੋ ਕੈਦੀਆਂ ਨਾਲ ਮਜੀਠੀਆ ਨੂੰ ਰੱਖਿਆ ਜਾ ਰਿਹਾ ਹੈ, ਉਹ ਬਹੁਤ ਖ਼ਤਰਨਾਕ ਅਪਰਾਧੀ ਹਨ। ਮਜੀਠੀਆ ਦੇ ਵਕੀਲਾਂ ਨੇ ਕਿਹਾ ਕਿ ਅਦਾਲਤ ਵਿਚ ਸਰਕਾਰੀ ਪੱਖ ਮਜੀਠੀਆ ਦੀ ਸ਼ਿਮਲਾ ਨੇੜੇ ਇੱਕ ਹਜ਼ਾਰ ਏਕੜ ਜ਼ਮੀਨ ਹੋਣ ਦੇ ਦਾਅਵੇ ਤੋਂ ਵੀ ਪਿੱਛੇ ਹੱਟ ਗਿਆ ਹੈ। ਉਨ੍ਹਾਂ ਦਿੱਲੀ ਤੇ ਚੰਡੀਗੜ੍ਹ ਆਦਿ ਥਾਵਾਂ ’ਤੇ ਮਜੀਠੀਆ ਦੀਆਂ ਜਾਇਦਾਦਾਂ ਦੀ ਕੀਤੀ ਜਾ ਰਹੀ ਮਿਣਤੀ ਨੂੰ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੂੰ ਅਦਾਲਤ ਤੋਂ ਦੂਰ ਰੱਖਣ ਦੀ ਕਾਰਵਾਈ ਕਰਾਰ ਦਿੱਤਾ।

ਸਰਕਾਰੀ ਧਿਰ ਦੇ ਵਕੀਲ ਨੇ ਆਖਿਆ ਕਿ ਵਿਜੀਲੈਂਸ ਅਤੇ ਸਿਟ ਵੱਲੋਂ ਮਜੀਠੀਆ ਦੇ ਟਿਕਾਣਿਆਂ ’ਤੇ ਤਲਾਸ਼ੀਆਂ, ਮਿਣਤੀ, ਛਾਪੇ ਸਾਰਾ ਕੁਝ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਜੀਠੀਆ ਦੇ ਵਕੀਲ ਜਾਣ-ਬੁੱਝ ਕੇ ਹਰੇਕ ਗੱਲ ’ਤੇ ਇਤਰਾਜ਼ ਉਠਾ ਰਹੇ ਹਨ। ਉਧਰ ਮਜੀਠੀਆ ਦੀ ਪੇਸ਼ੀ ਦੇ ਮੱਦੇਨਜ਼ਰ ਪੁਲਿਸ ਨੇ ਅਕਾਲੀ ਵਰਕਰਾਂ ਨੂੰ ਇਸ ਮੌਕੇ ਇਕੱਠੇ ਹੋਣ ਤੋਂ ਰੋਕਣ ਲਈ ਅਕਾਲੀ ਆਗੂਆਂ ਨੂੰ ਘਰਾਂ ਵਿਚ ਹੀ ਨਜ਼ਰਬੰਦ ਕਰ ਦਿੱਤਾ ਸੀ।




# 'ਆਪ' ਵੱਲੋਂ ਅਨਮੋਲ ਗਗਨ ਮਾਨ ਦਾ ਵਿਧਾਇਕ ਵਜੋਂ ਅਸਤੀਫ਼ਾ ਨਾਮਨਜ਼ੂਰ

**ਚੰਡੀਗੜ੍ਹ, (ਪੰਜਾਬ ਮੇਲ)-** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਵਿਧਾਨ ਸਭਾ ਹਲਕਾ ਖਰੜ ਤੋਂ 'ਆਪ' ਵਿਧਾਇਕਾ ਅਨਮੋਲ ਗਗਨ ਮਾਨ ਦੇ ਵਿਧਾਇਕ ਵਜੋਂ ਅਸਤੀਫ਼ੇ ਨੂੰ ਨਾਮਨਜ਼ੂਰ ਕਰ ਦਿੱਤਾ ਹੈ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਅਨਮੋਲ ਗਗਨ ਮਾਨ ਨਾਲ ਮੁਲਾਕਾਤ ਕਰਨ ਉਪਰੰਤ ਕੀਤਾ ਹੈ। ਸ਼੍ਰੀ ਅਰੋੜਾ ਨੇ ਅਨਮੋਲ ਗਗਨ ਮਾਨ ਨਾਲ ਮੁਲਾਕਾਤ ਤੋਂ ਬਾਅਦ ਆਪਣੇ 'ਐਕਸ' ਅਕਾਊਂਟ 'ਤੇ ਲਿਖਿਆ, 'ਅਨਮੋਲ ਗਗਨ ਮਾਨ ਨਾਲ ਪਰਿਵਾਰਕ ਮਾਹੌਲ ਵਿਚ ਮੁਲਾਕਾਤ ਹੋਈ। ਵਿਧਾਇਕ ਵਜੋਂ ਉਨ੍ਹਾਂ ਦੇ ਅਸਤੀਫ਼ੇ ਨੂੰ ਪਾਰਟੀ ਵੱਲੋਂ ਨਾਮਨਜ਼ੂਰ ਕਰਨ ਦਾ ਫ਼ੈਸਲਾ ਸੁਣਾਇਆ ਗਿਆ, ਜਿਸ ਨੂੰ ਉਨ੍ਹਾਂ ਨੇ ਸਵੀਕਾਰ ਕਰ ਲਿਆ ਹੈ। ਉਹ ਪਾਰਟੀ ਤੇ ਹਲਕੇ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਰਹਿਣਗੇ।' ਸ਼੍ਰੀ ਅਰੋੜਾ ਨੇ ਕਿਹਾ ਕਿ ਅਨਮੋਲ ਗਗਨ ਮਾਨ ਅਰਵਿੰਦ ਕੇਜਰੀਵਾਲ ਤੇ 'ਆਪ' ਦੇ ਪਰਿਵਾਰ ਦਾ ਹਿੱਸਾ ਹਨ ਅਤੇ ਭਵਿੱਖ ਵਿਚ ਵੀ ਪਰਿਵਾਰ ਨਾਲ ਬਣੇ ਰਹਿਣਗੇ।



ਜ਼ਿਕਰਯੋਗ ਹੈ ਕਿ ਵਿਧਾਨ ਸਭਾ ਹਲਕਾ ਖਰੜ ਤੋਂ 'ਆਪ' ਵਿਧਾਇਕਾ ਅਨਮੋਲ ਗਗਨ ਮਾਨ ਨੇ ਬੀਤੇ ਦਿਨੀਂ ਰਾਜਨੀਤੀ ਛੱਡਣ ਦਾ ਐਲਾਨ ਕੀਤਾ ਸੀ। ਹਾਲਾਂਕਿ ਅਨਮੋਲ ਗਗਨ ਮਾਨ ਨੇ ਆਪਣਾ ਅਸਤੀਫ਼ਾ ਦੇਣ ਬਾਰੇ ਕਾਰਨ ਕੁਝ ਵੀ ਨਹੀਂ ਦੱਸਿਆ ਸੀ। ਉਨ੍ਹਾਂ ਦੇ ਅਸਤੀਫੇ ਤੋਂ ਬਾਅਦ ਕਈ ਤਰ੍ਹਾਂ ਦੇ ਕਿਆਸ ਲਾਏ ਜਾ ਰਹੇ ਸਨ।

# ਅਕਾਲੀ ਦਲ ਨੇ ਤਰਨ ਤਾਰਨ ਜ਼ਿਮਨੀ ਚੋਣ ਲਈ ਸੁਖਵਿੰਦਰ ਕੌਰ ਰੰਧਾਵਾ ਨੂੰ ਉਮੀਦਵਾਰ ਐਲਾਨਿਆ

**ਤਰਨ ਤਾਰਨ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਪਾਰਟੀ ਉਮੀਦਵਾਰ ਐਲਾਨਿਆ ਹੈ। ਸੁਖਬੀਰ ਨੇ ਇਹ ਐਲਾਨ ਪਾਰਟੀ ਦੇ ਪਹਿਲੇ ਪ੍ਰਧਾਨ ਸਰਮੁੱਖ ਸਿੰਘ ਝਬਾਲ ਦੇ ਜੱਦੀ ਪਿੰਡ ਝਬਾਲ ਦੀ ਦਾਣਾ ਮੰਡੀ 'ਚ ਕੀਤੇ ਗਏ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੀ ਮੌਤ ਕਾਰਨ ਇਹ ਸੀਟ ਖਾਲੀ ਹੋ ਗਈ ਸੀ, ਜਿਸ ਲਈ ਹੁਣ ਜ਼ਿਮਨੀ ਚੋਣ ਕਰਵਾਈ ਜਾ ਰਹੀ ਹੈ। ਇਸ ਦੌਰਾਨ ਸੁਖਬੀਰ ਬਾਦਲ ਨੇ ਲੋਕਾਂ ਨੂੰ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ ਦੀ ਅਪੀਲ ਵੀ ਕੀਤੀ।

ਹਲਕੇ ਅੰਦਰ 'ਆਜ਼ਾਦ ਗਰੁੱਪ' ਦੇ ਨਾਂ 'ਤੇ ਸਿਆਸੀ ਗਤੀਵਿਧੀਆਂ ਕਰਦੇ ਆ ਰਹੇ ਗਰੁੱਪ ਵੱਲੋਂ ਬੀਬੀ ਸੁਖਵਿੰਦਰ ਕੌਰ ਨੂੰ ਕੁਝ ਦਿਨ ਪਹਿਲਾਂ ਹੀ ਆਪਣਾ ਆਗੂ ਚੁਣਿਆ ਗਿਆ ਸੀ, ਜਿਨ੍ਹਾਂ ਨੂੰ ਪਹਿਲਾਂ ਸੁਖਬੀਰ ਬਾਦਲ ਨੇ ਅਕਾਲੀ ਦਲ ਵਿਚ ਸ਼ਾਮਲ ਕੀਤਾ ਅਤੇ ਬਾਅਦ ਵਿਚ ਉਮੀਦਵਾਰ ਵੀ ਐਲਾਨ ਦਿੱਤਾ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੀ ਬਾਦਲ ਨੇ ਆਪਣੀਆਂ ਵਿਰੋਧੀ ਧਿਰਾਂ ਤੇ ਖ਼ਾਸ ਕਰਕੇ ਆਮ ਆਦਮੀ ਪਾਰਟੀ ਅਤੇ ਕਾਂਗਰਸ 'ਤੇ ਸ਼ਬਦੀ ਵਾਰ ਕੀਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਸਾਜ਼ਿਸ਼ ਤਹਿਤ ਸੋਸ਼ਲ ਮੀਡੀਆ ਰਾਹੀਂ ਅਕਾਲੀ ਦਲ ਨੂੰ ਬਦਨਾਮ ਕੀਤਾ ਹੈ। ਉਨ੍ਹਾਂ 'ਆਪ' ਨੂੰ ਬੇਅਦਬੀ ਦੀਆਂ ਘਟਨਾਵਾਂ ਦਾ ਕਸੂਰਵਾਰ ਦੱਸਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੂਬੇ ਦੇ ਕਿਸਾਨ ਨੂੰ ਲੁੱਟਣ ਲਈ ਚੰਡੀਗੜ੍ਹ, ਲੁਧਿਆਣਾ ਅਤੇ ਤਰਨ ਤਾਰਨ ਦੀ ਜ਼ਮੀਨ ਪੂਲਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਤਨਜ਼ ਕੱਸਦਿਆਂ ਕਿਹਾ ਕਿ ਪੰਜਾਬ 'ਚ ਭਗਵੰਤ ਮਾਨ ਦੀ ਥਾਂ 'ਤੇ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਸੂਬੇ ਦੇ ਲੋਕਾਂ ਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ। ਇਕੱਤਰਤਾ ਨੂੰ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਇਕਬਾਲ ਸਿੰਘ ਸੰਧੂ, ਗੁਰਬਚਨ ਸਿੰਘ ਕਰਮੂੰਵਾਲਾ, ਗੌਰਵ ਵਲਟੋਹਾ, ਪਰਮਜੀਤ ਸਿੰਘ, ਸੁਖਵਿੰਦਰ ਸਿੰਘ ਖਾਪਰਖੇੜੀ, ਸੁਰਜੀਤ ਸਿੰਘ ਪਹਿਲਵਾਨ, ਰਾਜਵਿੰਦਰ ਸਿੰਘ, ਰਣਬੀਰ ਸਿੰਘ ਰਾਣਾ ਲੋਪੋਕੇ ਅਤੇ ਗੁਰਸੇਵਕ ਸਿੰਘ ਸ਼ੇਖ ਨੇ ਵੀ ਸੰਬੋਧਨ ਕੀਤਾ।




## MATRIMONIAL

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।

ਵਟਸਐਪ ਨੰਬਰ : (706) 206-2516

845

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਕੂਲ ਵਿਚ ਬੱਚਿਆਂ ਦੇ ਬਲੱਡ ਗਰੁੱਪ ਕੀਤੇ ਮੁਫ਼ਤ ਚੈੱਕ




**ਸ਼੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਫਹਿਰਿਸਤ ਏਨੀ ਲੰਮੀ ਹੈ ਕਿ ਇਸ ਨੂੰ ਵਰਨਣ ਕਰਨਾ ਨਾ ਮੁਮਕਿਨ ਹੈ। ਇਸ ਲੜੀ ਨੂੰ ਹੋਰ ਅੱਗੇ ਤੋਰਦਿਆਂ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਅਤੇ ਡਾਕਟਰ ਦਿਲਜੀਤ ਸਿੰਘ ਗਿੱਲ ਡਾਇਰੈਕਟਰ ਹੈਲਥ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਪਿਛਲੇ ਲੰਮੇ ਸਮੇਂ ਤੋਂ ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਟਰੱਸਟ ਵੱਲੋਂ ਮੁਫ਼ਤ ਬਲੱਡ ਗਰੁੱਪ ਸੰਨੀ ਓਬਰਾਏ ਕਲੀਨਿਕਲ ਲੈਬ ਅਤੇ ਡਾਇਗਨੋਸਟਿਕ ਸੈਂਟਰਾਂ ਤੋਂ ਮੁਫ਼ਤ ਚੈੱਕ ਕਰਵਾਏ ਜਾ ਰਹੇ ਹਨ,


ਡਾ. ਐੱਸ.ਪੀ. ਸਿੰਘ ਓਬਰਾਏ।

ਤਾਂ ਜੋ ਬੱਚਿਆਂ 'ਤੇ ਪੈਣ ਵਾਲੇ ਆਰਥਿਕ ਬੋਝ ਨੂੰ ਘਟਾਇਆ ਜਾ ਸਕੇ। ਸਰਕਾਰੀ ਪ੍ਰਾਇਮਰੀ ਸਕੂਲ ਬਰਕੰਦੀ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) ਸਕੂਲ ਵਿਚ ਜਾ ਕੇ ਸੰਨੀ ਓਬਰਾਏ ਕਲੀਨਿਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਕੱਚਾ ਥਾਂਦੇਵਾਲਾ ਰੋਡ ਵੱਲੋਂ ਬੱਚਿਆਂ ਦੇ ਬਲੱਡ ਗਰੁੱਪ ਮੁਫ਼ਤ ਚੈੱਕ ਕੀਤੇ ਗਏ। ਸਕੂਲ ਸਟਾਫ ਅਤੇ ਬੱਚਿਆਂ ਦੇ ਮਾਪਿਆਂ ਵੱਲੋਂ ਡਾ. ਓਬਰਾਏ ਦੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਜਸਪਾਲ ਸਿੰਘ ਰਿਹਾ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਜਸਬੀਰ ਸਿੰਘ ਰਿਟਾਇਰ ਏ.ਐੱਸ.ਆਈ., ਸਕੂਲ ਸਟਾਫ ਆਦਿ ਹਾਜ਼ਰ ਸਨ।

# ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਅੰਗਹੀਣ ਵਿਅਕਤੀਆਂ ਦੀ ਕੀਤੀ ਦਿਲ ਖੋਲ੍ਹ ਕੇ ਮਦਦ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਗੈਰ ਸਿਆਸੀ ਅਤੇ ਸਵੈ ਵਿੱਤੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਟਰੱਸਟੀ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਆਪਣੀ ਕੁੱਲ ਆਮਦਨ ਵਿਚੋਂ 98% ਲੋਕ ਭਲਾਈ ਲਈ ਖਰਚ ਕੀਤੇ ਜਾ ਰਹੇ ਹਨ। ਇਸ ਲੜੀ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਡਾਕਟਰ ਓਬਰਾਏ ਵਲੋਂ ਭੇਜੀ 30000 ਦੀ ਰਾਸ਼ੀ 40 ਅੰਗਹੀਣ ਵਿਅਕਤੀਆਂ ਨੂੰ ਪਿਛਲੇ ਦਿਨੀਂ ਇੱਕ ਸਾਦੇ ਸਮਾਗਮ ਦੌਰਾਨ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਦੱਸਿਆ ਕਿ ਇਹ ਲੋੜਵੰਦ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਵੱਖ-ਵੱਖ ਬੀਮਾਰੀ ਤੋਂ ਵੀ ਪੀੜਤ ਹਨ। ਅੰਗਹੀਣ ਵਿਅਕਤੀਆਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਇਸ ਸਥਿਤੀ ਵਿਚ ਸਾਡੇ ਆਪਣੇ ਵੀ ਸਾਡੇ ਕੋਲੋਂ ਮੂੰਹ ਮੋੜਦੇ ਹਨ। ਅਸੀਂ ਡਾਕਟਰ ਓਬਰਾਏ ਦਾ ਧੰਨਵਾਦ ਕਰਦੇ ਹਾਂ, ਜੋ ਹਮੇਸ਼ਾ ਸਾਡੀ ਲਾਠੀ ਬਣਕੇ ਸਾਡੇ ਨਾਲ ਖੜ੍ਹਦੇ ਹਨ ਅਤੇ ਸਮੇਂ-ਸਮੇਂ 'ਤੇ ਸਾਨੂੰ ਪੂਰਨ ਸਹਿਯੋਗ ਦੇਂਦੇ ਹਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਮਹੰਤ ਕਸ਼ਮੀਰ ਸਿੰਘ ਨੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਸੰਗਤਾਂ ਲਈ ਲੰਗਰ ਤਿਆਰ ਵੀ ਕਰਵਾਇਆ ਗਿਆ। ਇਸ ਮੌਕੇ ਗੁਰਪਾਲ ਸਿੰਘ ਪਾਲੀ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਮਾਸਟਰ ਰਾਜਿੰਦਰ ਸਿੰਘ, ਸੁਖਬੀਰ ਸਿੰਘ ਜੈਲਦਾਰ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਹਾਜ਼ਰ ਸਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**






# ਅਕਾਲੀ ਦਲ ਸੰਕਟ: ਭਰਤੀ ਕਮੇਟੀ ਵੱਲੋਂ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਕਰਨ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)-** ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਸੁਰਜੀਤੀ ਲਈ ਬਣਾਈ ਗਈ ਭਰਤੀ ਕਮੇਟੀ 11 ਅਗਸਤ ਨੂੰ ਪ੍ਰਧਾਨ ਸਣੇ ਹੋਰ ਅਹੁਦੇਦਾਰਾਂ ਦੀ ਚੋਣ ਕਰੇਗੀ। ਇਸ ਲਈ ਭਰਤੀ ਕਮੇਟੀ ਵੱਲੋਂ 11 ਅਗਸਤ ਨੂੰ ਅੰਮ੍ਰਿਤਸਰ ਵਿਚ ਤੇਜਾ ਸਿੰਘ ਸਮੁੰਦਰੀ ਹਾਲ 'ਚ ਜਨਰਲ ਇਜਲਾਸ ਸੱਦਿਆ ਗਿਆ ਹੈ। ਭਰਤੀ ਕਮੇਟੀ ਦੇ ਕਾਰਜਸ਼ੀਲ ਮੈਂਬਰ ਮਨਪ੍ਰੀਤ ਸਿੰਘ ਇਯਾਲੀ, ਗੁਰਪ੍ਰਤਾਪ ਸਿੰਘ ਵਡਾਲਾ, ਇਕਬਾਲ ਸਿੰਘ ਝੂੰਦਾ, ਸੰਤਾ ਸਿੰਘ ਉਮੈਦਪੁਰੀ ਤੇ ਸਤਵੰਤ ਕੌਰ ਨੇ ਕਿਹਾ ਕਿ 11 ਅਗਸਤ ਨੂੰ ਜਨਰਲ ਇਜਲਾਸ ਵਿਚ ਪੰਜਾਬ ਸਮੇਤ ਦੂਜੇ ਸੂਬਿਆਂ ਤੋਂ ਚੁਣੇ ਗਏ ਸਟੇਟ ਡੈਲੀਗੇਟ ਹਿੱਸਾ ਲੈਣਗੇ। ਭਰਤੀ ਕਮੇਟੀ ਵੱਲੋਂ 21 ਤੋਂ 30 ਜੁਲਾਈ ਤੱਕ ਸੂਬੇ ਵਿਚ ਮੀਟਿੰਗਾਂ ਕਰਕੇ ਜ਼ਿਲ੍ਹਾ ਤੇ ਸਟੇਟ ਡੈਲੀਗੇਟ ਦੀ ਚੋਣ ਕੀਤੀ ਜਾਵੇਗੀ।




ਭਰਤੀ ਕਮੇਟੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵੱਖ-ਵੱਖ ਧੜਿਆਂ ਨੂੰ ਇਕਜੁੱਟ ਹੋਣ ਦੇ ਹੁਕਮ ਦਿੱਤੇ ਸਨ। ਉਸੇ ਆਦੇਸ਼ਾਂ ਤਹਿਤ ਭਰਤੀ ਕਮੇਟੀ ਦੇ ਮੈਂਬਰਾਂ ਨੇ ਸਾਰੀਆਂ ਪੰਥਕ ਧਿਰਾਂ ਨੂੰ ਇੱਕਠੇ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਨੈਤਿਕ ਅਧਿਕਾਰ ਗੁਆ ਚੁੱਕੀ ਲੀਡਰਸ਼ਿਪ ਨੂੰ ਲਾਂਭੇ ਕਰ ਕੇ ਪੰਥ ਪ੍ਰਵਾਨਿਤ ਲੀਡਰਸ਼ਿਪ ਦੇਣ ਦੇ ਆਦੇਸ਼ ਦੀ ਪਾਲਣਾ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਭਰਤੀ ਕਮੇਟੀ ਦੇ ਪੰਜਾਂ ਮੈਂਬਰਾਂ ਵੱਲੋਂ 21 ਤੋਂ 30 ਜੁਲਾਈ ਤੱਕ ਪੰਜਾਬ ਦੇ ਸਾਰੇ ਹਲਕਿਆਂ ਵਿਚ ਪਹੁੰਚ ਕਰਕੇ ਮੀਟਿੰਗਾਂ ਕਰਕੇ ਜ਼ਿਲ੍ਹਾ ਤੇ ਸਟੇਟ ਡੈਲੀਗੇਟਾਂ ਦੀ ਚੋਣ ਕੀਤੀ ਜਾਵੇਗੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਉਪ ਰਾਸ਼ਟਰਪਤੀ ਜਗਦੀਪ ਧਨਖੜ ਵੱਲੋਂ ਅਹੁਦੇ ਤੋਂ ਅਸਤੀਫ਼ਾ

**ਨਵੀਂ ਦਿੱਲੀ, (ਪੰਜਾਬ ਮੇਲ)-** ਉਪ ਰਾਸ਼ਟਰਪਤੀ ਜਗਦੀਪ ਧਨਖੜ (74) ਨੇ ਮੈਡੀਕਲ ਕਾਰਨਾਂ ਦੇ ਹਵਾਲੇ ਨਾਲ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਆਪਣਾ ਅਸਤੀਫ਼ਾ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਭੇਜ ਦਿੱਤਾ ਹੈ।



ਧਨਖੜ ਨੇ ਕਿਹਾ ਕਿ ਉਹ ਤੁਰੰਤ ਪ੍ਰਭਾਵ ਤੋਂ ਅਹੁਦਾ ਛੱਡ ਰਹੇ ਹਨ। ਧਨਖੜ ਅਗਸਤ 2022 'ਚ ਉਪ ਰਾਸ਼ਟਰਪਤੀ ਬਣੇ ਸਨ। ਧਨਖੜ ਨੇ ਰਾਸ਼ਟਰਪਤੀ ਨੂੰ ਲਿਖੇ ਆਪਣੇ ਪੱਤਰ ਵਿਚ ਕਿਹਾ, "ਸਿਹਤ ਸੰਭਾਲ ਨੂੰ ਤਰਜੀਹ ਦੇਣ ਅਤੇ ਡਾਕਟਰੀ ਸਲਾਹ ਦੀ ਪਾਲਣਾ ਕਰਨ ਲਈ, ਮੈਂ ਸੰਵਿਧਾਨ ਦੀ ਧਾਰਾ 67(ਏ) ਦੇ ਅਨੁਸਾਰ, ਤੁਰੰਤ ਪ੍ਰਭਾਵ ਨਾਲ, ਭਾਰਤ ਦੇ ਉਪ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇ ਰਿਹਾ ਹਾਂ।"

# ਕੈਨੇਡਾ ਰਹਿੰਦੀ ਧੀ ਨਾਲ ਮਿਲ ਕੇ ਮਾਂ ਨੇ ਪੰਜਾਬ ਦੇ 7 ਨੌਜਵਾਨਾਂ ਨਾਲ ਮਾਰੀ ਠੱਗੀ

**■ ਕੈਨੇਡਾ ਵਸਣ ਦੀਆਂ ਸੱਧਰਾਂ 'ਤੇ ਫੇਰਿਆ ਪਾਣੀ**

**ਲੁਧਿਆਣਾ, (ਪੰਜਾਬ ਮੇਲ)-** ਸੱਤ ਛੜਿਆਂ ਦੇ ਕੈਨੇਡਾ ਵਸਣ ਦੀਆਂ ਸੱਧਰਾਂ 'ਤੇ ਪਾਣੀ ਫਿਰ ਗਿਆ ਹੈ। ਲੁਧਿਆਣਾ ਜ਼ਿਲ੍ਹੇ ਦੀ ਇਕ ਮਾਂ-ਧੀ ਨੇ ਨਿਵੇਕਲੇ ਢੰਗ ਨਾਲ ਠੱਗੀ ਮਾਰੀ ਅਤੇ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਸੁਫ਼ਨੇ ਨੂੰ ਤੋੜ ਕੇ ਰੱਖ ਦਿੱਤਾ। ਪੁਲਿਸ ਜਾਂਚ 'ਚ ਭੇਤ ਖੁੱਲ੍ਹਿਆ ਹੈ ਕਿ ਉਨ੍ਹਾਂ ਨੂੰ ਨਾ ਤਾਂ ਲਾੜੀ ਮਿਲੀ ਅਤੇ ਨਾ ਹੀ ਉਹ ਕੈਨੇਡਾ ਜਾ ਸਕੇ, ਸਗੋਂ ਲੱਖਾਂ ਰੁਪਏ ਦਾ ਵੱਖਰਾਂ ਚੂਨਾ ਲੱਗ ਗਿਆ। ਦੋ ਹੋਰਾਂ ਨਾਲ ਗ੍ਰਿਫ਼ਤਾਰ ਕੀਤੀ ਗਈ ਸੁਖਦਰਸ਼ਨ ਕੌਰ ਆਪਣੀ 24 ਵਰ੍ਹਿਆਂ ਦੀ ਧੀ ਦੀਆਂ ਤਸਵੀਰਾਂ ਅਤੇ ਵੀਡੀਓਜ਼ ਦੀ ਵਰਤੋਂ ਕਰਕੇ ਉਸ ਨਾਲ ਵਿਆਹ ਕਰਵਾ ਕੇ ਨੌਜਵਾਨਾਂ ਨੂੰ ਵਿਦੇਸ਼ ਵਸਣ ਦਾ ਲਾਲਚ ਦਿੰਦੀ ਸੀ। ਹਰਪ੍ਰੀਤ ਸਟੂਡੈਂਟ ਵੀਜ਼ੇ 'ਤੇ ਕੈਨੇਡਾ 'ਚ ਹੈ ਅਤੇ ਉਥੇ ਮੌਜੂਦਾ ਸਮੇਂ 'ਚ ਵਰਕ ਪਰਮਿਟ 'ਤੇ ਰਹਿ ਰਹੀ ਹੈ। ਦੋਰਾਹਾ ਦੇ ਐੱਸ.ਐੱਚ.ਓ. ਇੰਸਪੈਕਟਰ ਆਕਾਸ਼ ਦੱਤ ਮੁਤਾਬਕ ਸੱਤ ਪੀੜਤਾਂ ਦੀ ਪਛਾਣ ਹੋ ਗਈ ਹੈ ਅਤੇ ਉਨ੍ਹਾਂ ਪੁਲਿਸ ਕੋਲ ਆਪਣੇ ਬਿਆਨ ਦਰਜ ਕਰਵਾਏ ਹਨ। ਉਨ੍ਹਾਂ ਕਿਹਾ ਕਿ ਸੁਖਦਰਸ਼ਨ ਅਖ਼ਬਾਰਾਂ 'ਚ 'ਵਰ ਦੀ ਲੋੜ' ਦੇ ਇਸ਼ਤਿਹਾਰ ਦਿੰਦੀ ਸੀ ਅਤੇ ਫਿਰ ਸੰਭਾਵੀ ਲਾੜਿਆਂ ਦੇ ਪਰਿਵਾਰਾਂ ਤੱਕ ਪਹੁੰਚ ਬਣਾਉਂਦੀ ਸੀ। ਉਸ ਨੇ ਹਰੇਕ ਪਰਿਵਾਰ ਕੋਲੋਂ ਕਰੀਬ 20-20 ਲੱਖ ਰੁਪਏ ਦੀ ਮੰਗ ਕੀਤੀ ਅਤੇ ਫਿਰ 15 ਤੋਂ 18 ਲੱਖ ਰੁਪਏ 'ਚ ਉਨ੍ਹਾਂ ਨਾਲ ਸੌਦਾ ਤੈਅ ਹੋਇਆ। ਕੁਝ ਨੌਜਵਾਨਾਂ ਨੇ ਆਪਣੀ ਜ਼ਮੀਨ ਅਤੇ ਪਸ਼ੂ ਵੇਚ ਦਿੱਤੇ ਤੇ ਕਰਜ਼ੇ ਵੀ ਲਏ, ਤਾਂ ਜੋ ਸੁਖਦਰਸ਼ਨ ਨੂੰ ਪੈਸੇ ਦੇ ਸਕਣ। ਉਨ੍ਹਾਂ 'ਚੋਂ ਕੁਝ ਦੀ ਮੰਗਣੀ ਵੀਡੀਓ ਕਾਲਾਂ ਰਾਹੀਂ ਹੋਈ। ਇਸ ਮਾਮਲੇ ਦਾ ਪਰਦਾਫਾਸ਼ ਉਸ ਸਮੇਂ ਹੋਇਆ, ਜਦੋਂ ਦੋਰਾਹਾ ਦੇ ਹੋਟਲ 'ਚ 10 ਜੁਲਾਈ ਨੂੰ ਨੌਜਵਾਨ ਨਾਲ ਮੰਗਣੀ ਹੋਣੀ ਸੀ। ਬਠਿੰਡਾ ਦੇ ਇਕ ਪਿੰਡ ਦੇ ਵਿਅਕਤੀ ਵੱਲੋਂ ਦਿੱਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਹੋਟਲ 'ਚ ਛਾਪਾ ਮਾਰਿਆ ਅਤੇ ਸੁਖਦਰਸ਼ਨ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਬੀ.ਐੱਨ.ਐੱਸ. ਦੀਆਂ ਧਾਰਾਵਾਂ 316(2), 318(4) ਅਤੇ 61(2) ਤਹਿਤ ਕੇਸ ਦਰਜ ਕੀਤਾ ਹੈ।

# ਲੈਂਡ ਪੂਲਿੰਗ ਨੀਤੀ: ਦਿੱਲੀ ਤਰਜ਼ 'ਤੇ ਵੱਡਾ ਅੰਦੋਲਨ ਲੜੇਗਾ ਸੰਯੁਕਤ ਕਿਸਾਨ ਮੋਰਚਾ

**ਚੰਡੀਗੜ੍ਹ, (ਪੰਜਾਬ ਮੇਲ)-** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਹੋਈ ਸਰਬ ਪਾਰਟੀ ਮੀਟਿੰਗ 'ਚ ਵੱਖ-ਵੱਖ ਸਿਆਸੀ ਧਿਰਾਂ ਵੱਲੋਂ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਕਿਸਾਨ ਅੰਦੋਲਨ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਗਿਆ ਹੈ। ਮੀਟਿੰਗ ਵਿਚ ਦਸ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ, ਜਦੋਂ ਕਿ ਸੱਤਾਧਾਰੀ ਧਿਰ ਦਾ ਕੋਈ ਵੀ ਪ੍ਰਤੀਨਿਧ ਮੀਟਿੰਗ 'ਚ ਨਹੀਂ ਪੁੱਜਾ। ਮੀਟਿੰਗ ਵਿਚ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ ਅਤੇ ਪੰਜਾਬ ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਦਾ ਨੋਟੀਫ਼ਿਕੇਸ਼ਨ ਰੱਦ ਕਰਨ ਲਈ ਕਿਹਾ ਗਿਆ। ਇਸ ਦੌਰਾਨ ਫ਼ੈਸਲਾ ਹੋਇਆ ਕਿ ਜੇ ਸੂਬਾ ਸਰਕਾਰ ਨੇ ਅਜਿਹਾ ਨਾ ਕੀਤਾ, ਤਾਂ ਲੈਂਡ ਪੂਲਿੰਗ ਨੀਤੀ ਦੀ ਵਾਪਸੀ ਤੱਕ ਅੰਦੋਲਨ ਚੱਲੇਗਾ।

ਅਮਰੀਕਾ ਨਾਲ ਸ਼ੁਰੂ ਕੀਤੇ ਜਾ ਰਹੇ ਫ੍ਰੀ ਟਰੇਡ ਸਮਝੌਤੇ 'ਚੋਂ ਖੇਤੀ ਅਤੇ ਸਹਾਇਕ ਧੰਦਿਆਂ ਨੂੰ ਬਾਹਰ ਰੱਖਣ ਲਈ ਕਿਹਾ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਨੇ ਇਹ ਵੀ ਮਤਾ ਪਾਸ ਕੀਤਾ ਕਿ ਪਾਣੀਆਂ ਦੇ ਸਮਝੌਤੇ ਰੱਦ ਕੀਤੇ ਜਾਣ ਅਤੇ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78, 79 ਅਤੇ 80 ਨੂੰ ਪੰਜਾਬ ਵਿਧਾਨ ਸਭਾ 'ਚ ਰੱਦ ਕਰਕੇ ਪਾਰਲੀਮੈਂਟ ਤੋਂ ਪਾਸ ਕਰਾਇਆ ਜਾਵੇ। ਇਸੇ ਤਰ੍ਹਾਂ ਖੇਤੀ ਨੀਤੀ ਨੂੰ ਲਾਗੂ ਕਰਨ ਲਈ ਕਿਹਾ ਗਿਆ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨਪਾਲ, ਬੂਟਾ ਸਿੰਘ ਬੁਰਜ ਗਿੱਲ, ਹਰਿੰਦਰ ਸਿੰਘ ਲੱਖੋਵਾਲ ਅਤੇ ਰਮਿੰਦਰ ਸਿੰਘ ਪਟਿਆਲਾ ਨੇ ਮੀਟਿੰਗ ਮਗਰੋਂ ਸਾਂਝੀ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕੀਤਾ।



ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਨ੍ਹਾਂ ਮੁੱਦਿਆਂ 'ਤੇ ਗੰਭੀਰ ਨਹੀਂ, ਜਿਸ ਕਰਕੇ ਉਨ੍ਹਾਂ ਦਾ ਨੁਮਾਇੰਦਾ ਸੱਦੇ ਦੇ ਬਾਵਜੂਦ ਨਹੀਂ ਪੁੱਜਿਆ। ਆਗੂਆਂ ਨੇ ਦੱਸਿਆ ਕਿ 30 ਜੁਲਾਈ ਨੂੰ ਪੰਜਾਬ ਵਿਚ ਟਰੈਕਟਰ ਮਾਰਚ ਕੀਤਾ ਜਾਵੇਗਾ ਅਤੇ 24 ਅਗਸਤ ਨੂੰ ਵੱਡੀ ਮਹਾਂ ਕਾਨਫ਼ਰੰਸ ਕੀਤੀ ਜਾਵੇਗੀ। ਹੁਣ ਅੰਦੋਲਨ ਦਿੱਲੀ ਦੀ ਤਰਜ਼ 'ਤੇ ਲੜਿਆ ਜਾਵੇਗਾ। ਰਮਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਲੈਂਡ ਪੂਲਿੰਗ ਨੀਤੀ ਤਹਿਤ ਪੰਜਾਬ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ 'ਤੇ ਲਾਲ ਐਂਟਰੀ ਪਾ ਦਿੱਤੀ ਹੈ, ਜਿਸ ਮਗਰੋਂ ਕਿਸਾਨ ਹੁਣ ਆਪਣੀ ਜ਼ਮੀਨ ਵੇਚ ਨਹੀਂ ਸਕੇਗਾ ਅਤੇ ਨਾ ਹੀ ਕੋਈ ਕਰਜ਼ਾ ਵਗੈਰਾ ਲੈ ਸਕੇਗਾ। ਆਗੂਆਂ ਨੇ ਕਿਹਾ ਕਿ ਲੈਂਡ ਪੂਲਿੰਗ ਨੀਤੀ ਅਸਲ ਵਿਚ ਪਿੰਡਾਂ ਨੂੰ ਉਜਾੜਨ ਦੀ ਨੀਤੀ ਹੈ ਅਤੇ ਰਸੂਖਵਾਨ ਲੋਕਾਂ ਦੇ ਕਾਲੇ ਧਨ ਨੂੰ ਚਿੱਟਾ ਕਰਨ ਦੀ ਨੀਤੀ ਹੈ।

# ਹੁਸ਼ਿਆਰਪੁਰ ਦੀ ਡਾ. ਅੰਕਿਤਾ ਮੈਨਨ ਬਣੀ 'ਮਿਸਿਜ਼ ਵਰਲਡ ਇੰਟਰਨੈਸ਼ਨਲ-2025'

**ਹੁਸ਼ਿਆਰਪੁਰ, (ਪੰਜਾਬ ਮੇਲ)-** ਹੁਸ਼ਿਆਰਪੁਰ ਦੀ ਡਾ. ਅੰਕਿਤਾ ਮੈਨਨ ਨੇ ਮਿਸਿਜ਼ ਵਰਲਡ ਇੰਟਰਨੈਸ਼ਨਲ ਦਾ ਖ਼ਿਤਾਬ ਹਾਸਲ ਕਰਕੇ ਜ਼ਿਲ੍ਹੇ ਅਤੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ। ਜ਼ਿਕਰਯੋਗ ਹੈ ਕਿ ਗੁਰੂਗ੍ਰਾਮ ਦੇ ਲੀਲਾ ਹੋਟਲ 'ਚ ਕਰਵਾਈ ਵੱਕਾਰੀ ਸੁੰਦਰਤਾ ਮੁਕਾਬਲੇ 'ਚ ਭਾਰਤ ਅਤੇ ਵਿਦੇਸ਼ਾਂ ਤੋਂ 7,000 ਤੋਂ ਵੱਧ ਪ੍ਰਤੀਯੋਗੀਆਂ ਨੇ ਭਾਗ ਲਿਆ, ਜਿਨ੍ਹਾਂ 'ਚੋਂ ਸਿਰਫ਼ 150 ਪ੍ਰਤੀਯੋਗੀਆਂ ਨੇ ਹੀ ਗ੍ਰੈਂਡ ਫਿਨਾਲੇ ਵਿਚ ਜਗ੍ਹਾ ਬਣਾਈ। ਡਾ. ਮੈਨਨ ਨੇ 'ਚਾਰਮਿੰਗ' ਸ਼੍ਰੇਣੀ (ਉਮਰ 25-35 ਸਾਲ) 'ਚ 'ਮਿਸਿਜ਼ ਵਰਲਡ ਇੰਟਰਨੈਸ਼ਨਲ-2025' ਦਾ ਤਾਜ ਹਾਸਲ ਕੀਤਾ। ਡਾ. ਮੈਨਨ ਨੇ ਆਪਣੀ ਬੁੱਧੀ, ਮਾਣ ਤੇ ਆਤਮਵਿਸ਼ਵਾਸ ਨਾਲ ਸਾਰਿਆਂ ਦਾ ਦਿਲ ਜਿੱਤ ਲਿਆ।



ਹੁਸ਼ਿਆਰਪੁਰ 'ਚ ਜੰਮੀ-ਪਲੀ ਡਾ. ਮੈਨਨ ਨੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਆਪਣੀ ਸਫਲਤਾ ਦਾ ਸਿਹਰਾ ਆਪਣੇ ਪਿਤਾ ਐਡਵੋਕੇਟ ਵੀ.ਕੇ. ਮੈਨਨ, ਮਾਤਾ ਮੀਨਾਕਸ਼ੀ ਮੈਨਨ ਅਤੇ ਪਰਿਵਾਰ ਨੂੰ ਦਿੱਤਾ। ਇਸ ਤੋਂ ਇਲਾਵਾ ਉਸ ਦੇ ਪਤੀ ਦੀਪੇਸ਼ ਕਾਲੜਾ ਇਕ ਆਰਕੀਟੈਕਟ ਅਤੇ ਡਿਜ਼ਾਈਨਰ ਹਨ, ਦਾ ਸਮਰਥਨ ਵੀ ਡਾ. ਮੈਨਨ ਲਈ ਪ੍ਰੇਰਨਾਸ੍ਰੋਤ ਰਿਹਾ ਹੈ। ਜ਼ਿਕਰਯੋਗ ਹੈ ਕਿ ਇਕ ਸਮਾਜਿਕ ਵਿਗਿਆਨੀ ਅਤੇ ਜਲ ਨੀਤੀ ਮਾਹਿਰ ਹੋਣ ਦੇ ਨਾਤੇ ਡਾ. ਮੈਨਨ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਦਿ ਸਟੱਡੀ ਆਫ਼ ਸੋਸ਼ਲ ਸਿਸਟਮਜ਼ ਤੋਂ ਪੀ.ਐੱਚ.ਡੀ. ਕੀਤੀ। ਆਈ.ਆਈ.ਟੀ. ਜੋਧਪੁਰ ਦੇ ਵਿਗਿਆਨੀ ਰਾਕੇਸ਼ ਸ਼ਰਮਾ ਵਰਗੇ ਭਾਰਤੀ ਖੋਜਕਰਤਾਵਾਂ ਤੋਂ ਪ੍ਰੇਰਿਤ ਹੋ ਕੇ ਉਹ ਰਵਾਇਤੀ ਗਿਆਨ ਅਤੇ ਆਧੁਨਿਕ ਵਿਗਿਆਨ ਨੂੰ ਜੋੜਨ ਦੀ ਵਕਾਲਤ ਕਰਦੀ ਹੈ। ਕਾਲਾਡੇਰਾ ਪਿੰਡ 'ਚ ਡਾ. ਮੈਨਨ ਦੇ ਇਕ ਸਾਲ ਠਹਿਰਨ ਨਾਲ ਪੇਂਡੂ ਪਾਣੀ ਦੇ ਸੰਕਟ ਦੀ ਅਸਲ ਸਮਝ ਆਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸੁਪਨਾ ਭਾਰਤ ਦੀ 'ਵਾਟਰ ਵੂਮੈਨ' ਬਣਨ ਦਾ ਹੈ।

# ਤਰਨ ਤਾਰਨ 'ਚ ਅਕਾਲੀ ਦਲ ਦੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ 'ਆਪ' 'ਚ ਸ਼ਾਮਲ

**ਚੰਡੀਗੜ੍ਹ, (ਪੰਜਾਬ ਮੇਲ)-** ਵਿਧਾਨ ਸਭਾ ਹਲਕਾ ਤਰਨ ਤਾਰਨ 'ਚ ਜ਼ਿਮਨੀ ਚੋਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਤਰਨ ਤਾਰਨ ਤੋਂ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਬੀਤੇ ਦਿਨੀਂ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋ ਗਏ।



ਚੰਡੀਗੜ੍ਹ ਵਿਖੇ ਪੰਜਾਬ ਭਵਨ ਵਿਚ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ 'ਆਪ' ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਸੰਧੂ ਨੂੰ ਪਾਰਟੀ ਵਿਚ ਸ਼ਾਮਲ ਕਰਵਾਇਆ ਹੈ। ਜ਼ਿਕਰਯੋਗ ਹੈ ਕਿ ਹਰਮੀਤ ਸਿੰਘ ਸੰਧੂ ਤਰਨ ਤਾਰਨ ਤੋਂ ਤਿੰਨ ਵਾਰ ਸਾਲ 2002 'ਚ ਆਜ਼ਾਦ ਅਤੇ 2007 ਤੇ 2012 ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਇਕ ਚੁਣੇ ਗਏ ਹਨ। ਸਾਲ 2017 ਤੇ 2022 'ਚ ਸੰਧੂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਗੌਰਤਲਬ ਹੈ ਕਿ 27 ਜੂਨ ਨੂੰ ਤਰਨ ਤਾਰਨ ਤੋਂ 'ਆਪ' ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦਾ ਦਿਹਾਂਤ ਹੋ ਗਿਆ ਸੀ। ਇਸ ਕਾਰਨ ਤਰਨ ਤਾਰਨ ਵਾਲੀ ਸੀਟ ਖਾਲੀ ਹੋ ਗਏ ਸੀ, ਜਿੱਥੇ 6 ਮਹੀਨਿਆਂ ਵਿਚ ਜ਼ਿਮਨੀ ਚੋਣਾਂ ਕਰਵਾਈਆਂ ਜਾਣਗੀਆਂ। ਇਸੇ ਦੇ ਚੱਲਦਿਆਂ ਸਾਰੀਆਂ ਰਾਜਸੀ ਪਾਰਟੀਆਂ ਵੱਲੋਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਨੂੰ ਲੈ ਕੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਹਰਮੀਤ ਸਿੰਘ ਸੰਧੂ ਦੇ 'ਆਪ' ਵਿਚ ਸ਼ਾਮਲ ਹੋਣ ਨੂੰ ਵੀ ਜ਼ਿਮਨੀ ਚੋਣ ਨਾਲ ਹੀ ਜੋੜ ਕੇ ਵੇਖਿਆ ਜਾ ਰਿਹਾ ਹੈ।

## ਹਰਿਮੰਦਰ ਸਾਹਿਬ ਤੋਂ ਬਾਅਦ ਹੁਣ ਅੰਮ੍ਰਿਤਸਰ ਦੇ ਹਵਾਈ ਅੱਡੇ ਨੂੰ ਬੰਬ ਦੀ ਧਮਕੀ

**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਹਰਿਮੰਦਰ ਸਾਹਿਬ ਤੋਂ ਬਾਅਦ ਹੁਣ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਨੂੰ ਬੰਬ ਦੀ ਧਮਕੀ ਮਿਲੀ ਹੈ। ਇਸ ਦੀ ਪੁਸ਼ਟੀ ਉੱਚ ਪੁਲਿਸ ਅਧਿਕਾਰੀ ਵੱਲੋਂ ਕੀਤੀ ਗਈ ਹੈ। ਹਵਾਈ ਅੱਡਾ ਪ੍ਰਸ਼ਾਸਨ ਨੂੰ ਈਮੇਲ ਜ਼ਰੀਏ ਧਮਕੀ ਦਿੱਤੀ ਗਈ ਹੈ, ਜਿਸ ਮਗਰੋਂ ਹਵਾਈ ਅੱਡੇ ਉੱਤੇ ਸੁਰੱਖਿਆ ਪ੍ਰਬੰਧ ਅਤੇ ਚੌਕਸੀ ਵਧਾ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਜਿਹੀਆਂ ਅੱਠ ਈਮੇਲ ਧਮਕੀਆਂ ਆ ਚੁੱਕੀਆਂ ਹਨ। ਇਸ ਮਾਮਲੇ ਵਿਚ ਪੰਜਾਬ ਪੁਲਿਸ ਵੱਲੋਂ ਫਰੀਦਾਬਾਦ ਦੇ ਇੱਕ ਸਾਫਟਵੇਅਰ ਇੰਜੀਨੀਅਰ ਨੂੰ ਹਿਰਾਸਤ ਵਿਚ ਲਿਆ ਗਿਆ ਸੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ਵੱਲੋਂ ਮਾਪਿਆਂ ਅਤੇ ਦਾਦਾ-ਦਾਦੀ ਨੂੰ ਸਥਾਈ ਨਿਵਾਸ ਲਈ ਸਪਾਂਸਰ ਕਰਨ ਲਈ ਪ੍ਰੋਗਰਾਮ ਸ਼ੁਰੂ



■ ਪ੍ਰੋਗਰਾਮ ਤਹਿਤ ਸਪਾਂਸਰਸ਼ਿਪ ਲਈ 10,000 ਅਰਜ਼ੀਆਂ ਸਵੀਕਾਰ ਕਰੇਗਾ ਈ.ਆਰ.ਸੀ.ਸੀ.

**ਟੋਰਾਂਟੋ, (ਪੰਜਾਬ ਮੇਲ)**- ਮਾਪਿਆਂ ਨੂੰ ਪੱਕੇ ਤੌਰ 'ਤੇ ਕੈਨੇਡਾ ਸੱਦਣ ਦੇ ਇੱਛੁਕ ਪ੍ਰਵਾਸੀਆਂ ਲਈ ਇਮੀਗ੍ਰੇਸ਼ਨ ਵਿਭਾਗ ਵੱਲੋਂ ਪੇਰੈਂਟਸ ਐਂਡ ਗਰੈਂਡ ਪੇਰੈਂਟਸ ਪ੍ਰੋਗਰਾਮ ਅਧੀਨ ਨਵੀਆਂ ਅਰਜ਼ੀਆਂ ਪ੍ਰਵਾਨ ਕਰਨ ਦਾ ਐਲਾਨ ਕੀਤਾ ਗਿਆ ਹੈ। ਸਾਲ 2025 ਦੇ ਐਲਾਨ ਮੁਤਾਬਕ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ (ਆਈ.ਆਰ.ਸੀ.ਸੀ.) ਇਸ ਸਾਲ ਮਾਪਿਆਂ ਅਤੇ ਦਾਦਾ-ਦਾਦੀ ਪ੍ਰੋਗਰਾਮ ਤਹਿਤ ਸਪਾਂਸਰਸ਼ਿਪ ਲਈ 10,000 ਤੱਕ ਪੂਰੀਆਂ ਅਰਜ਼ੀਆਂ ਸਵੀਕਾਰ ਕਰੇਗਾ।

ਫੈਡਰਲ ਸਰਕਾਰ 28 ਜੁਲਾਈ, 2025 ਤੋਂ ਮਾਪਿਆਂ ਅਤੇ ਦਾਦਾ-ਦਾਦੀ ਪ੍ਰੋਗਰਾਮ (ਪੀ.ਜੀ.ਪੀ.) ਤਹਿਤ ਚੁਣੇ ਹੋਏ ਵਿਅਕਤੀਆਂ ਨੂੰ ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਸਥਾਈ ਨਿਵਾਸ ਲਈ ਸਪਾਂਸਰ ਕਰਨ ਲਈ ਸੱਦਾ ਦੇਣਾ ਸ਼ੁਰੂ ਕਰੇਗੀ। ਆਈ.ਆਰ.ਸੀ.ਸੀ. ਦੋ ਹਫ਼ਤਿਆਂ ਦੀ ਮਿਆਦ ਵਿਚ 17,860 ਸੱਦੇ ਭੇਜੇਗਾ, ਜਿਸ ਦਾ ਟੀਚਾ ਇਸ ਸਾਲ 10,000 ਪੂਰੀਆਂ ਅਰਜ਼ੀਆਂ ਨੂੰ ਮਨਜ਼ੂਰੀ ਦੇਣਾ ਹੈ।

ਜਿਸ ਕਿਸੇ ਨੇ 2020 ਵਿਚ ਸਪਾਂਸਰ ਫਾਰਮ ਲਈ ਦਿਲਚਸਪੀ ਜਮ੍ਹਾਂ ਕਰਵਾਈ ਸੀ ਪਰ ਅਜੇ ਤੱਕ ਅਰਜ਼ੀ ਦੇਣ ਲਈ ਸੱਦਾ ਨਹੀਂ ਮਿਲਿਆ ਹੈ, ਉਸ ਨੂੰ 2020 ਵਿਚ ਪ੍ਰਦਾਨ ਕੀਤੇ ਗਏ ਈਮੇਲ ਖਾਤੇ ਦੀ ਜਾਂਚ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਪੀ.ਜੀ.ਪੀ. ਪ੍ਰੋਗਰਾਮ ਯੋਗ ਕੈਨੇਡੀਅਨ ਨਾਗਰਿਕਾਂ, ਸਥਾਈ ਨਿਵਾਸੀਆਂ ਅਤੇ ਰਜਿਸਟਰਡ ਭਾਰਤੀਆਂ ਨੂੰ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਸਥਾਈ ਨਿਵਾਸ ਲਈ ਸਪਾਂਸਰ ਕਰਨ ਦੇ ਯੋਗ ਬਣਾਉਂਦਾ ਹੈ। 2025 ਦੇ ਦਾਖ਼ਲੇ ਦੇ ਹਿੱਸੇ ਵਜੋਂ ਅਰਜ਼ੀ ਦੇਣ ਲਈ ਸੱਦਾ ਦਿੱਤੇ ਗਏ ਲੋਕ ਸਥਾਈ ਨਿਵਾਸ ਪੋਰਟਲ ਜਾਂ ਪ੍ਰਤੀਨਿਧੀ ਸਥਾਈ ਨਿਵਾਸ ਪੋਰਟਲ ਰਾਹੀਂ ਆਪਣੀਆਂ ਅਰਜ਼ੀਆਂ ਇਲੈਕਟ੍ਰਾਨਿਕ ਤੌਰ 'ਤੇ ਜਮ੍ਹਾਂ ਕਰਵਾ ਸਕਦੇ ਹਨ।

ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਮੰਤਰਾਲੇ ਨੇ ਦੱਸਿਆ ਕਿ ਸਿਰਫ਼ ਸਾਲ 2020 ਦੌਰਾਨ ਅਰਜ਼ੀਆਂ ਦਾਖਲ ਕਰਨ ਨੂੰ ਸੱਦੇ ਭੇਜੇ ਜਾ ਰਹੇ ਹਨ। ਇਸ ਦੇ ਬਾਵਜੂਦ 28 ਜੁਲਾਈ ਤੋਂ ਬਾਅਦ ਸੱਦਾ ਹਾਸਲ ਕਰਨ ਤੋਂ ਖੁੰਝੇ ਪ੍ਰਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸੁਪਰ ਵੀਜ਼ਾ ਜਾਂ 10 ਸਾਲ ਦੇ ਮਲਟੀਪਲ ਐਂਟਰੀ ਵੀਜ਼ਾ ਦੀ ਆਪਸ਼ਨ ਲੈ ਸਕਦੇ ਹਨ। ਸੁਪਰ ਵੀਜ਼ਾ ਰਾਹੀਂ ਪ੍ਰਵਾਸੀਆਂ ਦੇ ਮਾਪੇ, ਦਾਦਾ-ਦਾਦੀ ਜਾਂ ਨਾਨਾ-ਨਾਨੀ ਪੰਜ ਸਾਲ ਤੱਕ ਕੈਨੇਡਾ ਵਿਚ ਰਹਿ ਸਕਦੇ ਹਨ। ਇਸ ਤੋਂ ਇਲਾਵਾ ਕੈਨੇਡਾ 'ਚ ਮੌਜੂਦਗੀ ਦੌਰਾਨ 2 ਸਾਲ ਦੀ ਮਿਆਦ ਹੋਰ ਵਧਾਈ ਜਾ ਸਕਦੀ ਹੈ।


ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਵੱਲੋਂ ਕੱਚੇ ਜਾਂ ਪੱਕੇ ਤੌਰ 'ਤੇ ਆਉਣ ਵਾਲਿਆਂ ਦੀ ਗਿਣਤੀ ਵਿਚ ਕਟੌਤੀ ਕੀਤੀ ਜਾ ਰਹੀ ਹੈ ਪਰ ਫਿਰ ਵੀ ਪਰਿਵਾਰਾਂ ਦੇ ਮਿਲਾਪ ਵਾਲੀ ਯੋਜਨਾ ਰਾਹੀਂ 22 ਫ਼ੀਸਦੀ ਪੱਕੇ ਪ੍ਰਵਾਸੀਆਂ ਦਾ ਕੈਨੇਡਾ ਵਿਚ ਸਵਾਗਤ ਕੀਤਾ ਜਾ ਰਿਹਾ ਹੈ। ਕੈਨੇਡਾ ਗਜ਼ਟ 'ਚ ਪ੍ਰਕਾਸ਼ਿਤ ਹਦਾਇਤਾਂ ਮੁਤਾਬਕ ਪਰਿਵਾਰਾਂ ਦਾ ਮਿਲਾਪ ਕਰਵਾਉਣ ਲਈ ਸਰਕਾਰ ਵਚਨਬੱਧ ਹੈ। ਸਾਲ 2024 ਦੌਰਾਨ 35,700 ਬਿਨੈਕਾਰਾਂ ਨੂੰ ਅਰਜ਼ੀ ਦਾਖਲ ਕਰਨ ਦਾ ਸੱਦਾ ਦਿੱਤਾ ਗਿਆ, ਜਿਨ੍ਹਾਂ ਵਿਚੋਂ 20,500 ਅਰਜ਼ੀਆਂ ਪ੍ਰਵਾਨ ਕੀਤੀਆਂ ਜਾਣਗੀਆਂ। ਇਮੀਗ੍ਰੇਸ਼ਨ ਬਾਰੇ ਸਾਲਾਨਾ ਰਿਪੋਰਟ ਮੁਤਾਬਕ 2023 ਦੇ ਅੰਤ ਤੱਕ ਪੇਰੈਂਟਸ ਐਂਡ ਗਰੈਂਡਪੇਰੈਂਟਸ ਨੂੰ ਪੀ.ਆਰ. ਵਾਲੀ ਸ਼੍ਰੇਣੀ ਅਧੀਨ 40 ਹਜ਼ਾਰ ਤੋਂ ਵੱਧ ਸਪਾਂਸਰਸ਼ਿਪ ਅਰਜ਼ੀਆਂ ਵਿਚਾਰ ਅਧੀਨ ਸਨ। ਰਿਪੋਰਟ ਕਹਿੰਦੀ ਹੈ ਕਿ ਸਪਾਂਸਰਸ਼ਿਪ ਐਪਲੀਕੇਸ਼ਨ ਦਾ ਔਸਤ ਪ੍ਰੋਸੈਸਿੰਗ ਸਮਾਂ 24 ਮਹੀਨੇ ਹੁੰਦਾ ਹੈ ਅਤੇ ਅਜਿਹੇ ਵਿਚ ਬੈਕਲਾਗ ਬਹੁਤ ਜ਼ਿਆਦਾ ਵਧ ਸਕਦਾ ਹੈ।

# ਰੂਸ-ਭਾਰਤ-ਚੀਨ ਤਿੰਨ ਧਿਰੀ ਸਹਿਯੋਗ ਬਹਾਲ ਕਰਨ ਨੂੰ ਮਿਲੀ ਹਮਾਇਤ

**ਚੰਡੀਗੜ੍ਹ, (ਪੰਜਾਬ ਮੇਲ)**- ਚੀਨ ਨੇ ਰੂਸ-ਭਾਰਤ-ਚੀਨ (ਆਰ.ਆਈ.ਸੀ.) ਤਿੰਨ ਧਿਰੀ ਸਹਿਯੋਗ ਨੂੰ ਸੁਰਜੀਤ ਕਰਨ ਲਈ ਰੂਸ ਵੱਲੋਂ ਕੀਤੀ ਗਈ ਪਹਿਲ ਨੂੰ ਹਮਾਇਤ ਦਿੱਤੀ ਹੈ। ਚੀਨ ਨੇ ਕਿਹਾ ਕਿ ਤਿੰਨ ਧਿਰੀ ਸਹਿਯੋਗ ਨਾ ਸਿਰਫ਼ ਤਿੰਨੋਂ ਮੁਲਕਾਂ ਦੇ ਹਿੱਤਾਂ ਦੀ ਪੂਰਤੀ ਕਰਦਾ ਹੈ, ਸਗੋਂ ਖ਼ਿੱਤੇ ਅਤੇ ਦੁਨੀਆਂ ਦੀ ਸੁਰੱਖਿਆ ਤੇ ਸਥਿਰਤਾ ਲਈ ਵੀ ਜ਼ਰੂਰੀ ਹੈ। ਰੂਸੀ ਨਿਊਜ਼ ਪੋਰਟਲ ਇਜ਼ਵੇਸਤੀਆ ਨੇ ਰੂਸ ਦੇ ਉਪ ਵਿਦੇਸ਼ ਮੰਤਰੀ ਆਂਦਰੇਈ ਰੂਦੇਂਕੋ ਦੇ ਹਵਾਲੇ ਨਾਲ ਕਿਹਾ ਕਿ ਮਾਸਕੋ ਆਰ.ਆਈ.ਸੀ. ਸਹਿਯੋਗ ਦੀ ਬਹਾਲੀ ਦੀ ਉਮੀਦ ਕਰਦਾ ਹੈ ਅਤੇ ਇਸ ਮੁੱਦੇ 'ਤੇ ਉਹ ਚੀਨ ਤੇ ਭਾਰਤ ਨਾਲ ਗੱਲਬਾਤ ਕਰ ਰਹੇ ਹਨ। ਰੁਦੇਂਕੋ ਨੇ ਕਿਹਾ, "ਇਹ ਵਿਸ਼ਾ ਦੋਵੇਂ ਮੁਲਕਾਂ ਨਾਲ ਸਾਡੀ ਗੱਲਬਾਤ 'ਚ ਸ਼ਾਮਲ ਹੈ। ਅਸੀਂ ਆਰ.ਆਈ.ਸੀ. ਨੂੰ ਸਫ਼ਲ ਬਣਾਉਣ 'ਚ ਦਿਲਚਸਪੀ ਰਖਦੇ ਹਾਂ ਕਿਉਂਕਿ ਤਿੰਨੋਂ ਮੁਲਕ (ਭਾਰਤ, ਰੂਸ, ਚੀਨ) ਬ੍ਰਿਕਸ ਦੇ ਬਾਨੀਆਂ ਤੋਂ ਇਲਾਵਾ ਅਹਿਮ ਭਾਈਵਾਲ ਵੀ ਹਨ।" ਰੁਦੇਂਕੋ ਦੇ ਬਿਆਨ ਬਾਰੇ ਪੁੱਛੇ ਜਾਣ 'ਤੇ ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਲਿਨ ਜਿਆਨ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਤਿੰਨ ਧਿਰੀ ਸਹਿਯੋਗ ਨੂੰ ਅੱਗੇ ਵਧਾਉਣ ਲਈ ਰੂਸ ਅਤੇ ਭਾਰਤ ਨਾਲ ਸੰਵਾਦ ਬਣਾਈ ਰੱਖਣ ਵਾਸਤੇ ਤਿਆਰ ਹੈ।

# ਬਰੈਂਪਟਨ ਦੇ ਮੇਅਰ ਨੂੰ ਧਮਕੀਆਂ ਦੇਣ ਦੇ ਦੋਸ਼ ਹੇਠ ਭਾਰਤੀ ਗ੍ਰਿਫ਼ਤਾਰ

■ ਜਾਂਚ ਲਈ ਗਠਿਤ ਕੀਤੀ ਗਈ ਕਮੇਟੀ ਵੱਲੋਂ ਕਾਰਵਾਈ



**ਵੈਨਕੂਵਰ, (ਪੰਜਾਬ ਮੇਲ)**- ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਭੇਜਣ ਵਾਲੇ ਮੁਲਜ਼ਮ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਦੀ ਪਛਾਣ 29 ਸਾਲਾ ਕੰਵਲਜੋਤ ਸਿੰਘ ਮਨੋਰੀਆ ਵਜੋਂ ਹੋਈ ਹੈ, ਜੋ ਕਿ ਬਰੈਂਪਟਨ ਦਾ ਹੀ ਵਸਨੀਕ ਹੈ।

ਦਰਅਸਲ ਕੁਝ ਦਿਨ ਪਹਿਲਾਂ ਹੀ ਮੇਅਰ ਨੂੰ ਈਮੇਲ ਰਾਹੀਂ ਭੇਜੀ ਗਈ ਧਮਕੀ ਤੋਂ ਬਾਅਦ ਪੁਲਿਸ ਨੇ ਸੁਰੱਖਿਆ 'ਚ ਇਜ਼ਾਫ਼ਾ ਕਰ ਦਿੱਤਾ ਸੀ। ਪੀਲ ਪੁਲਿਸ ਦੇ ਡਿਪਟੀ ਚੀਫ਼ ਨਿੱਕ ਮਿਲੀਨੋਵਿਕ ਨੇ ਦੱਸਿਆ ਕਿ ਮੇਅਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੀ ਬਰੀਕੀ ਨਾਲ ਤਫ਼ਤੀਸ਼ ਕਰਨ ਤੋਂ ਬਾਅਦ ਪੁਲਿਸ ਦੇ ਹੱਥ ਪੁਖ਼ਤਾ ਸਬੂਤ ਲੱਗੇ, ਜਿਸ ਤੋਂ ਬਾਅਦ ਜਾਂਚ ਟੀਮ ਗਠਿਤ ਕੀਤੀ ਗਈ। ਜਾਂਚ ਟੀਮ ਨੇ ਮੁਲਜ਼ਮ ਦੇ ਘਰ ਦੇ ਤਲਾਸ਼ੀ ਵਾਰੰਟ ਹਾਸਲ ਕੀਤੇ, ਤਾਂ ਉੱਥੋਂ ਪੁਲਿਸ ਨੂੰ ਕੁਝ ਇਲੈਕਟ੍ਰਾਨਿਕ ਯੰਤਰ ਮਿਲੇ, ਜਿਨ੍ਹਾਂ ਦੀ ਜਾਂਚ ਤੋਂ ਕਰਨ ਤੋਂ ਬਾਅਦ ਮੇਅਰ ਨੂੰ ਧਮਕੀਆਂ ਭੇਜਣ ਵਾਲੇ ਨੌਜਵਾਨ ਨੂੰ ਹਿਰਾਸਤ 'ਚ ਲਿਆ ਗਿਆ। ਜਾਂਚ ਟੀਮ ਮੁਲਜ਼ਮ ਤੋਂ ਪੁੱਛ ਪੜਤਾਲ ਕਰ ਰਹੀ ਹੈ, ਜਿਸ ਤੋਂ ਬਾਅਦ ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

ਪੁਲਿਸ ਅਧਿਕਾਰੀ ਅਨੁਸਾਰ ਮੁੱਢਲੀ ਤਫ਼ਤੀਸ਼ ਤੋਂ ਇਹ ਸਾਫ਼ ਹੋਇਆ ਕਿ ਧਮਕੀਆਂ ਭੇਜਣ ਵਾਲੇ ਦੇ ਕਿਸੇ ਵੀ ਗਿਰੋਹ ਨਾਲ ਤਾਅਲੁਕਾਤ ਨਹੀਂ ਹਨ। ਧਮਕੀਆਂ ਭੇਜਣ ਪਿੱਛੇ ਮੁਲਜ਼ਮ ਦਾ ਕੀ ਉਦੇਸ਼ ਸੀ, ਇਸ ਬਾਰੇ ਅਜੇ ਕੁਝ ਵੀ ਪਤਾ ਨਹੀਂ ਲੱਗਿਆ ਹੈ। ਉਧਰ ਦੂਜੇ ਪਾਸੇ ਮੇਅਰ ਨੂੰ ਦਿੱਤੀ ਗਈ ਵਧੇਰੇ ਸੁਰੱਖਿਆ ਦੀ ਵਾਪਸੀ ਦੇ ਸਵਾਲ 'ਤੇ ਪੁਲਿਸ ਨੇ ਅਜੇ ਜਵਾਬ ਦੇਣ ਤੋਂ ਟਾਲਾ ਵੱਟ ਲਿਆ ਹੈ।

# ਟੋਰਾਂਟੋ 'ਚ ਰੀਅਲ ਅਸਟੇਟ ਕਾਰੋਬਾਰੀ ਦੀ ਠੱਗੀ ਦੇ ਸ਼ਿਕਾਰ ਹੋਏ ਕਈ ਦਰਜਨ ਲੋਕ



**ਵੈਨਕੂਵਰ, (ਪੰਜਾਬ ਮੇਲ)**- ਟੋਰਾਂਟੋ ਖੇਤਰ ਵਿਚ ਲੋਕਾਂ ਨੂੰ ਸਸਤੇ ਘਰ ਦੇਣ ਦੇ ਝਾਂਸੇ ਵਿਚ ਆ ਕੇ ਕਈ ਵਿਅਕਤੀਆਂ ਨਾਲ ਠੱਗੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਬਰੈਂਪਟਨ ਵਾਸੀ ਮੋਇਜ਼ ਕੁੰਵਰ ਕਿਸੇ ਹੋਰ ਕੰਪਨੀ ਦੇ ਉਸਾਰੀ ਅਧੀਨ ਘਰ ਵਿਖਾ ਕੇ ਬਿਆਨੇ ਲੈਂਦਾ ਰਿਹਾ। ਉਸ ਵਿਰੁੱਧ ਇਸ ਵਰ੍ਹੇ ਮਾਰਚ ਵਿਚ ਕੁੱਝ ਵਿਅਕਤੀਆਂ ਨੇ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ ਤੋਂ ਬਾਅਦ ਹੁਣ ਦਰਜਨਾਂ ਹੋਰ ਪੀੜਤਾਂ ਨਾਲ ਇਸੇ ਤਰ੍ਹਾਂ ਦੀ ਧੋਖਾਧੜੀ ਦਾ ਖੁਲਾਸਾ ਹੋਇਆ ਹੈ। ਪੀੜਤਾਂ ਨੂੰ ਇਸ ਠੱਗੀ ਦਾ ਪਤਾ ਉਦੋਂ ਲੱਗਦਾ ਜਦੋਂ ਉਹ ਬਿਆਨਾ ਦੇਣ ਤੋਂ ਕੁੱਝ ਸਮੇਂ ਬਾਅਦ ਘਰ ਦੀ ਉਸਾਰੀ ਦਾ ਜਾਇਜ਼ਾ ਲੈਣ ਜਾਂਦੇ। ਉੱਥੇ ਮੌਜੂਦ ਉਸਾਰੀ ਕੰਪਨੀ ਦੇ ਕਾਮਿਆਂ ਨੇ ਕਥਿਤ ਦੋਸ਼ੀ ਜਾਂ ਉਸ ਦੀ ਫਾਈਨੈਂਸ ਕੰਪਨੀ ਨਾਲ ਘਰ ਦਾ ਕਿਸੇ ਵੀ ਤਰਾਂ ਦਾ ਸਬੰਧ ਹੋਣ ਤੋਂ ਇਨਕਾਰ ਕਰ ਦਿੱਤਾ।

ਮਾਰਚ ਮਹੀਨੇ ਵਿਚ ਦੋ ਪੀੜਤਾਂ ਵਲੋਂ ਕੁੰਵਰ ਵਿਰੁੱਧ ਧੋਖਾਧੜੀ ਤੇ ਠੱਗੀ ਦਾ ਮਾਮਲਾ ਦਰਜ ਕਰਵਾਇਆ ਗਿਆ ਸੀ, ਜਿਸ ਵਿਚ ਦੋਸ਼ ਲਾਏ ਕਿ ਰੀਅਲ ਸਟੇਟ ਕਾਰੋਬਾਰੀ ਅਤੇ ਫਾਈਨੈਂਸ ਕੰਪਨੀ ਦਾ ਸੀ.ਈ.ਓ. ਹੋਣ ਦੇ ਦਸਤਾਵੇਜ਼ ਵਿਖਾ ਕੇ ਮੋਇਜ ਕੁੰਵਰ ਉਨ੍ਹਾਂ ਨੂੰ ਸਸਤਾ ਘਰ ਦੇਣ ਦਾ ਵਾਅਦਾ ਕਰਦਾ ਤੇ ਉਸਾਰੀ ਅਧੀਨ ਘਰ ਵਿਖਾ ਕੇ 6-7 ਮਹੀਨੇ 'ਚ ਕਬਜ਼ਾ ਦੇਣ ਦਾ ਭਰੋਸਾ ਦਿੰਦਾ। ਇਸ ਦੇ ਨਾਲ ਹੀ 3 ਤੋਂ 5 ਫੀਸਦੀ ਪੇਸ਼ਗੀ ਲੈ ਕੇ ਰਹਿੰਦੀ ਰਕਮ ਆਪਣੀ ਫਾਈਨੈਂਸ ਕੰਪਨੀ ਰਾਹੀਂ ਕਰਜਾ ਦੇਣ ਦਾ ਵਾਅਦਾ ਕਰਦਾ ਸੀ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ।

# ਨਿਮਿਸ਼ਾ ਪ੍ਰਿਆ ਮਾਮਲੇ 'ਚ ਪੀੜਤ ਦੇ ਭਰਾ ਨੇ ਲਾਏ ਗੰਭੀਰ ਦੋਸ਼

**ਸਨਾ, (ਪੰਜਾਬ ਮੇਲ)**- ਯਮਨ 'ਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੀ ਨਿਮਿਸ਼ਾ ਪ੍ਰਿਆ ਦੇ ਮਾਮਲੇ ਵਿੱਚ ਇੱਕ ਨਵਾਂ ਮੋੜ ਆਇਆ ਹੈ। ਇਸ ਮਾਮਲੇ ਵਿਚ ਮ੍ਰਿਤਕ ਯਮਨੀ ਨਾਗਰਿਕ ਤਲਾਲ ਅਬਦੋ ਮਹਿਦੀ ਦੇ ਭਰਾ ਅਬਦੁਲ ਫਤਿਹ ਮਹਿਦੀ ਨੇ ਨਿਮਿਸ਼ਾ ਪ੍ਰਿਆ ਦੀ ਰਿਹਾਈ ਲਈ ਕੰਮ ਕਰਨ ਵਾਲੇ ਇੱਕ ਕਾਰਕੁੰਨ ਸੈਮੂਅਲ ਜੇਰੋਮ 'ਤੇ ਗੰਭੀਰ ਦੋਸ਼ ਲਗਾਏ ਹਨ। ਅਬਦੁਲ ਫਤਿਹ ਮਹਿਦੀ ਨੇ ਦੋਸ਼ ਲਗਾਇਆ ਹੈ ਕਿ ਜੇਰੋਮ ਨਿਮਿਸ਼ਾ ਪ੍ਰਿਆ ਦੇ ਨਾਮ 'ਤੇ ਇਕੱਠੇ ਕੀਤੇ ਪੈਸਿਆਂ ਵਿਚ ਹੇਰਾਫੇਰੀ ਕਰ ਰਿਹਾ ਹੈ।

ਮਹਿਦੀ ਨੇ ਦੋਸ਼ ਲਗਾਇਆ ਹੈ ਕਿ ਜੇਰੋਮ ਨੇ ਆਪਣੇ ਆਪ ਨੂੰ ਇੱਕ ਵਕੀਲ ਵਜੋਂ ਗਲਤ ਢੰਗ ਨਾਲ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਉਸਨੇ ਯਮਨ ਵਿਚ ਪੀੜਤ ਪਰਿਵਾਰ ਦੀ ਭਾਗੀਦਾਰੀ ਜਾਂ ਜਾਣਕਾਰੀ ਤੋਂ ਬਿਨਾਂ ਕ੍ਰਾਊਡ ਫੰਡਿੰਗ ਰਾਹੀਂ ਇਕੱਠੇ ਕੀਤੇ 40,000 ਡਾਲਰ ਸਮੇਤ ਕਈ ਦਾਨ ਇਕੱਠੇ ਕੀਤੇ। ਮਹਿਦੀ ਨੇ ਜੇਰੋਮ ਨੂੰ ਆਪਣੇ ਦੋਸ਼ ਨੂੰ ਗਲਤ ਸਾਬਤ ਕਰਨ ਦੀ ਚੁਣੌਤੀ ਦਿੱਤੀ। ਮਹਿਦੀ ਨੇ ਇੱਕ ਫੇਸਬੁੱਕ ਪੋਸਟ ਵਿਚ ਕਿਹਾ, "ਯਮਨ ਦੇ ਰਾਸ਼ਟਰਪਤੀ ਦੁਆਰਾ ਫਾਂਸੀ ਲਈ ਹਰੀ ਝੰਡੀ ਦੇਣ ਤੋਂ ਬਾਅਦ ਮੈਂ ਉਸਨੂੰ (ਜੇਰੋਮ) ਸਨਾ ਵਿਚ ਮਿਲਿਆ।"

ਮਹਿਦੀ ਨੇ ਜੇਰੋਮ 'ਤੇ ਵਿਚੋਲਗੀ ਦੇ ਨਾਮ 'ਤੇ ਵਪਾਰ ਕਰਨ ਦਾ ਵੀ ਦੋਸ਼ ਲਗਾਇਆ। ਉਸ ਨੇ ਚੇਤਾਵਨੀ ਦਿੱਤੀ, "ਜੇਕਰ ਉਹ ਧੋਖੇਬਾਜ਼ੀ ਬੰਦ ਨਹੀਂ ਕਰਦਾ, ਤਾਂ ਸੱਚ ਸਾਹਮਣੇ ਆ ਜਾਵੇਗਾ"। ਇਸ ਦੌਰਾਨ ਸੇਵ ਨਿਮਿਸ਼ਾ ਪ੍ਰਿਆ ਇੰਟਰਨੈਸ਼ਨਲ ਐਕਸ਼ਨ ਕੌਂਸਲ ਨੇ ਜੇਰੋਮ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ। ਕੌਂਸਲ ਦੇ ਕਾਨੂੰਨੀ ਸਲਾਹਕਾਰ ਸੁਭਾਸ਼ ਚੰਦਰਨ ਕੇ.ਆਰ. ਅਨੁਸਾਰ ਜੇਰੋਮ ਨੇ 27 ਦਸੰਬਰ ਨੂੰ ਦੂਤਘਰ ਰਾਹੀਂ ਟਰਾਂਸਫਰ ਕੀਤੇ ਗਏ 20,000 ਡਾਲਰ ਪ੍ਰਾਪਤ ਕਰਨ ਤੋਂ ਥੋੜ੍ਹੀ ਦੇਰ ਬਾਅਦ 28 ਦਸੰਬਰ, 2024 ਨੂੰ ਗਰੁੱਪ ਛੱਡ ਦਿੱਤਾ। ਚੰਦਰਨ ਨੇ ਕਿਹਾ, "ਉਸਦੇ ਜਾਣ ਦਾ ਕਾਰਨ ਸਪੱਸ਼ਟ ਤੌਰ 'ਤੇ ਕੌਂਸਲ ਵਿਚ ਸ਼ੁਰੂ ਕੀਤੀ ਗਈ ਉਸਦੀਆਂ ਕਾਰਵਾਈਆਂ ਦੀ ਜਾਂਚ ਸੀ।" ਚੰਦਰਨ ਅਨੁਸਾਰ ਨਿਮਿਸ਼ਾ ਪ੍ਰਿਆ ਅਤੇ ਤਲਾਲ ਮਾਹੀ ਦੋਵਾਂ ਦੇ ਪਰਿਵਾਰ ਧੋਖੇ ਦਾ ਸ਼ਿਕਾਰ ਹੋਏ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਕੈਨੇਡਾ 'ਚ ਰਹਿ ਰਹੇ ਭਾਰਤੀਆਂ ਲਈ ਐਡਵਾਈਜ਼ਰੀ ਜਾਰੀ

■ ਓਟਵਾ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਫ਼ਰਜ਼ੀ ਈਮੇਲਾਂ ਤੇ ਕਾਲਾਂ ਤੋਂ ਕੀਤਾ ਚੌਕਸ

**ਓਟਵਾ, (ਪੰਜਾਬ ਮੇਲ)**- ਕੈਨੇਡਾ ਵਿਚ ਰਹਿ ਰਹੇ ਭਾਰਤੀ ਭਾਈਚਾਰੇ ਦੇ ਲੋਕਾਂ ਲਈ ਓਟਵਾ ਸਥਿਤ ਭਾਰਤੀ ਹਾਈ ਕਮਿਸ਼ਨ ਵੱਲੋਂ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਐਡਵਾਈਜ਼ਰੀ ਮੁਤਾਬਕ ਕੈਨੇਡਾ ਵਿਚ ਕੁਝ ਭਾਰਤੀ ਨਾਗਰਿਕਾਂ ਜਾਂ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਉਨ੍ਹਾਂ ਦੇ ਕੈਨੇਡੀਅਨ ਵੀਜ਼ਾ, ਇਮੀਗ੍ਰੇਸ਼ਨ ਸਥਿਤੀ, ਨੌਕਰੀ ਦੀਆਂ ਪੇਸ਼ਕਸ਼ਾਂ, ਅਰਜ਼ੀ ਫ਼ੀਸਾਂ ਦੀ ਅਦਾਇਗੀ ਜਾਂ ਮੁੜ-ਭੁਗਤਾਨ ਬਾਰੇ ਕਾਲਾਂ, ਈ-ਮੇਲ਼ਾਂ ਆਦਿ ਮਿਲ ਰਹੀਆਂ ਹਨ, ਜਿਸ ਵਿਚ ਉਨ੍ਹਾਂ 'ਤੇ ਅਪਰਾਧ ਜਾ ਧੋਖਾਧੜੀ ਆਦਿ ਕਰਨ ਜਾਂ ਉਸ ਵਿਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਹੈ। ਇਸ ਵਿਚ ਜ਼ਿਆਦਾਤਰ ਇੰਟਰਨੈਸ਼ਨਲ ਸਟੂਡੈਂਟਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਭਾਰਤੀ ਹਾਈ ਕਮਿਸ਼ਨ ਨੇ ਕਿਹਾ ਕਿ ਕਈ ਵਾਰ ਕਾਲ ਕਰਨ ਵਾਲਿਆਂ ਜਾਂ ਈਮੇਲ ਭੇਜਣ ਵਾਲਿਆਂ ਨੇ ਖ਼ੁਦ ਨੂੰ ਟੋਰਾਂਟੋ ਜਾਂ ਵੈਨਕੂਵਰ ਸਥਿਤ ਭਾਰਤੀ ਹਾਈ ਕਮਿਸ਼ਨ, ਭਾਰਤ ਦੇ ਕੌਂਸੁਲੇਟ ਜਨਰਲ ਦੇ ਅਧਿਕਾਰੀ ਹੋਣ ਦਾ ਦਾਅਵਾ ਕੀਤਾ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕੁਝ ਅਨਸਰ ਟੋਰਾਂਟੋ ਜਾਂ ਵੈਨਕੂਵਰ ਵਿਚ ਭਾਰਤ ਦੇ ਹਾਈ ਕਮਿਸ਼ਨ ਜਾਂ ਕੌਂਸਲੇਟ ਜਨਰਲ ਦੀ ਵੈੱਬਸਾਈਟ 'ਤੇ ਦਿੱਤੇ ਗਏ ਅਧਿਕਾਰਤ ਟੈਲੀਫ਼ੋਨ ਨੰਬਰਾਂ ਨੂੰ ਅਸਲੀ ਦਿਖਾਉਣ ਲਈ ਧੋਖਾਧੜੀ ਕਰਨ ਵਿਚ ਸਫਲ ਰਹੇ ਹਨ।

ਇਸ ਲਈ ਭਾਰਤੀਆਂ ਨੂੰ ਚੌਕਸ ਕੀਤਾ ਜਾਂਦਾ ਹੈ ਕਿ ਭਾਰਤੀ ਹਾਈ ਕਮਿਸ਼ਨ, ਟੋਰਾਂਟੋ 'ਚ ਭਾਰਤ ਦਾ ਕੌਂਸਲੇਟ ਜਨਰਲ ਜਾਂ ਵੈਨਕੂਵਰ ਵਿਚ ਭਾਰਤ ਦਾ ਕੌਂਸਲੇਟ ਜਨਰਲ ਉੱਪਰ ਦੱਸੇ ਗਏ ਮਾਮਲਿਆਂ ਨਾਲ ਸਬੰਧਤ ਨਹੀਂ ਹਨ। ਅਜਿਹੀਆਂ ਫ਼ੋਨ ਕਾਲਾਂ ਦੀ ਰਿਪੋਰਟ ਸਬੰਧਤ ਕਾਨੂੰਨ ਅਤੇ ਵਿਵਸਥਾ ਅਧਿਕਾਰੀਆਂ ਨੂੰ ਕੀਤੀ ਜਾ ਸਕਦੀ ਹੈ। ਜੇਕਰ ਕਾਲ ਕਰਨ ਵਾਲੇ ਦਾ ਨੰਬਰ ਭਾਰਤ ਤੋਂ ਆਉਂਦਾ ਹੈ, ਤਾਂ ਘਟਨਾ ਸਬੰਧੀ ਸ਼ਿਕਾਇਤ ਦਰਜ ਕਰਨ ਲਈ https://www.cybercrime.gov.in ਦੀ ਵਰਤੋਂ ਕੀਤੀ ਜਾ ਸਕਦੀ ਹੈ।

# ਪੂਰੇ ਪਰਿਵਾਰ ਨੂੰ ਡੰਕੀ ਰਾਹੀਂ ਅਮਰੀਕਾ ਭੇਜਣ ਦੇ ਦੋਸ਼ ਹੇਠ ਏ.ਐੱਸ.ਆਈ. ਗ੍ਰਿਫ਼ਤਾਰ



**ਲੁਧਿਆਣਾ, (ਪੰਜਾਬ ਮੇਲ)**- ਜ਼ਿਲ੍ਹੇ ਦੀ ਕ੍ਰਾਈਮ ਬਰਾਂਚ ਨੇ ਅਮਰੀਕਾ 'ਚ ਵਰਕ ਪਰਮਿਟ ਦਿਵਾਉਣ ਦਾ ਝਾਂਸਾ ਦੇ ਕੇ ਪੂਰੇ ਪਰਿਵਾਰ ਨੂੰ ਡੰਕੀ ਰਸਤੇ ਰਾਹੀਂ ਅਮਰੀਕਾ ਭੇਜਣ ਦੇ ਦੋਸ਼ ਹੇਠ ਕਪੂਰਥਲਾ ਪੁਲਿਸ ਲਾਈਨ ਵਿਚ ਤਾਇਨਾਤ ਏ.ਐੱਸ.ਆਈ. ਸਰਬਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਮੁਲਾਜ਼ਮ ਲੋਕਾਂ ਨੂੰ ਠੱਗ ਟਰੈਵਲ ਏਜੰਟਾਂ ਤੋਂ ਬਚਣ ਲਈ ਜਾਗਰੂਕ ਕਰਦਾ ਸੀ ਪਰ ਉਸ ਨੇ ਆਪਣੇ ਟਰੈਵਲ ਏਜੰਟ ਭਰਾ ਲਈ ਇਹ ਸਾਰੀ ਸਾਜ਼ਿਸ਼ ਰਚੀ। ਇਸ ਮਾਮਲੇ ਵਿਚ ਟਰੈਵਲ ਏਜੰਟ ਦਲਜੀਤ ਸਿੰਘ ਅਤੇ ਜੈ ਜਗਤ ਜੋਸ਼ੀ ਹਾਲੇ ਫ਼ਰਾਰ ਹਨ।

ਪੀੜਤ ਆਕਾਸ਼ਵੀਰ ਸਿੰਘ ਨੇ ਦੱਸਿਆ ਕਿ ਉਹ ਆਪਣੀ ਪਤਨੀ ਅਤੇ ਦੋ ਬੱਚਿਆਂ ਨਾਲ ਕਾਨੂੰਨੀ ਤੌਰ 'ਤੇ ਅਮਰੀਕਾ ਜਾਣਾ ਚਾਹੁੰਦਾ ਸੀ। ਜਦੋਂ ਉਹ ਸਰਬਜੀਤ, ਦਲਜੀਤ ਤੇ ਜੋਸ਼ੀ ਨੂੰ ਮਿਲਿਆ, ਤਾਂ ਉਨ੍ਹਾਂ ਉਸ ਨੂੰ ਵਰਕ ਪਰਮਿਟ ਦਿਵਾਉਣ ਦਾ ਲਾਲਚ ਦਿੱਤਾ। ਮੁਲਜ਼ਮਾਂ ਨੇ ਉਸ ਕੋਲੋਂ 90 ਲੱਖ ਰੁਪਏ ਲੈ ਕੇ ਅਮਰੀਕਾ ਭੇਜਣ ਦਾ ਵਾਅਦਾ ਕੀਤਾ। ਅਗਸਤ 2023 ਨੂੰ ਪੂਰੇ ਪਰਿਵਾਰ ਨੂੰ ਦੁਬਈ ਲਈ ਫਲਾਈਟ ਦਿੱਤੀ ਗਈ ਤੇ ਮਗਰੋਂ ਪਰਿਵਾਰ ਨੂੰ ਗੈਰ-ਕਾਨੂੰਨੀ ਤੌਰ 'ਤੇ ਦੁਬਈ ਤੋਂ ਸਲਵਾਡੋਰ ਭੇਜ ਦਿੱਤਾ ਗਿਆ। ਅੱਧੇ ਰਸਤੇ 'ਚ ਏਜੰਟਾਂ ਨੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਕਿਹਾ ਕਿ ਜੇ ਉਨ੍ਹਾਂ ਨੂੰ ਹੋਰ 50 ਲੱਖ ਰੁਪਏ ਦਿੱਤੇ ਗਏ, ਤਾਂ ਉਹ ਉਨ੍ਹਾਂ ਨੂੰ ਅਮਰੀਕਾ ਭੇਜ ਦੇਣਗੇ ਨਹੀਂ ਤਾਂ ਉਨ੍ਹਾਂ ਨੂੰ ਵਾਪਸ ਜਾਣਾ ਪਵੇਗਾ। ਜਦੋਂ ਉਨ੍ਹਾਂ 50 ਲੱਖ ਰੁਪਏ ਦਿੱਤੇ ਤਾਂ ਆਕਾਸ਼ਵੀਰ ਦੇ ਪਰਿਵਾਰ ਨੂੰ ਮੈਕਸਿਕੋ ਸਰਹੱਦ ਤੋਂ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖ਼ਲ ਹੋਣ ਲਈ ਮਜਬੂਰ ਕੀਤਾ ਗਿਆ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

ਸਫਾ 1 ਦਾ ਬਾਕੀ

## ਟਰੰਪ ਪ੍ਰਸ਼ਾਸਨ ਵੱਲੋਂ ਐੱਚ-1ਬੀ ਵੀਜ਼ਾ ਲਾਟਰੀ ਸਿਸਟਮ ਖਤਮ!

ਟਰੰਪ ਪ੍ਰਸ਼ਾਸਨ ਇਸਨੂੰ ਬਦਲਣ ਦੀ ਤਿਆਰੀ ਕਰ ਰਿਹਾ ਹੈ। ਨਵੀਂ ਪ੍ਰਣਾਲੀ ਵਿਚ ਸਾਰੇ ਬਿਨੈਕਾਰਾਂ ਨਾਲ ਬਰਾਬਰ ਵਿਵਹਾਰ ਕੀਤਾ ਜਾਵੇਗਾ ਅਤੇ ਲਾਟਰੀ ਕੱਢਣ ਦੀ ਬਜਾਏ ਉਨ੍ਹਾਂ ਦੀ ਡਿਗਰੀ ਅਤੇ ਤਜ਼ਰਬੇ ਨੂੰ ਧਿਆਨ ਵਿਚ ਰੱਖਿਆ ਜਾਵੇਗਾ। ਫਿਲਹਾਲ ਇਸ ਨੂੰ ਪ੍ਰਤੀ ਸਾਲ 85,000 ਵੀਜ਼ਾ ਤੱਕ ਸੀਮਤ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚ ਕਰੀਬ 20,000 ਵੀਜ਼ਾ ਘੱਟ ਤੋਂ ਘੱਟ ਮਾਸਟਰ ਡਿਗਰੀ ਧਾਰਕਾਂ ਲਈ ਰਾਖਵੇਂ ਹੋਣਗੇ। ਰਿਪੋਰਟ ਅਨੁਸਾਰ ਸਾਲ 2022 ਵਿਚ ਮਨਜ਼ੂਰਸ਼ੁਦਾ ਭਾਰਤੀਆਂ ਨੂੰ 3 ਲੱਖ ਤੋਂ ਵੱਧ ਐੱਚ-1ਬੀ ਵੀਜ਼ੇ ਜਾਰੀ ਕੀਤੇ ਗਏ ਸਨ। ਯਾਨੀ ਹਰ ਸਾਲ ਵੱਡੀ ਗਿਣਤੀ ਵਿਚ ਭਾਰਤੀ ਕਾਮੇ ਅਮਰੀਕਾ ਜਾ ਰਹੇ ਹਨ।

ਡੀ.ਐੱਚ.ਐੱਸ ਫਾਈਲਿੰਗ ਅਨੁਸਾਰ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਨੂੰ ਸਾਲਾਨਾ ਸੀਮਾਵਾਂ ਦੇ ਅਧੀਨ ਨਹੀਂ ਰੱਖਿਆ ਜਾਵੇਗਾ। ਯਾਨੀ, ਵਿਦੇਸ਼ੀ ਪ੍ਰਤਿਭਾ ਨੂੰ ਸਾਲ ਭਰ ਉੱਥੇ ਨੌਕਰੀ 'ਤੇ ਰੱਖਿਆ ਜਾ ਸਕਦਾ ਹੈ ਅਤੇ ਉਸ ਆਧਾਰ 'ਤੇ ਵੀਜ਼ਾ ਜਾਰੀ ਕੀਤਾ ਜਾ ਸਕਦਾ ਹੈ। ਨਵੀਂ ਪ੍ਰਣਾਲੀ ਤਹਿਤ ਵੀਜ਼ਾ ਜਾਰੀ ਕਰਦੇ ਸਮੇਂ ਬਿਨੈਕਾਰ ਦੀ ਤਨਖਾਹ ਅਤੇ ਯੋਗਤਾ 'ਤੇ ਵੀ ਵਿਚਾਰ ਕੀਤਾ ਜਾਵੇਗਾ। ਉੱਚ ਹੁਨਰਮੰਦ ਪੇਸ਼ੇਵਰਾਂ ਖਾਸ ਕਰਕੇ ਪੀ.ਐੱਚ.ਡੀ. ਧਾਰਕਾਂ ਨੂੰ ਇਸ ਤੋਂ ਲਾਭ ਹੋਵੇਗਾ। ਆਈ.ਐੱਫ.ਪੀ. ਦੇ ਅਧਿਐਨ ਦਾ ਅੰਦਾਜ਼ਾ ਹੈ ਕਿ ਜੇਕਰ ਅਰਜ਼ੀਆਂ ਦਾ ਮੁਲਾਂਕਣ ਤਨਖਾਹ ਅਤੇ ਸੀਨੀਅਰਤਾ ਦੇ ਆਧਾਰ 'ਤੇ ਕੀਤਾ ਜਾਂਦਾ ਹੈ, ਤਾਂ ਐੱਚ-1ਬੀ ਪ੍ਰੋਗਰਾਮ ਦਾ ਆਰਥਿਕ ਮੁੱਲ 88 ਪ੍ਰਤੀਸ਼ਤ ਵਧੇਗਾ। ਇਸ ਨਾਲ ਨੌਜਵਾਨ ਕਾਮਿਆਂ ਨੂੰ ਹੁਲਾਰਾ ਮਿਲੇਗਾ।

ਸਫਾ 1 ਦਾ ਬਾਕੀ

## ਗੈਰ ਕਾਨੂੰਨੀ ਪ੍ਰਵਾਸੀਆਂ ਖਿਲਾਫ ਅਮਰੀਕਾ ਨੇ ਮੁਹਿੰਮ...

ਰਾਸ਼ਟਰਪਤੀ ਦੀ ਵੱਡੀ ਪ੍ਰਾਪਤੀ 'ਦ ਬਿਗ ਬਿਊਟੀਫੁੱਲ ਬਿੱਲ' ਨੂੰ ਪਾਸ ਕਰਨਾ ਹੈ। ਇਸ ਕਾਨੂੰਨ ਵਿਚ ਟੈਕਸ ਅਤੇ ਖਰਚ ਨੀਤੀਆਂ ਸ਼ਾਮਲ ਹਨ, ਜੋ ਟਰੰਪ ਦੇ ਦੂਜੇ ਕਾਰਜਕਾਲ ਦੇ ਏਜੰਡੇ ਦਾ ਮੁੱਖ ਹਿਸਾ ਹਨ।

ਭਾਵੇਂ ਕਿ ਚੋਣਾਂ ਦੌਰਾਨ ਰਾਸ਼ਟਰਪਤੀ ਟਰੰਪ ਦੀ ਪ੍ਰਸਿੱਧੀ ਵੱਧ ਸੀ। ਪਰ ਹੁਣ ਉਹ ਘੱਟ ਕੇ 42% ਰਹਿ ਗਈ ਹੈ। ਪਰ ਰਾਸ਼ਟਰਪਤੀ ਟਰੰਪ ਦਾ ਇਹ ਕਹਿਣਾ ਹੈ ਕਿ ਇਸ ਵਕਤ ਪ੍ਰਸਿੱਧੀ ਨਾਲੋਂ ਅਮਰੀਕਾ ਨੂੰ ਅੱਗੇ ਲਿਜਾਣਾ ਜ਼ਿਆਦਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮੈਂ ਹਰ ਕੀਮਤ 'ਤੇ ਅਮਰੀਕਾ ਨੂੰ ਇਕ ਵਾਰ ਫਿਰ ਤੋਂ ਮਹਾਨ ਦੇਖਣਾ ਚਾਹੁੰਦਾ ਹਾਂ। ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਸੱਤਾ ਸੰਭਾਲਣ ਤੋਂ ਪਹਿਲਾਂ ਦੇਸ਼ ਮਰ ਰਿਹਾ ਸੀ ਅਤੇ ਮੈਂ ਹੁਣ ਇਸ ਦੀ ਪੁਨਰਸੁਰਜੀਤੀ ਕੀਤੀ ਹੈ। ਅੱਜ ਦੁਨੀਆਂ ਵਿਚ ਇੱਕ ਵਾਰ ਫਿਰ ਅਮਰੀਕਾ ਇਕ ਸਤਿਕਾਰਤ ਦੇਸ਼ ਬਣ ਗਿਆ ਹੈ।

ਸਫਾ 1 ਦਾ ਬਾਕੀ

## ਅਮਰੀਕਾ ਵੱਲੋਂ ਗੈਰ-ਪ੍ਰਵਾਸੀ ਵੀਜ਼ਾ ਲਈ ਇੱਕ ਨਵੀਂ...

ਨਵੇਂ ਨਿਯਮ ਵਿਚ ਇੱਕ ਹੋਰ ਰਾਹਤ ਇਹ ਹੈ ਕਿ ਜਿਹੜੇ ਬਿਨੈਕਾਰ ਵੀਜ਼ਾ ਪ੍ਰਾਪਤ ਕਰਨ ਤੋਂ ਬਾਅਦ ਅਮਰੀਕਾ ਦੇ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹਨ ਅਤੇ ਸਮੇਂ ਸਿਰ ਦੇਸ਼ ਛੱਡ ਦਿੰਦੇ ਹਨ, ਉਨ੍ਹਾਂ ਨੂੰ ਇਹ ਵਾਧੂ ਫੀਸ ਵਾਪਸ ਕਰ ਦਿੱਤੀ ਜਾਵੇਗੀ। ਇਸ ਨਾਲ ਸਹੀ ਨਿਯਮਾਂ ਅਨੁਸਾਰ ਰਹਿਣ ਵਾਲੇ ਲੋਕਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ।

ਅਮਰੀਕਾ ਵਿਚ ਦੋ ਤਰ੍ਹਾਂ ਦੇ ਵੀਜ਼ੇ ਹਨ, ਗੈਰ-ਪ੍ਰਵਾਸੀ ਵੀਜ਼ਾ ਅਤੇ ਪ੍ਰਵਾਸੀ ਵੀਜ਼ਾ। ਗੈਰ-ਪ੍ਰਵਾਸੀ ਵੀਜ਼ਾ ਅਸਥਾਈ ਠਹਿਰਨ ਲਈ ਦਿੱਤਾ ਜਾਂਦਾ ਹੈ ਅਤੇ ਇਹ ਫੀਸ ਵਾਧਾ ਸਿਰਫ਼ ਇਨ੍ਹਾਂ ਵੀਜ਼ਿਆਂ ਨੂੰ ਪ੍ਰਭਾਵਿਤ ਕਰੇਗਾ। ਇਸ ਦੀਆਂ ਮੁੱਖ ਕਿਸਮਾਂ ਵਿਚ ਬੀ-1/ਬੀ-2 ਵੀਜ਼ਾ ਸ਼ਾਮਲ ਹਨ, ਜੋ ਸੈਲਾਨੀ, ਕਾਰੋਬਾਰ ਅਤੇ ਡਾਕਟਰੀ ਇਲਾਜ ਲਈ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਪੜ੍ਹਾਈ ਲਈ ਐੱਫ-1 ਵੀਜ਼ਾ, ਨੌਕਰੀਆਂ ਲਈ ਐੱਚ-1ਬੀ ਵੀਜ਼ਾ, ਐਕਸਚੇਂਜ ਪ੍ਰੋਗਰਾਮਾਂ ਲਈ ਜੇ-1 ਵੀਜ਼ਾ ਅਤੇ ਖੇਤੀਬਾੜੀ ਜਾਂ ਹੋਰ ਅਸਥਾਈ ਕੰਮ ਲਈ ਐੱਚ-2ਏ/ਐੱਚ-2ਬੀ ਵੀਜ਼ਾ ਵੀ ਹਨ। ਇਸ ਦੇ ਨਾਲ ਹੀ ਪ੍ਰਵਾਸੀ ਵੀਜ਼ੇ ਉਨ੍ਹਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ, ਜੋ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿਣਾ ਚਾਹੁੰਦੇ ਹਨ ਅਤੇ ਇਨ੍ਹਾਂ ਵੀਜ਼ਿਆਂ ਦੀ ਫੀਸ ਵਿਚ ਇਸ ਵਾਧੇ ਦਾ ਕੋਈ ਅਸਰ ਨਹੀਂ ਪਿਆ ਹੈ।

ਇਹ ਬਦਲਾਅ ਭਾਰਤ ਸਮੇਤ ਉਨ੍ਹਾਂ ਸਾਰੇ ਦੇਸ਼ਾਂ ਲਈ ਚਿੰਤਾ ਦਾ ਵਿਸ਼ਾ ਹੋਵੇਗਾ, ਜਿੱਥੋਂ ਲੋਕ ਪੜ੍ਹਾਈ, ਕੰਮ ਜਾਂ ਸੈਰ-ਸਪਾਟੇ ਲਈ ਅਮਰੀਕਾ ਆਉਂਦੇ ਹਨ। ਵੀਜ਼ਾ ਫੀਸਾਂ ਵਿਚ ਵਾਧੇ ਨਾਲ ਬਿਨੈਕਾਰਾਂ 'ਤੇ ਵਿੱਤੀ ਦਬਾਅ ਵਧੇਗਾ। ਇਹ ਨਵਾਂ ਖਰਚਾ ਖਾਸ ਕਰਕੇ ਵਿਦਿਆਰਥੀਆਂ ਅਤੇ ਛੋਟੇ ਕਾਰੋਬਾਰੀਆਂ ਲਈ ਚੁਣੌਤੀਪੂਰਨ ਸਾਬਤ ਹੋ ਸਕਦਾ ਹੈ।

ਸਫਾ 1 ਦਾ ਬਾਕੀ

## ਅਮਰੀਕਾ ਵੀਜ਼ਾ ਨਿਯਮਾਂ 'ਚ ਸਖਤੀ ਕਾਰਨ...

ਉਹ ਹੋਰ ਇੰਤਜ਼ਾਰ ਨਹੀਂ ਕਰ ਸਕਦਾ ਸੀ। ਉਹ ਇੱਕ ਸਾਲ ਗੁਆ ਸਕਦਾ ਹੈ। ਵਿਦੇਸ਼ ਮੰਤਰਾਲੇ (ਐੱਮ.ਈ.ਏ.) ਦੇ ਅੰਕੜਿਆਂ ਅਨੁਸਾਰ 1 ਜਨਵਰੀ, 2024 ਤੱਕ 11.6 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿਚ ਉੱਚ ਸਿੱਖਿਆ ਸੰਸਥਾਵਾਂ ਵਿੱਚ ਪੜ੍ਹ ਰਹੇ ਸਨ ਅਤੇ ਯੂਰਪ ਲਈ ਇੱਕ ਮੰਜ਼ਿਲ ਵਜੋਂ ਗਿਣਤੀ ਲਗਾਤਾਰ ਵੱਧ ਰਹੀ ਸੀ।

ਹੈਦਰਾਬਾਦ ਵਿਚ ਅਮਰੀਕੀ ਕੌਂਸਲੇਟ ਜਨਰਲ ਨੇ ਕਿਹਾ ਕਿ ਸਲਾਟ ਦੁਬਾਰਾ ਖੋਲ੍ਹ ਦਿੱਤੇ ਗਏ ਹਨ। ਵਿਦਿਆਰਥੀ ਦੂਤਘਰ ਜਾਂ ਵੈੱਬਸਾਈਟ 'ਤੇ ਮੁਲਾਕਾਤਾਂ ਦੀ ਉਪਲਬਧਤਾ ਦੀ ਜਾਂਚ ਕਰ ਸਕਦੇ ਹਨ। ਅਸੀਂ ਵੀਜ਼ਾ ਬਿਨੈਕਾਰਾਂ ਦੀ ਚੰਗੀ ਤਰ੍ਹਾਂ ਜਾਂਚ ਕਰ ਰਹੇ ਹਾਂ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦਾ ਇਰਾਦਾ ਅਮਰੀਕਾ ਜਾਂ ਸਾਡੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਦਾ ਨਹੀਂ ਹੈ। ਬਿਨੈਕਾਰਾਂ ਨੂੰ ਵੀਜ਼ਾ ਲਈ ਆਪਣੀ ਯੋਗਤਾ ਸਾਬਤ ਕਰਨੀ ਚਾਹੀਦੀ ਹੈ। ਅਸੀਂ ਬਿਨੈਕਾਰਾਂ ਨੂੰ ਜਲਦੀ ਤੋਂ ਜਲਦੀ ਅਰਜ਼ੀ ਦੇਣ ਲਈ ਉਤਸ਼ਾਹਿਤ ਕਰਦੇ ਹਾਂ। ਪਿਛਲੇ ਸਾਲ ਭਾਰਤ ਨੇ 3.3 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਅਮਰੀਕਾ ਭੇਜਣ ਲਈ ਚੀਨ ਨੂੰ ਪਛਾੜ ਦਿੱਤਾ ਸੀ।

# ਨਾਟੋ ਮੁਖੀ ਦੀ ਭਾਰਤ, ਚੀਨ ਤੇ ਬ੍ਰਾਜ਼ੀਲ ਨੂੰ ਚਿਤਾਵਨੀ

■ ਕਿਹਾ: ਰੂਸ ਨਾਲ ਕਾਰੋਬਾਰੀ ਸਬੰਧ ਜਾਰੀ ਰਹੇ, ਤਾਂ ਸਖ਼ਤ ਪਾਬੰਦੀਆਂ ਲਈ ਤਿਆਰ ਰਹੋ

**ਵਾਸ਼ਿੰਗਟਨ, (ਪੰਜਾਬ ਮੇਲ)**- ਨਾਟੋ ਦੇ ਸਕੱਤਰ ਜਨਰਲ ਮਾਰਕ ਰੂਟੇ ਨੇ ਚਿਤਾਵਨੀ ਦਿੱਤੀ ਕਿ ਭਾਰਤ, ਬ੍ਰਾਜ਼ੀਲ ਤੇ ਚੀਨ ਵਰਗੇ ਮੁਲਕ ਜੇਕਰ ਰੂਸ ਨਾਲ ਕਾਰੋਬਾਰ ਜਾਰੀ ਰੱਖਦੇ ਹਨ, ਤਾਂ ਉਨ੍ਹਾਂ ਨੂੰ ਸਖ਼ਤ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰੂਟੇ ਨੇ 'ਬ੍ਰਿਕਸ' ਸਮੂਹ 'ਚ ਸ਼ਾਮਲ ਇਨ੍ਹਾਂ ਮੁਲਕਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਪੂਤਿਨ ਨੂੰ ਸ਼ਾਂਤੀ ਵਾਰਤਾ ਲਈ ਸੰਜੀਦਾ ਹੋਣ ਵਾਸਤੇ ਕਹਿਣ ਜਾਂ ਫਿਰ ਰੂਸ ਸਖ਼ਤ ਪਾਬੰਦੀਆਂ ਲਈ ਤਿਆਰ ਰਹੇ।

ਰੂਟੇ ਨੇ ਇਹ ਟਿੱਪਣੀ ਅਮਰੀਕੀ ਕਾਂਗਰਸ 'ਚ ਸੈਨੇਟਰਾਂ ਨਾਲ ਮੁਲਾਕਾਤ ਦੌਰਾਨ ਕੀਤੀ, ਜਦੋਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੂਕਰੇਨ ਲਈ ਨਵੇਂ ਹਥਿਆਰਾਂ ਦਾ ਐਲਾਨ ਕੀਤਾ ਅਤੇ 50 ਦਿਨਾਂ ਵਿਚ ਸ਼ਾਂਤੀ ਸਮਝੌਤਾ ਨਾ ਹੋਣ 'ਤੇ ਰੂਸੀ ਬਰਾਮਦਾਂ ਦੇ ਖਰੀਦਦਾਰਾਂ 'ਤੇ 100 ਫੀਸਦੀ ਸੈਕੰਡਰੀ ਟੈਰਿਫ ਲਾਉਣ ਦੀ ਧਮਕੀ ਦਿੱਤੀ।

ਰੂਟੇ ਨੇ ਪੱਤਰਕਾਰਾਂ ਨੂੰ ਕਿਹਾ, "ਇਨ੍ਹਾਂ ਤਿੰਨਾਂ ਦੇਸ਼ਾਂ ਨੂੰ ਮੇਰੀ ਸਲਾਹ ਹੈ, ਖਾਸ ਕਰਕੇ, ਜੇਕਰ ਤੁਸੀਂ ਹੁਣ ਬੀਜਿੰਗ ਵਿਚ ਰਹਿੰਦੇ ਹੋ ਜਾਂ ਦਿੱਲੀ ਵਿਚ ਜਾਂ ਤੁਸੀਂ ਬ੍ਰਾਜ਼ੀਲ ਦੇ ਰਾਸ਼ਟਰਪਤੀ ਹੋ, ਤਾਂ ਤੁਸੀਂ ਇਸ 'ਤੇ ਇਕ ਨਜ਼ਰ ਮਾਰਨੀ ਚਾਹੋਗੇ, ਕਿਉਂਕਿ ਇਹ ਤੁਹਾਨੂੰ ਅਸਰਅੰਦਾਜ਼ ਕਰ ਸਕਦਾ ਹੈ।"

ਰੂਟੇ ਨੇ ਸੋਮਵਾਰ ਨੂੰ ਟਰੰਪ ਨਾਲ ਮੁਲਾਕਾਤ ਕੀਤੀ ਅਤੇ ਟੈਰਿਫ ਨੂੰ ਲੈ ਕੇ ਨਵੀਂ ਪੇਸ਼ਕਦਮੀ 'ਤੇ ਸਹਿਮਤੀ ਪ੍ਰਗਟਾਈ। ਰੂਟੇ ਨੇ ਕਿਹਾ, "ਇਸ ਲਈ ਕ੍ਰਿਪਾ ਕਰਕੇ ਪੂਤਿਨ ਨੂੰ ਫੋਨ ਕਰੋ ਤੇ ਦੱਸੋ ਕਿ ਉਨ੍ਹਾਂ ਨੂੰ ਸ਼ਾਂਤੀ ਵਾਰਤਾ ਬਾਰੇ ਸੰਜੀਦਾ ਹੋਣਾ ਹੋਵੇਗਾ, ਜੇ ਅਜਿਹਾ ਨਹੀਂ ਹੁੰਦਾ ਤਾਂ ਭਾਰਤ, ਬ੍ਰਾਜ਼ੀਲ ਤੇ ਚੀਨ 'ਤੇ ਇਸ ਦਾ ਵਿਆਪਕ ਅਸਰ ਪਵੇਗਾ।"

## ਭਾਰਤ ਵੱਲੋਂ ਰੂਸ ਤੋਂ ਤੇਲ ਖ਼ਰੀਦਣ 'ਤੇ ਨਾਟੋ ਦੀਆਂ ਧਮਕੀਆਂ ਦਾ ਕਰਾਰਾ ਜਵਾਬ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਨੇ ਰੂਸ ਤੋਂ ਤੇਲ ਖਰੀਦਣ ਲਈ ਨਾਟੋ ਵੱਲੋਂ ਆ ਰਹੀਆਂ ਧਮਕੀਆਂ ਦਾ ਕਰਾਰਾ ਜਵਾਬ ਦਿੱਤਾ ਹੈ ਕਿ ਉਹ ਕਿਸੇ ਦੇ ਦਬਾਅ ਹੇਠ ਨਹੀਂ ਆਵੇਗਾ। ਭਾਰਤ ਨੇ ਕਿਹਾ ਕਿ ਉਹ ਆਪਣੀਆਂ ਜ਼ਰੂਰਤਾਂ ਅਤੇ ਨੀਤੀਆਂ ਮੁਤਾਬਕ ਫੈਸਲੇ ਕਰਦਾ ਹੈ, ਨਾ ਕਿ ਕਿਸੇ ਗਠਜੋੜ ਦੀ ਮਨਜ਼ੂਰੀ ਨਾਲ।

ਯੂਕਰੇਨ-ਰੂਸ ਜੰਗ ਤੋਂ ਬਾਅਦ, ਪੱਛਮੀ ਦੇਸ਼ਾਂ ਨੇ ਰੂਸ 'ਤੇ ਪਾਬੰਦੀਆਂ ਲਗਾ ਦਿੱਤੀਆਂ ਹਨ, ਪਰ ਭਾਰਤ ਨੇ ਰੂਸ ਤੋਂ ਸਸਤਾ ਕੱਚਾ ਤੇਲ ਖਰੀਦਣਾ ਜਾਰੀ ਰੱਖਿਆ ਹੈ ਕਿਉਂਕਿ ਇਹ ਦੇਸ਼ ਦੀ ਆਰਥਿਕਤਾ ਅਤੇ ਊਰਜਾ ਜ਼ਰੂਰਤਾਂ ਲਈ ਜ਼ਰੂਰੀ ਹੈ। ਨਾਟੋ ਦਾ ਕਹਿਣਾ ਹੈ ਕਿ ਭਾਰਤ ਦੀ ਇਹ ਚਾਲ ਉਨ੍ਹਾਂ ਦੇ ਵਿਰੋਧ ਵਿਚ ਜਾਂਦੀ ਹੈ, ਪਰ ਭਾਰਤ ਨੇ ਸਪੱਸ਼ਟ ਕਰ ਦਿੱਤਾ ਕਿ ਇਹ ਉਸ ਦੀ ਆਪਣੀ ਰਣਨੀਤਕ ਸੋਚ ਦਾ ਹਿੱਸਾ ਹੈ।

ਭਾਰਤ ਨੇ ਕਿਹਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਧਮਕੀ ਜਾਂ ਦਬਾਅ ਅੱਗੇ ਨਹੀਂ ਝੁਕੇਗਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਭਾਰਤ ਨੇ ਯੂਕਰੇਨ ਜੰਗ ਦੇ ਮਾਮਲੇ 'ਚ ਵੀ ਇੱਕ ਨਿਊਟ੍ਰਲ ਰੁਖ ਅਪਣਾਇਆ ਹੈ। ਭਾਰਤ ਨੇ ਨਾ ਤਾਂ ਰੂਸ ਦਾ ਪੱਖ ਲਿਆ ਤੇ ਨਾ ਹੀ ਪੱਛਮੀ ਦੇਸ਼ਾਂ ਦੀ ਹਮਾਇਤ ਕੀਤੀ। ਇਹ ਸਾਬਤ ਕਰਦਾ ਹੈ ਕਿ ਭਾਰਤ ਇੱਕ ਆਜ਼ਾਦ ਅਤੇ ਸਵੈ-ਨਿਰਭਰ ਰਾਸ਼ਟਰ ਵਜੋਂ ਕੰਮ ਕਰ ਰਿਹਾ ਹੈ।

## ਭਾਰਤੀ ਪਾਸਪੋਰਟ ਨੂੰ 59 ਦੇਸ਼ਾਂ 'ਚ ਮਿਲੀ ਵੀਜ਼ਾ ਫ੍ਰੀ ਐਂਟਰੀ ਦੀ ਸਹੂਲਤ

■ ਤਾਜ਼ਾ ਰੈਂਕਿੰਗ 'ਚ ਮਾਰੀ ਵੱਡੀ ਛਾਲ
■ ਅਮਰੀਕਾ ਅਤੇ ਬ੍ਰਿਟੇਨ ਦੀ ਰੈਂਕਿੰਗ 'ਚ ਗਿਰਾਵਟ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਦੀ ਗਲੋਬਲ ਛਵੀ ਲਗਾਤਾਰ ਸੁਧਰ ਰਹੀ ਹੈ ਅਤੇ ਇਸਦਾ ਪ੍ਰਭਾਵ ਭਾਰਤ ਦੇ ਪਾਸਪੋਰਟ ਦੀ ਤਾਕਤ ਵਿਚ ਵੀ ਦਿਖਾਈ ਦੇ ਰਿਹਾ ਹੈ। ਹਾਲ ਹੀ ਵਿਚ ਜਾਰੀ ਕੀਤੀ ਗਈ ਹੈਨਲੇ ਪਾਸਪੋਰਟ ਇੰਡੈਕਸ 2025 ਦੀ ਰਿਪੋਰਟ ਵਿਚ ਭਾਰਤ 8 ਸਥਾਨਾਂ ਦੀ ਛਾਲ ਮਾਰ ਕੇ 77ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਸ ਸੂਚੀ ਵਿਚ ਭਾਰਤੀ ਪਾਸਪੋਰਟ ਧਾਰਕਾਂ ਨੂੰ 59 ਦੇਸ਼ਾਂ ਵਿਚ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਯਾਤਰਾ ਦੀ ਸਹੂਲਤ ਮਿਲੀ ਹੈ, ਜੋ ਕਿ ਪਿਛਲੇ ਸਾਲ ਨਾਲੋਂ ਬਿਹਤਰ ਪ੍ਰਦਰਸ਼ਨ ਹੈ।

ਭਾਰਤ ਦੇ ਨਾਲ-ਨਾਲ ਸਾਊਦੀ ਅਰਬ ਵੀ ਚਾਰ ਸਥਾਨ ਵੱਧ ਕੇ 54ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਦੂਜੇ ਪਾਸੇ, ਅਫਗਾਨਿਸਤਾਨ ਦੀ ਸਥਿਤੀ ਸਭ ਤੋਂ ਮਾੜੀ ਬਣੀ ਹੋਈ ਹੈ, ਜਿੱਥੇ ਪਾਸਪੋਰਟ ਧਾਰਕਾਂ ਨੂੰ ਸਿਰਫ਼ 25 ਦੇਸ਼ਾਂ ਵਿਚ ਵੀਜ਼ਾ-ਮੁਕਤ ਪ੍ਰਵੇਸ਼ ਦੀ ਇਜਾਜ਼ਤ ਹੈ।

ਇਸ ਰਿਪੋਰਟ ਵਿਚ ਸਿੰਗਾਪੁਰ ਦੇ ਪਾਸਪੋਰਟ ਨੂੰ ਸਭ ਤੋਂ ਸ਼ਕਤੀਸ਼ਾਲੀ ਮੰਨਿਆ ਗਿਆ ਹੈ। ਸਿੰਗਾਪੁਰ ਦੇ ਨਾਗਰਿਕ 193 ਦੇਸ਼ਾਂ ਵਿਚ ਬਿਨਾਂ ਵੀਜ਼ਾ ਜਾਂ ਵੀਜ਼ਾ-ਆਨ-ਅਰਾਈਵਲ ਦੀ ਯਾਤਰਾ ਕਰ ਸਕਦੇ ਹਨ। ਜਾਪਾਨ ਅਤੇ ਦੱਖਣੀ ਕੋਰੀਆ ਸਾਂਝੇ ਤੌਰ 'ਤੇ ਦੂਜੇ ਸਥਾਨ 'ਤੇ ਹਨ, ਜਿਨ੍ਹਾਂ ਦੇ ਪਾਸਪੋਰਟ ਧਾਰਕ 190 ਦੇਸ਼ਾਂ ਵਿਚ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਦੀ ਸਹੂਲਤ ਦਾ ਆਨੰਦ ਮਾਣਦੇ ਹਨ। ਕਈ ਯੂਰਪੀਅਨ ਦੇਸ਼ ਜਿਵੇਂ ਕਿ ਜਰਮਨੀ, ਫਰਾਂਸ ਅਤੇ ਸਪੇਨ ਤੀਜੇ ਸਥਾਨ 'ਤੇ ਹਨ, ਜਿਨ੍ਹਾਂ ਦੇ ਪਾਸਪੋਰਟ ਧਾਰਕਾਂ ਨੂੰ 189 ਦੇਸ਼ਾਂ ਦੀ ਯਾਤਰਾ ਕਰਨ ਦੀ ਇਜਾਜ਼ਤ ਹੈ। ਏਸ਼ੀਆ ਤੋਂ ਬਾਹਰ, ਨਿਊਜ਼ੀਲੈਂਡ ਚੋਟੀ ਦੇ ਪੰਜਾਂ ਵਿਚ ਇੱਕੋ ਇੱਕ ਗੈਰ-ਯੂਰਪੀਅਨ ਦੇਸ਼ ਹੈ। ਹੈਨਲੇ ਪਾਸਪੋਰਟ ਸੂਚਕਾਂਕ ਦੀ ਇਸ ਦਰਜਾਬੰਦੀ ਵਿਚ ਪਿਛਲੇ ਕੁਝ ਸਾਲਾਂ ਵਿਚ ਅਮਰੀਕਾ ਅਤੇ ਬ੍ਰਿਟੇਨ ਵਰਗੇ ਵੱਡੇ ਦੇਸ਼ਾਂ ਦੀ ਦਰਜਾਬੰਦੀ ਵਿਚ ਗਿਰਾਵਟ ਦੇਖੀ ਗਈ ਹੈ। ਬ੍ਰਿਟੇਨ ਹੁਣ ਛੇਵੇਂ ਸਥਾਨ 'ਤੇ ਹੈ, ਜਦੋਂਕਿ ਅਮਰੀਕਾ 10ਵੇਂ ਸਥਾਨ 'ਤੇ ਖਿਸਕ ਗਿਆ ਹੈ। ਅਮਰੀਕਾ ਨੂੰ 182 ਦੇਸ਼ਾਂ ਵਿਚ ਵੀਜ਼ਾ-ਮੁਕਤ ਯਾਤਰਾ ਦੀ ਇਜਾਜ਼ਤ ਹੈ, ਜੋ ਕਿ ਇਸਦੇ ਇਤਿਹਾਸ ਵਿਚ ਸਭ ਤੋਂ ਘੱਟ ਹੈ।







# ਮਾਂ ਬੋਲੀ ਦੀ ਸੇਵਾ ਦੇ ਨਾਂਅ 'ਤੇ "ਸਾਹਿਤਕ ਠਿੱਬੀਆਂ" ਕੀ ਸੁਨੇਹਾ ਦਿੰਦੀਆਂ ਹਨ?

ਮਨਦੀਪ ਖੁਰਮੀ
ਹਿੰਮਤਪੁਰਾ
(ਸਕਾਟਲੈਂਡ)
ਪੰਜਾਬ ਮੇਲUSA






ਮਾਂ ਬੋਲੀ ਦੀ 'ਸੇਵਾ' ਦੇ ਨਾਮ 'ਤੇ ਦੇਸ਼-ਵਿਦੇਸ਼ ਵਿਚ ਹਜ਼ਾਰਾਂ ਸਾਹਿਤ ਸਭਾਵਾਂ, ਸੰਸਥਾਵਾਂ ਬਣੀਆਂ ਮਿਲ ਜਾਣਗੀਆਂ। ਉਨ੍ਹਾਂ ਵਿਚੋਂ ਉਂਗਲਾਂ ਦੇ ਪੋਟਿਆਂ 'ਤੇ ਗਿਣੀਆਂ ਜਾ ਸਕਣ ਵਾਲੀਆਂ ਸੰਸਥਾਵਾਂ ਜਾਂ ਲੋਕ ਹੀ ਹੋਣਗੇ, ਜੋ ਅਸਲ ਮਾਅਨਿਆਂ ਵਿਚ ਸੇਵਾ ਕਰਦੇ ਮਿਲਣਗੇ। ਨਹੀਂ ਤਾਂ ਵੱਡੀਆਂ ਬੰਨ੍ਹਾਂ ਵਾਲੇ ਸਾਹਿਤਕ ਢੱਠਿਆਂ ਦੀ ਭਰਮਾਰ ਹੀ ਮਿਲੇਗੀ। ਇਹ ਸਭਾਵਾਂ/ਸੰਸਥਾਵਾਂ ਆਪਣੀ ਹੈਂਕੜ ਨੂੰ ਪੱਠੇ ਪਾਉਣ ਜਾਂ ਹੋਰਾਂ ਨੂੰ ਠਿੱਬੀਆਂ ਲਾਉਣ ਵਾਲੇ ਟੂਰਨਾਮੈਂਟਾਂ ਦਾ ਮੈਦਾਨ ਵਧੇਰੇ ਬਣਦੀਆਂ ਹਨ। ਸੱਤਵੀਂ ਜਮਾਤ 'ਚ ਪੜ੍ਹਦਾ ਸੀ, ਜਦੋਂ ਤਰਕਸ਼ੀਲ ਸੁਸਾਇਟੀ ਦੇ ਮੇਲੇ ਕਰਵਾਉਣ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਵੱਲ ਸਿੱਖ ਲਏ। ਫਿਰ ਸਰਵ ਭਾਰਤ ਨੌਜਵਾਨ ਸਭਾ 'ਚ ਲੰਮਾ ਸਮਾਂ ਵਿਚਰਨ ਦਾ ਮੌਕਾ ਮਿਲਿਆ। ਅਸਲੋਂ ਵਿਦਵਾਨ ਸ਼ਖਸੀਅਤਾਂ 'ਚ ਵਿਚਰ ਕੇ ਚੰਗੇ ਮਾੜੇ ਦੀ ਪਰਖ ਆ ਗਈ। ਛੋਟੀ ਉਮਰ ਵਿਚ ਹੀ ਅਹੁਦਿਆਂ ਦੀਆਂ ਜ਼ਿੰਮੇਵਾਰੀਆਂ ਨਿਭਾ ਲੈਣ ਕਰਕੇ ਹੀ ਸ਼ਾਇਦ ਜਵਾਨੀ ਤੱਕ ਪ੍ਰਧਾਨਗੀਆਂ, ਸਕੱਤਰੀਆਂ ਦਾ ਝੱਸ ਮਨੋਂ ਲਹਿ ਜਿਹਾ ਗਿਆ। ਕੰਮ ਕਰਨ ਲਈ ਹਰ ਵੇਲੇ ਤਿਆਰ ਪਰ ਅਹੁਦਿਆਂ ਦੀ ਭੁੱਖ ਤੋਂ ਦੂਰ। ਸ਼ਾਇਦ ਇਹੀ ਵਜ੍ਹਾ ਹੋਵੇਗੀ ਕਿ ਮੈਂ ਹੁਣ ਤੱਕ ਕਿਸੇ ਵੀ ਸਭਾ ਜਾਂ ਸੰਸਥਾ ਦਾ ਮੈਂਬਰ ਵੀ ਨਹੀਂ ਬਣਿਆ।

ਬਰਤਾਨੀਆ ਦੀ ਧਰਤੀ 'ਤੇ 2009 'ਚ ਪਹਿਲੀ ਵਾਰ ਕਿਸੇ ਸਾਹਿਤਕ ਲੋਕਾਂ ਦੀ ਮੀਟਿੰਗ ਵਿਚ ਬੈਠਣ ਦਾ ਮੌਕਾ ਮਿਲਿਆ ਸੀ। ਉਸ ਮੀਟਿੰਗ ਦਾ 'ਕੱਲਾ 'ਕੱਲਾ ਪਲ ਅੱਜ ਵੀ ਓਵੇਂ ਈ ਯਾਦ ਐ। ਉਸ ਸਮੇਂ ਮੇਰੀ ਉਮਰ 29 ਸਾਲ ਸੀ ਪਰ ਉਮਰ ਦੇ ਬੀਤੇ 29 ਸਾਲਾਂ 'ਚ ਸਾਹਿਤ ਦੇ ਨਾਂ 'ਤੇ ਹੁੰਦੀਆਂ ਹਰਾਮਜ਼ਾਦਗੀਆਂ ਪਹਿਲਾਂ ਕਦੇ ਨਹੀਂ ਦੇਖੀਆਂ ਸਨ।

ਜਨਰਲ ਸਕੱਤਰ ਸ਼ਬਦ ਦੀ ਆਪਣੇ ਨਾਂ ਪੱਕੀ ਰਜਿਸਟਰੀ ਕਰਵਾਉਣ ਵਾਲੇ ਇੱਕ ਵੀਰ ਦੇ ਘਰ ਮੈਂ ਤੇ ਬਾਈ ਜੱਗੀ ਕੁੱਸਾ ਬੈਠੇ ਸਾਂ। ਨਵੀਂ ਸਭਾ ਦਾ ਕੋਠਾ ਛੱਤਣ 'ਤੇ ਪ੍ਰਧਾਨ, ਸਕੱਤਰ ਤੇ ਬਾਕੀ ਲੁੰਗਲਾਣਾ ਚੁਣਨ ਲਈ ਦੁਪਹਿਰੇ ਕਿਸੇ ਹੋਰ ਥਾਂ ਇਕੱਠੇ ਹੋਣਾ ਸੀ। ਪ੍ਰਧਾਨਗੀ ਤੇ ਸਕੱਤਰੀ ਦੇ ਦੋਵੇਂ ਅਹੁਦਿਆਂ ਲਈ ਤਿੰਨ ਧਿਰਾਂ ਮੁੱਠੀਆਂ 'ਚ ਥੁੱਕੀ ਫਿਰਦੀਆਂ ਸਨ। ਇਉਂ ਲੱਗਦਾ ਸੀ, ਜਿਵੇਂ ਮਾਂ ਬੋਲੀ ਦੀ 'ਸੇਵਾ' ਲਈ 'ਸ਼ਹੀਦ' ਹੋਣ ਲਈ ਵੀ ਤਿਆਰ ਹੋਣ। ਸਕੱਤਰੀ ਦੇ ਰਜਿਸਟਰੀ ਹੋਲਡਰ ਵੀਰ ਜੀ ਇੱਕ ਉਮੀਦਵਾਰ ਦਾ ਫੋਨ ਰੱਖਣ ਤਾਂ ਦੂਜੇ ਦਾ ਆ ਜਾਵੇ, ਦੂਜੇ ਦਾ ਰੱਖਣ ਤਾਂ ਤੀਜੇ ਦਾ ਆ ਜਾਵੇ। ਇੱਕ ਡਾਕਟਰ ਬੀਬੀ ਵੀ ਪ੍ਰਧਾਨ ਬਣਨ ਦੀ ਦਾਅਵੇਦਾਰ ਸੀ ਤੇ ਭਾਈ ਸਾਹਿਬ ਉਸ ਬੀਬੀ ਨੂੰ ਗੱਲਾਂ-ਗੱਲਾਂ 'ਚ ਪ੍ਰਧਾਨ ਬਣਾਈ ਹੀ ਬੈਠੇ ਸਨ।

"ਭੈਣ ਜੀ, ਕੋਈ ਜੰਮਿਆ ਈ ਨੀ, ਜਿਹੜਾ ਆਪਣੀ ਗੱਲ ਉਲੱਦ ਜਾਵੇ। ਤੁਸੀਂ ਪ੍ਰਧਾਨ ਤੇ ਮੈਂ ਜਨਰਲ ਸਕੱਤਰ। ਤੁਸੀਂ ਮੀਟਿੰਗ 'ਚ ਆਓ ਜਲਦੀ-ਜਲਦੀ। ਆਪਣੇ ਮੂਹਰੇ ਬੋਲੂ ਕੌਣ? ਹੈ ਕਿਸੇ 'ਚ ਹਿੰਮਤ?"

ਇਹ ਸੁਣ ਕੇ ਇਉਂ ਲੱਗੇ, ਜਿਵੇਂ ਸਭਾ ਤਾਂ ਬਣੀ ਹੋਈ ਐ, ਐਲਾਨ ਬਾਕੀ ਐ। ਨਾਲ ਈ ਓਹ ਭਾਈ ਸਾਬ੍ਹ ਆਵਦੇ ਹੁਣ ਤੱਕ ਦੇ ਇੱਕ ਜੋਟੀਦਾਰ ਨੂੰ ਪ੍ਰਧਾਨਗੀ ਵਾਲਾ ਲੱਕੜ ਦਾ ਮੂੰਡਾ ਦੇ ਰਹੇ ਸਨ ਕਿ "ਦਵਿੰਦਰਪਰੀਤ, ਚਿੰਤਾ ਨਾ ਕਰ। ਤੂੰ ਪ੍ਰਧਾਨ ਤੇ ਮੈਂ ਜਨਰਲ ਸਕੱਤਰ। ਆਪਣੇ ਮੂਹਰੇ ਕੌਣ ਖੰਘਜੂ?"

ਤੀਜੀ ਧਿਰ ਸੀ ਪੁਰਾਣੇ ਸਥਾਪਿਤ ਲੇਖਕਾਂ ਦੀ, ਜਿਨ੍ਹਾਂ ਨੇ ਘਾਟ-ਘਾਟ ਦਾ ਪਾਣੀ ਪੀਤਾ ਸੀ। ਲੱਕੜ ਦਾ ਮੂੰਡਾ, ਉਨ੍ਹਾਂ ਨੂੰ ਵੀ ਉਹੋ ਜਿਹਾ ਈ ਦਿੱਤਾ ਜਾ ਰਿਹਾ ਸੀ। "ਅੰਕਲ ਜੀ, ਤੁਸੀਂ ਤਾਂ ਸਾਨੂੰ ਰਾਹ ਦਿਖਾਉਣੇ ਆ। ਤੁਸੀਂ ਪ੍ਰਧਾਨ ਬਣਿਓ, ਆਪਾਂ ਸਕੱਤਰ ਹੀ ਠੀਕ ਆਂ।"

ਚਲੋ ਜੀ ਜਿਉਂ ਹੀ ਮੀਟਿੰਗ ਸ਼ੁਰੂ ਹੋਈ, ਸਭ ਤਿਕੜਮਬਾਜ਼ੀਆਂ ਪੁੱਠੀਆਂ ਹੋ ਗਈਆਂ ਪਰ ਭਾਈ ਸਾਬ੍ਹ ਦੀ ਸਕੱਤਰੀ ਬਚੀ ਰਹਿ ਗਈ। ਪਰ ਪ੍ਰਧਾਨਗੀ ਤਿੰਨੇ ਦਾਅਵੇਦਾਰਾਂ ਦੇ ਹੱਥ 'ਚੋਂ ਚਲਾਕ ਚਿੜੀ ਵਾਂਙ ਨਿਕਲ ਕੇ ਘਰ ਬਿਮਾਰ ਪਏ ਇੱਕ ਲੇਖਕ ਬਾਬੇ ਦੇ ਸਿਰ ਦਾ ਤਾਜ਼ ਬਣ ਗਈ। ਉਸ ਰਜਿਸਟਰੀ ਹੋਲਡਰ ਸਕੱਤਰ ਭਾਈ ਸਾਬ੍ਹ ਨੇ 16 ਸਾਲ ਬੀਤਣ 'ਤੇ ਵੀ ਆਵਦੀ ਸਕੱਤਰੀ ਨੂੰ ਆਂਚ ਨਹੀਂ ਆਉਣ ਦਿੱਤੀ। ਪ੍ਰਧਾਨਗੀ ਲਈ ਰਬੜ ਦੀਆਂ ਮੋਹਰਾਂ ਸ਼ਿੰਗਾਰ ਕੇ ਰੱਖਦੇ ਆਏ। ਜਦੋਂ ਪਹਿਲੀ ਮੀਟਿੰਗ ਵਿਚ ਪ੍ਰਧਾਨ ਬਣਨ ਦਾ ਲਾਰਾ ਲੈ ਕੇ ਬੇਆਬਰੂ ਹੋ ਕੇ ਨਿਰਾਸ਼ ਮੁੜੀ ਬੀਬੀ ਨੂੰ ਅਜੇ ਵੀ ਪ੍ਰਧਾਨਗੀ ਰਹਿਤ ਮਾਂ ਬੋਲੀ ਦੀ 'ਸੇਵਾ' ਕਰਦਿਆਂ ਦੇਖਦਾਂ ਤਾਂ ਹੈਰਾਨੀ ਹੁੰਦੀ ਐ ਕਿ ਉਸ ਡਾਕਟਰ ਬੀਬੀ ਦੇ ਸਾਹਿਤਕ ਤਿਕੜਮਬਾਜ਼ਾਂ ਨੇ ਪੈਰ ਹੀ ਨਾ ਲੱਗਣ ਦਿੱਤੇ।

ਓਸ ਭਾਈ ਸਾਬ੍ਹ ਨੇ ਸਭਾ ਨੂੰ ਵੀ 16-17 ਸਾਲ 'ਵਰਤ' ਕੇ ਆਵਦੇ ਪੁਰਾਣੇ ਬੇਲੀ ਨਾਲ ਰਲ ਕੇ ਬਰਾਬਰ ਇੱਕ ਵੱਖਰੀ ਦੁਕਾਨ ਖੋਲ੍ਹ ਲਈ, ਤਾਂ ਹੁਣ ਅਗਲੇ ਪਿਛਲੇ ਸਭ 'ਸੇਵਾਦਾਰ' ਠਿੱਠ ਜਿਹੇ ਹੋਏ ਇਉਂ ਤੁਰੇ ਫਿਰਦੇ ਹੁੰਦੇ ਹਨ, ਜਿਵੇਂ ਮੇਲੇ 'ਚ ਬਿਨ ਕਸੂਰੋਂ ਈ ਕੋਈ ਪੁਲਸ ਵਾਲਾ ਜੂਤ-ਪਤਾਣ ਕਰ ਗਿਆ ਹੋਵੇ। ਮਾਂ ਬੋਲੀ ਦੀ 'ਸੇਵਾ' ਲਈ ਖੁੱਲ੍ਹੀ ਨਵੀਂ ਦੁਕਾਨ 'ਚ ਸੌਦਾ ਪੱਤਾ ਤਾਂ ਪੁਰਾਣੇ 'ਸੇਵਾਦਾਰ' ਵੀ ਸੇਵਾ ਵਜੋਂ ਵੇਚ ਜਾਂਦੇ ਹਨ ਪਰ ਜਦੋਂ ਇਹ ਗੱਲ ਯਾਦ ਆਉਂਦੀ ਐ ਕਿ ਮਲਾਈ ਤਾਂ ਦੋਵੇਂ ਜੋਟੀਦਾਰ ਖਾਣਗੇ... ਫੇਰ ਮੂੰਹ ਮਜੌਰਾਂ ਦੀ ਮਾਂ ਵਾਂਙੂੰ ਕਰ ਲੈਂਦੇ ਹਨ।

ਓਸੇ ਮੀਟਿੰਗ ਦੀ ਇੱਕ ਹੋਰ ਯਾਦ ਵੀ ਐ ਕਿ ਜਦੋਂ ਸਾਰੇ 'ਵਿੱਦਵਾਨ' ਆਪੋ ਆਪਣੇ ਵਿਚਾਰ ਪੇਸ਼ ਕਰ ਚੁੱਕੇ, ਤਾਂ ਦਾਸ ਨੇ ਵੀ ਬੋਲਣ ਲਈ ਸਮਾਂ ਮੰਗਿਆ। ਮੈਂ ਜਿਹੜੇ ਦੋ ਕੁ ਸ਼ਬਦ ਆਖੇ, ਸ਼ਾਇਦ ਓਹ ਹੀ "ਸਾਹਿਤ ਸਵਾਹ" ਵਾਲਿਆਂ ਦੇ ਹਜ਼ਮ ਨਾ ਆਏ ਹੋਣ। ਮੈਂ ਕਿਹਾ ਕਿ ਸਾਲ ਬਾਅਦ ਤੁਸੀਂ ਇੱਕ ਦਿਨ ਕਵੀ ਦਰਬਾਰ ਕਰਦੇ ਹੋ ਪਰ ਓਸ ਦਿਨ ਜ਼ਿਆਦਾਤਰ ਕਵੀ ਬੀਅਰ ਜਾਂ ਸ਼ਰਾਬ ਨੂੰ ਦੇਖ ਕੇ ਇਉਂ ਲਾਚੜ ਜਾਂਦੇ ਹਨ, ਜਿਵੇਂ ਖਿੱਲਾਂ ਦੇਖ ਕੇ ਬਾਂਦਰ ਲਾਚੜਦੈ। ਆਪਾਂ ਸਾਰੇ ਸਮਾਜ ਬਦਲਣ ਲਈ ਲਿਖਣ ਦਾ ਦਾਅਵਾ ਕਰਦੇ ਹਾਂ ਪਰ ਸਮਾਜ ਸਵਾਹ ਬਦਲਣੈ? ਇੱਕ ਦਿਨ ਲਈ ਜੀਭ ਦਾ ਸੁਆਦ ਤਾਂ ਬਦਲ ਨਹੀਂ ਸਕਦੇ? ਓਥੇ ਹਾਜ਼ਰ ਬੀਬੀਆਂ ਨੇ ਤਾਂ ਮੇਰੇ ਹੱਕ 'ਚ ਵੋਟ ਪਾਈ ਪਰ 'ਬੀਅਰ ਮਾਰਕਾ ਸਾਹਿਤਕਾਰ' ਮੇਰੇ ਵੱਲ ਇਉਂ ਝਾਕੇ ਜਿਵੇਂ ਮੈਂ ਡਾਂਗ ਮਾਰ ਦਿੱਤੀ ਹੋਵੇ। ਸ਼ਾਇਦ ਉਨ੍ਹਾਂ ਨੂੰ ਸੋਫੀ ਕਵੀ ਦਰਬਾਰ ਦੀ ਥਾਂ "ਉਰਲ੍ਹ ਉਰਲ੍ਹ ਕਵੀ ਦਰਬਾਰ" ਵਧੇਰੇ ਚੰਗਾ ਲੱਗਦਾ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਆਪਾਂ ਨੂੰ ਓਸ ਸਭਾ ਵਾਲਿਆਂ ਨੇ ਸਮਾਗਮ 'ਚ ਸੱਦਣਾ ਵੀ ਮੁਨਾਸਿਬ ਨਾ ਸਮਝਿਆ। ਹੁਣ ਜਦੋਂ ਓਸ ਸਭਾ ਤੋਂ ਪਾਸੇ ਹੋ ਕੇ ਮਲਾਈ ਛਕਣ ਦੇ ਚਾਹਵਾਨ ਜੋੜੇ ਨੇ ਆਪਣੀ ਵੱਖਰੀ ਦੁਕਾਨ ਖੋਲ੍ਹ ਲਈ, ਤਾਂ ਸਾਹਿਤਕਾਰਾਂ ਦੇ ਮੇਲੇ ਦੇ ਨਾਂ 'ਤੇ ਬੀਅਰਾਂ ਦਾ ਦੌਰ ਓਵੇਂ ਹੀ ਚੱਲਿਆ। ਦੋ-ਦੋ ਕਵਿਤਾਵਾਂ ਸੁਣਾ ਕੇ ਕਵੀਜਨ ਆਥਣ ਨੂੰ ਬੀਅਰਾਂ ਵਿਸਕੀ ਨੂੰ ਇਉਂ ਲਪਕੇ, ਜਿਵੇਂ ਮੱਝ ਸੁਆ ਕੇ ਆਏ ਹੋਣ। 16 ਸਾਲ ਪਹਿਲਾਂ ਵਾਲੀ ਮੀਟਿੰਗ 'ਚ ਬੈਠੀਆਂ ਬੀਬੀਆਂ ਅੱਜ ਸੀਲ ਮੁਰਗੀਆਂ ਵਾਂਗ ਬੈਠੀਆਂ ਅੱਖਾਂ ਸਾਹਮਣੇ ਬੀਅਰ ਵਿਸਕੀ ਦੇ ਜਾਮ ਖੜਕਦੇ ਦੇਖ ਰਹੀਆਂ ਸਨ।

ਸੋ ਮਹਾਂਪੁਰਸ਼ੋ! ਇਸ ਲਿਖਤ ਦਾ ਤੱਤ ਸਾਰ ਇਹ ਐ ਕਿ ਅੱਜਕੱਲ੍ਹ ਮਾਂ ਬੋਲੀ ਦੀ ਸੇਵਾ ਦੇ ਨਾਂ 'ਤੇ ਜੁਗਾੜ ਸ਼ਬਦ ਵਧੇਰੇ ਵਧ ਫੁੱਲ ਰਿਹਾ ਹੈ। ਧਾਰਮਿਕ ਅਦਾਰਿਆਂ ਤੋਂ ਲੋਕਾਂ ਦਾ ਦਸਵੰਧ ਫੰਡ ਦੇ ਰੂਪ 'ਚ ਲੈ ਕੇ ਜਦੋਂ ਲੇਖਕ ਭਾਈਚਾਰਾ ਮੁਫਤ ਦਾ ਲਾਹਣ 'ਡੱਫ' ਕੇ ਗੱਡੀਆਂ 'ਚ ਉਲਟੀਆਂ ਕਰਦਾ ਦਿੱਸਦੈ, ਤਾਂ ਇਹੀ ਸ਼ਬਦ ਮੂੰਹੋਂ ਨਿੱਕਲਦੇ ਹਨ ਕਿ "ਮਾਂ ਬੋਲੀਏ! ਤੇਰਾ ਦ੍ਰੋਪਦੀ ਵਾਂਙ ਚੀਰਹਰਨ ਕਰਨ ਵਾਲੇ ਕੋਈ ਹੋਰ ਨਹੀਂ, ਸਗੋਂ ਤੇਰੇ ਆਵਦੇ ਸਕੇ ਪੁੱਤ ਹੀ ਹਨ। ਇਹ ਐਨੇ ਕੁ ਅੰਨ੍ਹੇ ਹੋ ਗਏ ਹਨ ਕਿ ਆਵਦੀ ਪ੍ਰਧਾਨਗੀ ਜਾਂ ਸਕੱਤਰੀ ਦੀ ਸਲਾਮਤੀ ਲਈ ਤੈਨੂੰ ਕਿਸੇ ਦਾ ਵੀ ਬਿਸਤਰਾ ਗਰਮ ਕਰਨ ਲਈ ਮਜਬੂਰ ਕਰ ਸਕਦੇ ਹਨ।"

# ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਵਿਰੋਧ ਮਗਰੋਂ 'ਲੈਂਡ ਪੂਲਿੰਗ ਨੀਤੀ' 'ਚ ਬਦਲਾਅ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਸਰਕਾਰ ਨੇ ਹੁਣ 'ਲੈਂਡ ਪੂਲਿੰਗ ਨੀਤੀ' 'ਚ ਬਦਲਾਅ ਕੀਤੇ ਹਨ, ਤਾਂ ਜੋ ਕਿਸਾਨਾਂ ਦੇ ਰੋਸ ਨੂੰ ਦੂਰ ਕੀਤਾ ਜਾ ਸਕੇ। ਇਸ ਨੀਤੀ ਤਹਿਤ ਹੁਣ ਕਿਸਾਨਾਂ ਨੂੰ ਕੁੱਝ ਛੋਟਾਂ ਤੇ ਰਿਆਇਤਾਂ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਚੇਤੇ ਰਹੇ ਕਿ ਪੰਜਾਬ 'ਚ 'ਲੈਂਡ ਪੂਲਿੰਗ ਨੀਤੀ' ਨੂੰ ਲੈ ਕੇ ਕਿਸਾਨ ਨਾਖ਼ੁਸ਼ ਨਜ਼ਰ ਆ ਰਹੇ ਹਨ ਅਤੇ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ 'ਚ ਸਿਆਸੀ ਧਿਰਾਂ ਨੇ ਪਿਛਲੇ ਦਿਨੀਂ ਇਸ ਨੀਤੀ ਖ਼ਿਲਾਫ਼ ਅੰਦੋਲਨ 'ਚ ਉੱਤਰਨ ਦਾ ਐਲਾਨ ਵੀ ਕੀਤਾ ਹੋਇਆ ਹੈ। ਐੱਸ.ਕੇ.ਐੱਮ. ਤਰਫ਼ੋਂ 30 ਜੁਲਾਈ ਨੂੰ ਟਰੈਕਟਰ ਮਾਰਚ ਕਰਨ ਦਾ ਫ਼ੈਸਲਾ ਵੀ ਲਿਆ ਗਿਆ ਹੈ।

ਪੰਜਾਬ ਸਰਕਾਰ ਨੇ ਹੁਣ ਫ਼ੈਸਲਾ ਕੀਤਾ ਹੈ ਕਿ 'ਲੈਂਡ ਪੂਲਿੰਗ ਨੀਤੀ' ਤਹਿਤ ਸਵੈ ਇੱਛਾ ਨਾਲ ਜ਼ਮੀਨ ਦੇਣ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ ਪੰਜਾਹ ਹਜ਼ਾਰ ਰੁਪਏ ਸਾਲਾਨਾ ਪੇਸ਼ਗੀ ਰਾਸ਼ੀ ਦਿੱਤੀ ਜਾਵੇਗੀ। ਇਹ ਰਾਸ਼ੀ ਜ਼ਮੀਨ 'ਤੇ ਵਿਕਾਸ ਕਾਰਜ ਸ਼ੁਰੂ ਹੋਣ ਤੱਕ ਦਿੱਤੀ ਜਾਵੇਗੀ। ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਜ਼ਮੀਨ ਪ੍ਰਾਪਤੀ ਤੋਂ ਬਾਅਦ ਪਹਿਲੇ ਤਿੰਨ ਸਾਲਾਂ ਲਈ ਮੁਆਵਜ਼ੇ ਦੀ ਰਾਸ਼ੀ ਵਜੋਂ 30 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਵਾਅਦਾ ਕੀਤਾ ਸੀ। ਹੁਣ ਇਹ ਮੁਆਵਜ਼ਾ ਰਾਸ਼ੀ 30 ਹਜ਼ਾਰ ਤੋਂ ਵਧਾ ਕੇ 50 ਹਜ਼ਾਰ ਰੁਪਏ ਕਰ ਦਿੱਤੀ ਗਈ ਹੈ। ਕਿਸਾਨ ਨੂੰ ਪ੍ਰਤੀ ਏਕੜ 50 ਹਜ਼ਾਰ ਰੁਪਏ ਦਾ ਚੈੱਕ ਪਹਿਲਾਂ ਹੀ ਦਿੱਤਾ ਜਾਵੇਗਾ। ਪੰਜਾਬ ਦੇ 164 ਪਿੰਡਾਂ 'ਚ 'ਲੈਂਡ ਪੂਲਿੰਗ ਨੀਤੀ' ਤਹਿਤ 65,533 ਏਕੜ ਜ਼ਮੀਨ ਐਕੁਆਇਰ ਕਰਨ ਦੀ ਤਜਵੀਜ਼ ਹੈ। ਪੰਜਾਬ ਸਰਕਾਰ ਦੇ ਅਧਿਕਾਰੀ ਦਾ ਕਹਿਣਾ ਹੈ ਕਿ ਇਸ ਨੀਤੀ ਤਹਿਤ ਜਦੋਂ ਤੱਕ ਸਬੰਧਿਤ ਜ਼ਮੀਨ 'ਤੇ ਵਿਕਾਸ ਦੇ ਕੰਮ ਸ਼ੁਰੂ ਨਹੀਂ ਹੁੰਦੇ, ਉਦੋਂ ਤੱਕ ਕਿਸਾਨ ਇਸ ਜ਼ਮੀਨ 'ਤੇ ਖੇਤੀ ਦੇ ਕੰਮ ਜਾਰੀ ਰੱਖ ਸਕਣਗੇ। ਜਦੋਂ ਵਿਕਾਸ ਕੰਮ ਸ਼ੁਰੂ ਹੋ ਜਾਣਗੇ, ਤਾਂ ਉਸ ਵਕਤ ਹੀ ਇਹ ਰਕਮ 50 ਹਜ਼ਾਰ ਤੋਂ ਵਧਾ ਕੇ ਇੱਕ ਲੱਖ ਰੁਪਏ ਪ੍ਰਤੀ ਏਕੜ ਕਰ ਦਿੱਤੀ ਜਾਵੇਗੀ। ਇਸ ਰਕਮ ਵਿਚ ਸਾਲਾਨਾ 10 ਫ਼ੀਸਦੀ ਵਾਧਾ ਹੋਵੇਗਾ। ਇਹ ਬੜ੍ਹੌਤਰੀ ਵਾਲੀ ਰਕਮ ਵਿਕਾਸ ਕੰਮਾਂ ਦੇ ਪੂਰਾ ਹੋਣ ਤੱਕ ਲਗਾਤਾਰ ਦਿੱਤੀ ਜਾਂਦੀ ਰਹੇਗੀ।

**■ ਸੂਬੇ ਦੇ 164 ਪਿੰਡਾਂ ਦੀ 65,533 ਏਕੜ ਜ਼ਮੀਨ ਐਕੁਆਇਰ ਕਰਨ ਦੀ ਤਜਵੀਜ਼**

**ਨੀਤੀ ਤਹਿਤ ਜ਼ਮੀਨ ਲੈਣ ਦਾ ਵੇਰਵਾ**

| ਸ਼ਹਿਰ ਦਾ ਨਾਮ | ਜ਼ਮੀਨ ਦਾ ਰਕਬਾ |
|---|---|
| ਲੁਧਿਆਣਾ | 24,311 ਏਕੜ |
| ਮੁਹਾਲੀ | 6282 ਏਕੜ |
| ਅੰਮ੍ਰਿਤਸਰ | 4464 ਏਕੜ |
| ਪਟਿਆਲਾ | 1450 ਏਕੜ |
| ਜਲੰਧਰ | 1000 ਏਕੜ |
| ਪਠਾਨਕੋਟ | 1000 ਏਕੜ |
| ਬਠਿੰਡਾ | 848 ਏਕੜ |
| ਮੋਗਾ | 542 ਏਕੜ |

ਪੰਜਾਬ ਸਰਕਾਰ ਨੇ ਇਹ ਵੀ ਐਲਾਨ ਕੀਤਾ ਹੈ ਕਿ ਕਿਸਾਨਾਂ ਦੀ ਸਹਿਮਤੀ ਮਿਲਣ ਤੋਂ 21 ਦਿਨਾਂ ਦੇ ਅੰਦਰ ਉਨ੍ਹਾਂ ਨੂੰ 'ਲੈਟਰ ਆਫ਼ ਇੰਟੈਂਟ' ਜਾਰੀ ਕਰ ਦਿੱਤਾ ਜਾਵੇਗਾ। ਅਹਿਮ ਸੂਤਰਾਂ ਅਨੁਸਾਰ ਕੁੱਝ ਦਿਨ ਪਹਿਲਾਂ ਹੀ ਆਮ ਆਦਮੀ ਪਾਰਟੀ ਤਰਫ਼ੋਂ ਲੁਧਿਆਣਾ ਜ਼ਿਲ੍ਹੇ ਦੇ ਪ੍ਰਭਾਵਿਤ ਪਿੰਡਾਂ ਦੇ ਕਿਸਾਨਾਂ ਨਾਲ ਸਿੱਧੀ ਗੱਲਬਾਤ ਕੀਤੀ ਗਈ ਸੀ। ਚੰਡੀਗੜ੍ਹ ਦੇ ਮਿਊਂਸਿਪਲ ਭਵਨ 'ਚ ਇਨ੍ਹਾਂ ਪਿੰਡਾਂ ਦੇ ਸਰਪੰਚ ਵੀ ਬੁਲਾਏ ਗਏ ਸਨ। ਉਸ ਵਕਤ ਪ੍ਰਭਾਵਿਤ ਪਿੰਡਾਂ ਦੇ ਸਰਪੰਚਾਂ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਹਕੀਕਤ ਤੋਂ ਜਾਣੂ ਕਰਾ ਦਿੱਤਾ ਸੀ। ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੇ ਵੀ 'ਲੈਂਡ ਪੂਲਿੰਗ ਨੀਤੀ' ਨੂੰ ਲੈ ਕੇ ਸਿਆਸਤ ਭਖਾਈ ਹੋਈ ਹੈ। ਭਾਜਪਾ ਵੱਲੋਂ ਇਸ ਨੀਤੀ ਦਾ ਵਿਰੋਧ ਕਰਕੇ ਕਿਸਾਨਾਂ 'ਚ ਆਪਣੀ ਪਾਰਟੀ ਦੀ ਸਾਖ ਨੂੰ ਬਿਹਤਰ ਕਰਨ ਦੇ ਯਤਨ ਕੀਤੇ ਜਾਣ ਲੱਗੇ ਹਨ। ਪੰਜਾਬ ਸਰਕਾਰ ਨੇ ਵਿਰੋਧ ਦੇ ਧੂੰਏਂ ਨੂੰ ਸ਼ਾਂਤ ਕਰਨ ਲਈ ਹੁਣ ਕਿਸਾਨਾਂ ਲਈ ਕੁੱਝ ਰਿਆਇਤਾਂ ਐਲਾਨੀਆਂ ਹਨ।

ਹਾਊਸਿੰਗ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਨੇ 164 ਪਿੰਡਾਂ ਦੇ ਕੁੱਝ ਵਸਨੀਕਾਂ ਨੂੰ ਇਸ ਨੀਤੀ 'ਤੇ ਚਰਚਾ ਕਰਨ ਵਾਸਤੇ ਚੰਡੀਗੜ੍ਹ ਬੁਲਾਇਆ ਸੀ। ਮੁੰਡੀਆਂ ਦਾ ਕਹਿਣਾ ਸੀ ਕਿ ਇਨ੍ਹਾਂ ਕਿਸਾਨਾਂ ਵੱਲੋਂ ਦਿੱਤੀ ਗਈ ਸਲਾਹ ਦੇ ਆਧਾਰ 'ਤੇ ਨੀਤੀ ਨੂੰ ਹੋਰ ਬਿਹਤਰ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

## ਸੰਜੀਵ ਅਰੋੜਾ ਵੱਲੋਂ ਰਾਜ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ



ਨਵੀਂ ਦਿੱਲੀ, (ਪੰਜਾਬ ਮੇਲ)- ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਉੱਪਰਲੇ ਸਦਨ ਨੂੰ ਸੂਚਿਤ ਕੀਤਾ ਕਿ ਆਮ ਆਦਮੀ ਪਾਰਟੀ ਦੇ ਸੰਜੀਵ ਅਰੋੜਾ ਨੇ ਸਦਨ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ, ਜਿਸ ਨੂੰ ਸਵੀਕਾਰ ਕਰ ਲਿਆ ਗਿਆ ਹੈ। ਸੰਸਦ ਦੇ ਮੌਨਸੂਨ ਸੈਸ਼ਨ ਦੇ ਪਹਿਲੇ ਦਿਨ ਚੇਅਰਮੈਨ ਨੇ ਸਦਨ ਨੂੰ ਅਰੋੜਾ ਦੇ ਅਸਤੀਫੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 'ਆਪ' ਮੈਂਬਰ ਅਰੋੜਾ ਨੇ 1 ਜੁਲਾਈ ਨੂੰ ਰਾਜ ਸਭਾ ਤੋਂ ਅਸਤੀਫਾ ਦਿੱਤਾ ਸੀ ਤੇ 1 ਜੁਲਾਈ ਤੋਂ ਹੀ ਉਨ੍ਹਾਂ ਦਾ ਅਸਤੀਫਾ ਸਵੀਕਾਰ ਕਰ ਲਿਆ ਗਿਆ ਹੈ। ਪੰਜਾਬ ਦੀ ਲੁਧਿਆਣਾ ਵਿਧਾਨ ਸਭਾ ਸੀਟ 'ਤੇ 19 ਜੂਨ ਨੂੰ ਹੋਈ ਉਪ ਚੋਣ 'ਚ 'ਆਪ' ਉਮੀਦਵਾਰ ਸੰਜੀਵ ਅਰੋੜਾ ਨੇ ਆਪਣੇ ਨੇੜਲੇ ਵਿਰੋਧੀ ਤੇ ਕਾਂਗਰਸ ਉਮੀਦਵਾਰ ਭਾਰਤ ਭੂਸ਼ਨ ਆਸ਼ੂ ਨੂੰ 10,637 ਵੋਟਾਂ ਨਾਲ ਹਰਾਇਆ ਸੀ।

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*




*For any Information & Advertisement Call at*

**+1-916-320-9444**

# 'ਵਿਸ਼ਾਲ ਦੇਸ਼ ਭਗਤ ਮੋਰਚਾ' ਬਣ ਸਕਦਾ ਕੇਂਦਰ ਵਿਚ ਬਦਲ, ਪਰ...





-ਡਾ. ਸੁਰਿੰਦਰ ਮੰਡ
ਹੁਸ਼ਿਆਰਪੁਰ
94173-24543
ਪੰਜਾਬ ਮੇਲ USA


ਵਿਰੋਧੀ ਪਾਰਟੀਆਂ ਦੇ ਸਿਆਸੀ ਵਤੀਰੇ ਨੇ ਤਹਿ ਕਰਨਾ ਕਿ ਅਗਲੀ ਕੇਂਦਰ ਸਰਕਾਰ ਕਿਸਦੀ ਬਣੂ। ਕਿਉਂਕਿ ਸਿਰਫ਼ ਇਨ੍ਹਾਂ ਦੀ ਨਾਸਮਝੀ ਕਾਰਨ ਭਾਜਪਾ (39% ਵੋਟਾਂ) ਸਰਕਾਰ ਬਣੀ ਸੀ। ਇਨ੍ਹਾਂ ਲਈ ਇਹੀ ਸੋਚਣ ਵਿਚਾਰਨ ਦਾ ਸਮਾਂ।

'ਕਾਂਗਰਸ', ਭਾਜਪਾ ਦੇ ਮੁਕਾਬਲੇ ਸੁਸਤ ਤੇ ਜਿੱਦਲ ਜਿਹੀ ਪਾਰਟੀ ਜਾਪਦੀ ਹੈ, 2024 ਦੀ ਚੋਣ ਵਿਚ ਬਿਹਾਰ 30, ਉੜੀਸਾ 20, ਆਂਧਰਾ 22, ਬੰਗਾਲ 12, ਯੂ.ਪੀ. ਅਤੇ ਤਿਲੰਗਾਨਾ ਦੀਆਂ ਕੁਝ ਵੱਧ ਸੀਟਾਂ ਜੋ ਭਾਜਪਾ ਖੇਮੇ ਨੇ ਜਿੱਤੀਆਂ ਤੇ ਸਰਕਾਰ ਬਣਾਈ, ਇਹ ਜਿਤਾਉਣ ਲਈ ਕਾਂਗਰਸ ਦਾ ਵਿਹਾਰ ਹੀ ਵੱਧ ਜ਼ਿੰਮੇਵਾਰ ਹੈ। ਪਹਿਲਾਂ ਵੇਖਣਾ ਜ਼ਰੂਰੀ ਹੈ ਕਿ ਕਿਵੇਂ?

ਬਿਹਾਰ ਦੇ ਨਿਤੀਸ਼ ਕੁਮਾਰ ਦੀ ਪਹਿਲਕਦਮੀ ਵਿਚ ਹੀ 'ਇੰਡੀਆ ਗਠਜੋੜ' ਬਣਿਆਂ ਸੀ। ਪਹਿਲੀ ਮੀਟਿੰਗ ਵੀ ਬੜੇ ਚਾਵਾਂ ਨਾਲ ਪਟਨਾ ਵਿਚ ਹੋਈ। ਰਾਹੁਲ ਗਾਂਧੀ ਚਾਰ ਮਹੀਨੇ ਕੰਨਿਆਂ-ਕੁਮਾਰੀ ਤੋਂ ਕਸ਼ਮੀਰ ਤੱਕ ਪੈਦਲ ਯਾਤਰਾ 'ਤੇ ਨਿਕਲਿਆ, ਚੰਗੀ ਗੱਲ। ਨਿਤੀਸ਼ ਅਤੇ ਅਪੋਜ਼ੀਸ਼ਨ ਪਾਰਟੀਆਂ 'ਇੰਡੀਆ ਗਠਜੋੜ' ਦੀ ਮੀਟਿੰਗ ਕਰਨ ਨੂੰ ਤਰਲੇ ਲੈਣ ਤੇ ਕਾਂਗਰਸ ਆਖੇ ਕਿ ਰਾਹੁਲ ਜੀ ਅਜੇ ਯਾਤਰਾ ਕਰ ਰਹੇ ਨੇ, ਜਦਕਿ ਮੀਟਿੰਗ ਵਿਚ ਕੋਈ ਹੋਰ ਆਗੂ ਵੀ ਜਾ ਸਕਦੇ ਸਨ। ਮੁੱਦਤਾਂ ਬਾਦ ਮੀਟਿੰਗ ਜੇ ਹੋ ਈ ਗਈ, ਤਾਂ ਕਨਵੀਨਰ ਵਜੋਂ ਖੜਗੇ ਦਾ ਨਾਮ (ਬਿਨਾ ਕਿਸੇ ਨਾਲ ਸਲਾਹ ਕੀਤਿਆਂ) ਉਛਾਲਣ ਦੀ ਯਬ੍ਹਲੀ ਮਾਰਨ ਵਾਲਿਆਂ (ਮਮਤਾ ਅਤੇ ਕੇਜਰੀਵਾਲ) ਨੇ ਵੀ ਨਿਤੀਸ਼ ਨੂੰ ਭੜਕਾ ਕੇ ਭਜਾਉਣ ਵਿਚ ਯੋਗਦਾਨ ਪਾਇਆ। ਉਹ ਅੰਤ ਇਨ੍ਹਾਂ ਦੀਆਂ ਸੁਸਤੀਆਂ ਤੇ ਚੁਸਤੀਆਂ ਦਾ ਮਾਰਿਆ ਆਪਣੇ ਕੱਟੜ ਵਿਰੋਧੀ ਰਹੇ ਪਰ ਬਾਹਵਾਂ ਅੱਡੀ ਖੜ੍ਹੇ ਮੋਦੀ ਦੀ ਗੱਡੀ ਜਾ ਚੜ੍ਹਿਆ, ਵੇਖੋ ਦੋਵਾਂ ਦੀ ਲਚਕ। ਨਿਤੀਸ਼ ਸਾਂਭਿਆ ਹੁੰਦਾ ਤਾਂ ਬਿਹਾਰ ਵਿਚ ਹੂੰਝਾ ਫੇਰੂ ਜਿੱਤ ਹੁੰਦੀ। ਕਿਉਂਕਿ ਬਿਹਾਰ ਵਿਚ ਭਾਜਪਾ ਦੀਆਂ ਆਪਣੀਆਂ ਤਾਂ ਸਿਰਫ 20% ਵੋਟਾਂ ਸਨ। ਚੋਣਾਂ ਮਗਰੋਂ ਬੇਮੌਕਾ ਇਸ਼ਾਰੇ ਕਰਨ ਕਿ ਨਿਤੀਸ਼ ਵਾਪਸ ਆ ਜਾਵੇ, ਤਾਂ "ਔਹ" ਬਣਾ ਦਿਆਂਗੇ, ਆਹ ਬਣਾ ਦਿਆਂਗੇ।

ਬੰਗਾਲ ਵਿਚ ਕਾਂਗਰਸ ਦਾ ਮਮਤਾ ਨਾਲ ਸਿਰਫ ਸੀਟਾਂ ਦੀ ਵੰਡ ਵੰਡਾਈ ਦਾ ਝਗੜਾ ਸੀ। ਕਾਂਗਰਸ ਵੱਧ ਮੰਗੇ ਤੇ ਮਮਤਾ ਘੱਟ ਦੇਵੇ, ਸਮਝੌਤਾ ਖਤਮ। ਇਨ੍ਹਾਂ ਦੇ ਇਸ ਰਗੜੇ-ਝਗੜੇ ਵਿਚ ਭਾਜਪਾ 12 ਸੀਟਾਂ ਜਿੱਤ ਗਈ। ਮਮਤਾ 29, ਤੇ ਕਾਂਗਰਸ ਇਕ। ਕੋਈ ਦੂਰ ਦੀ ਸੋਚ ਨਾ ਦੋਵਾਂ ਦੀ। ਮਿਲ ਕੇ ਲੜਦੇ ਤਾਂ ਇਨ੍ਹਾਂ ਦੀਆਂ ਬੀ.ਜੇ.ਪੀ. ਨਾਲੋਂ 12% ਵੋਟਾਂ ਵੱਧ ਸਨ।

ਉੜੀਸਾ ਅੰਦਰ 2019 ਵਿਚ 8 ਸੀਟਾਂ ਜਿੱਤ ਕੇ ਜਦ ਭਾਜਪਾ ਮੁੱਖ ਵਿਰੋਧੀ ਪਾਰਟੀ ਬਣ ਗਈ ਸੀ, ਤਾਂ ਕਾਂਗਰਸ ਮੁੱਖ ਮੰਤਰੀ ਨਵੀਨ ਪਟਨਾਇਕ ਨੂੰ ਹਰ ਹੀਲੇ ਆਪਣੇ ਲਾਗੇ ਲਾਉਂਦੀ। ਭਾਜਪਾ ਚਾਤਰ ਨਿਕਲੀ। ਨਵੀਨ ਨੂੰ ਕਾਂਗਰਸ ਨਾਲ ਗਠਜੋੜ ਤੋਂ ਰੋਕਣ ਲਈ ਭਾਜਪਾ ਝੂਠ-ਮੂਠ ਆਖੇ ਕਿ ਅਸੀਂ 2024 ਦੀ ਚੋਣ ਨਵੀਨ ਨਾਲ ਰਲਕੇ ਲੜਨੀ, ਪਰ ਐਨ ਆਖਰੀ ਮੌਕੇ ਕਹਿੰਦੇ "ਇਕੱਲੇ ਲੜਾਂਗੇ"। ਕਾਂਗਰਸ ਸੁਸਤ ਨਾ ਹੁੰਦੀ, ਤਾਂ ਫੌਰੀ ਨਵੀਨ ਨਾਲ ਸੀਟ ਅਡਜੈਸਟਮੈਂਟ ਕਰ ਸਕਦੇ ਸੀ। ਤਿਕੋਣੀ ਟੱਕਰ ਵਿਚ ਭਾਜਪਾ 20 ਸੀਟਾਂ ਜਿੱਤੀ, ਕਾਂਗਰਸ ਇਕ। ਜਦਕਿ ਕਾਂਗਰਸ+ਨਵੀਨ ਦੀਆਂ ਵੋਟਾਂ ਮਿਲਾ ਕੇ ਭਾਜਪਾ ਨਾਲੋਂ 5% ਵੱਧ ਸਨ। ਹੁਣ ਵੀ ਕਾਂਗਰਸ, ਨਵੀਨ (38% ਵੋਟਾਂ) ਨੂੰ ਚਾਚਾ ਜੀ ਆਖ ਕੇ ਉੜੀਸਾ ਵਿਚ ਅੱਗੇ ਰੱਖ ਕੇ ਚੱਲੂ, ਤਾਂ ਹੀ ਕੁਸ਼ ਬਣੂ।

ਆਂਧਰਾ ਦਾ ਮੁੱਖ ਮੰਤਰੀ ਜਗਨ ਮੋਹਨ ਰੈਡੀ ਤਾਂ ਕਾਂਗਰਸੀ ਪਿਛੋਕੜ ਵਾਲਾ ਸੀ, ਆਪ ਹੀ ਰੁਸਾਇਆ। ਉਸਦੇ ਮੁੱਖ ਮੰਤਰੀ ਪਿਤਾ ਦੀ ਹਵਾਈ ਹਾਦਸੇ ਵਿਚ ਮੌਤ ਪਿੱਛੋਂ ਮੁੱਖ ਮੰਤਰੀ ਨਾ ਬਣਾਇਆ। ਉਹ ਨਵੀਂ ਪਾਰਟੀ ਬਣਾ ਕੇ ਜਿੱਤ ਕੇ ਮੁੱਖ ਮੰਤਰੀ ਬਣ ਗਿਆ। ਫਿਰ ਮਗਰੋਂ ਵੀ ਉਸ ਨਾਲ ਲਗਾਤਾਰ ਬੇਵਫਾਇਦਾ ਖਹਿਬੜੀ ਗਏ। ਪਰ ਨਰਿੰਦਰ ਮੋਦੀ ਨੇ ਤਾਂ ਉਥੇ ਆਪਣੇ ਕੱਟੜ ਵਿਰੋਧੀ ਚੰਦਰ ਬਾਬੂ ਨਾਇਡੂ ਨਾਲ ਸਮਝੌਤਾ ਕਰਨ ਨੂੰ ਸਕਿੰਟ ਵੀ ਨਾ ਲਾਇਆ, ਤੇ ਕਾਂਗਰਸ ਆਪਣੇ ਹੱਥੀਂ ਪਾਲੇ ਬੱਚੇ ਰੈਡੀ ਨਾਲ ਵੀ ਸਮਝੌਤੇ ਦੀ ਗੱਲ ਨਾ ਤੋਰ ਸਕੀ। ਨਤੀਜਾ ਇਹ ਕਿ ਭਾਜਪਾ ਖੇਮੇ ਦੀ ਝੋਲੀ 22 ਸੀਟਾਂ (ਜਿਸ ਵਿਚ ਭਾਜਪਾ ਦੀਆਂ ਸਿਰਫ 2.8% ਵੋਟਾਂ), ਰੈਡੀ ਦੀਆਂ 4 ਸੀਟਾਂ ਤੇ ਕਾਂਗਰਸ ਗੋਲ ਆਂਡਾ। ਝੱਟ ਕੁ ਮਗਰੋਂ ਫਿਰ ਰੈਡੀ ਨਾਲ ਸਾਂਝੇ ਧਰਨੇ ਵੀ ਮਾਰਦੇ ਫਿਰਨ। ਕਾਂਗਰਸ ਨੂੰ ਆਂਧਰਾ ਵਿਚ 40% ਵੋਟਾਂ ਵਾਲੇ ਜਗਨ ਮੋਹਨ ਰੈਡੀ ਨੂੰ ਆਗੂ ਮੰਨ ਕੇ ਉਸਦੀ ਪਾਰਟੀ ਨਾਲ ਬਿਨਾ ਸ਼ਰਤ ਫੌਰੀ ਗਠਜੋੜ ਕਰਨਾ ਪਊ, ਵਰਨਾ ਸਦਾ 'ਠੁਨ ਠੁਨ ਗੋਪਾਲ' ਹੀ ਰਹੂ।

ਯੂ.ਪੀ. ਵਿਚ ਸਮਾਜਵਾਦੀ ਪਾਰਟੀ ਨੇ 63 ਲੜੀਆਂ ਤੇ 43 ਸੀਟਾਂ ਜਿੱਤੀਆਂ, ਜਦਕਿ ਕਾਂਗਰਸ ਨੇ ਜਿੱਦ ਕਰਕੇ 17 ਸੀਟਾਂ ਲੈ ਕੇ 6 ਜਿੱਤੀਆਂ, ਤੇ ਭਾਜਪਾ ਨੂੰ ਫਾਇਦਾ ਹੋਇਆ।

ਪਿਛਲੀਆਂ ਬਿਹਾਰ ਅਸੈਂਬਲੀ ਚੋਣਾਂ ਵਿਚ ਵੀ ਲਾਲੂ ਯਾਦਵ ਦੀ ਆਰ.ਜੇ.ਡੀ. ਤਾਂ ਕਾਂਗਰਸ ਨੂੰ 40 ਸੀਟਾਂ ਲੜਨ ਨੂੰ ਕਹਿੰਦੀ ਸੀ ਪਰ ਕਾਂਗਰਸ ਅੜ ਕੇ 70 ਸੀਟਾਂ ਲੜੀ ਤੇ 19 ਜਿੱਤੀ। ਜਦਕਿ ਲਾਲੂ ਯਾਦਵ ਅਤੇ ਲੈਫਟ ਦੀ ਜੇਤੂ ਪ੍ਰਤੀਸ਼ਤ ਬਹੁਤ ਜ਼ਿਆਦਾ ਸੀ ਅਤੇ ਸਿਰਫ 5 ਸੀਟਾਂ ਵੱਧ ਨਾਲ ਭਾਜਪਾ ਸਰਕਾਰ ਬਣਾ ਗਈ। ਵੇਖੋ ਹੁਣ ਇਸ ਵਾਰ ਕੋਈ ਸਬਕ ਲੈਂਦੇ ਕਿ ਨਹੀਂ।

ਕਾਂਗਰਸ ਨੂੰ ਸਮਝਣਾ ਚਾਹੀਦਾ ਕਿ ਤਿਲੰਗਾਨਾ ਦੇ 'ਕੇ.ਚੰਦਰਸ਼ੇਖਰ ਰਾਓ' ਦੀ 'ਭਾਰਤੀ ਰਾਸ਼ਟਰੀ ਸਮਿਤੀ' ਵੀ 'ਇੰਡੀਆ ਗਠਜੋੜ' ਦੀ ਵਿਚਾਰਕ ਸਹਿਯੋਗੀ ਹੈ। ਉਸਨੂੰ 'ਇੰਡੀਆ' ਵਿਚ ਆਉਣ ਲਈ ਕਹਿਣ। ਕਿਉਂਕਿ ਤਿਕੋਣੇ ਮੁਕਾਬਲੇ 'ਚ ਭਾਜਪਾ 8 ਸੀਟਾਂ ਜਿੱਤੀਆਂ। ਇਹ ਰਲ ਕੇ ਤਿਲੰਗਾਨਾ ਵਿਚ ਹੂੰਝਾ ਫੇਰ ਸਕਦੇ, ਕਿਉਂਕਿ ਇਨ੍ਹਾਂ ਦੀਆਂ ਮਿਲਾ ਕੇ ਬੀ.ਜੇ.ਪੀ. ਨਾਲੋਂ 22% ਵੋਟਾਂ ਵੱਧ ਸਨ। ਕਾਂਗਰਸ ਇਹ ਘੁੰਡੀ ਨਾ ਸਮਝੀ, ਤਾਂ ਅਗਲੀ ਵਾਰ ਭਾਜਪਾ ਰਾਓ ਨੂੰ ਨਾਲ ਲੈ ਕੇ ਕਾਂਗਰਸ ਨੂੰ ਜ਼ੀਰੋ ਕਰੂ।

ਪਰ ਅਜੇ ਵੀ ਕੋਈ ਆਖਿਰ ਨਹੀਂ ਆਗੀ। 2024 ਦੀ ਚੋਣ ਵਿਚ ਦੇਸ਼ ਭਰ ਵਿਚੋਂ ਭਾਜਪਾ ਦੇ 'ਐੱਨ.ਡੀ.ਏ.' ਦੀਆਂ ਵੋਟਾਂ, 'ਇੰਡੀਆ ਗਠਜੋੜ' ਨਾਲੋਂ ਸਿਰਫ 2% ਦੇ ਲਗਭਗ ਹੀ ਵੱਧ ਸਨ।

ਬਿਹਾਰ, ਯੂ.ਪੀ., ਉੜੀਸਾ, ਆਂਧਰਾ, ਤਿਲੰਗਾਨਾ, ਝਾਰਖੰਡ, ਬੰਗਾਲ ਵਿਚ ਕਾਂਗਰਸ ਨੂੰ ਵੱਧ ਸੀਟਾਂ ਮੰਗਣ ਦੀ ਲੋੜ ਨਹੀਂ, ਸਗੋਂ ਹਰ ਹੀਲੇ ਖੇਤਰੀ ਪਾਰਟੀਆਂ ਨਾਲ ਚੁਸਤ ਵਿਸ਼ਾਲ ਗਠਜੋੜ ਦੀ ਜ਼ਰੂਰਤ ਹੈ। ਹਰਿਆਣਾ, ਗੁਜਰਾਤ, ਗੋਆ, ਦਿੱਲੀ ਵਿਚ ਗਠਜੋੜ 'ਕਾਂਗਰਸ-ਆਪ' ਦੀ ਰਾਜਨੀਤਿਕ ਸਮਝ ਦਾ ਇਮਤਿਹਾਨ ਹੋਵੇਗਾ। ਨਿੱਜੀ ਗਿਣਤੀਆਂ-ਮਿਣਤੀਆਂ ਦੋਵਾਂ ਨੂੰ ਲੈ ਡੁੱਬਣਗੀਆਂ। ਜੇ ਲੋਕਾਂ ਦੇ ਮੁੱਦਿਆਂ ਨੂੰ ਲੈ ਕੇ ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਛੱਤੀਸਗੜ੍ਹ, ਉਤਰਾਖੰਡ ਵਿਚ ਕਾਂਗਰਸ ਨੇ ਕੋਈ ਵੱਡਾ ਸੰਘਰਸ਼ ਨਾ ਛੇੜਿਆ, ਤਾਂ ਇਸ ਨੇ ਉੱਠ ਨਹੀਂ ਸਕਣਾ। ਨਿਰੇ ਟਵੀਟ ਕਰਿਆਂ ਕੱਖ ਨੀ ਬਣਨਾ। ਏਥੇ ਸਚਿਨ ਪਾਇਲਟ ਕੀਮਤੀ ਹੈ। ਮਹਾਂਰਾਸ਼ਟਰਾ ਵਿਚ ਵਿਰੋਧੀ ਧਿਰਾਂ ਹਤਾਸ਼ ਨਾ ਹੋਣ, ਏਕਤਾ ਬਣਾਈ ਰੱਖਣ ਤਾਂ ਝੂਠ ਫਰੇਬ ਦਾ ਗੁਬਾਰਾ ਫਟ ਜਾਵੇਗਾ। ਮਨੀਪੁਰ ਦੇ ਘਟਨਾਕ੍ਰਮ ਕਾਰਨ ਉੱਤਰ ਪੂਰਬ ਦੇ ਸੂਬਿਆਂ ਵਿਚ ਕਾਂਗਰਸ ਸਥਾਨਕ ਪਾਰਟੀਆਂ ਨਾਲ ਸਮਝੌਤੇ ਲਈ ਉਚੇਚ ਵਿਖਾਵੇ ਤਾਂ ਵੱਡਾ ਹੈਰਾਨੀਜਨਕ ਹੁੰਗਾਰਾ ਮਿਲਣ ਦੇ ਆਸਾਰ ਹਨ।

ਵਿਰੋਧੀ ਪਾਰਟੀਆਂ ਕੋਲ ਆਪਣੀ ਸੂਬਾਈ ਲੀਡਰਸ਼ਿਪ ਬਹੁਤ ਮਜ਼ਬੂਤ ਹੈ, ਜਦਕਿ ਭਾਰਤੀ ਜਨਤਾ ਪਾਰਟੀ ਵਿਚ ਸੂਬਾਈ ਆਗੂ ਛਾਂਗ ਦਿੱਤੇ ਹਨ ਤੇ ਪਾਰਟੀ ਸਿਰਫ 'ਮੋਦੀ ਮੋਦੀ' ਦਾ ਜਾਪ ਕਰਨ ਲਈ ਬੇਬੱਸ ਕਰ ਦਿੱਤੀ ਗਈ ਹੈ। ਇਸਦੇ ਨਤੀਜੇ ਮੁਲਕ ਲਈ ਵੀ ਅਤੇ ਭਾਜਪਾ ਲਈ ਵੀ ਵਿਚਿੱਤਰ ਹੀ ਹੋਣਗੇ।

ਉਂਜ ਵਿਰੋਧੀ ਪਾਰਟੀਆਂ ਨੇ ਜੇ ਚੁਸਤੀ ਦਾ ਗੁਰ ਲੈਣਾ, ਤਾਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਤੋਂ ਲੈਣ, ਜੇ ਪੇਲਵੀਂ ਲਚਕ ਦੀ ਜਾਚ ਸਿੱਖਣੀ ਤਾਂ ਨਰਿੰਦਰ ਮੋਦੀ ਤੋਂ ਸਿੱਖਣ, ਅੱਗੋਂ ਲਈ ਮੈਨੇਜਮੈਂਟ ਦੀ ਕਲਾ ਲਈ ਅਮਿਤ ਸ਼ਾਹ ਦੀ ਨਕਲ ਮਾਰਨ, ਫੈਲਣ ਦਾ ਫ਼ਲਸਫਾ ਆਰ.ਐੱਸ.ਐੱਸ ਤੋਂ ਹਾਸਲ ਕਰਨ। ਇਨ੍ਹਾਂ ਸਾਰਿਆਂ ਤੋਂ ਗੁਰ ਲੈਣ ਕਿ ਆਪਣੇ ਚੂਚੇ ਘੇਰ ਕੇ ਖੰਭਾਂ ਥੱਲੇ ਕਿਵੇਂ ਰੱਖੀਦੇ ਹੁੰਦੇ ਤੇ ਦੂਜਿਆਂ ਦੇ ਘਰ ਸੰਨ੍ਹ ਲਾਉਣ ਦੇ ਕਿਹੜੇ-ਕਿਹੜੇ ਤੌਰ ਤਰੀਕੇ ਹੁੰਦੇ।

ਇਕ ਵੱਡੀ ਦਾਅਪੇਚ ਗ਼ਲਤੀ ਚਾਤਰ ਭਾਜਪਾ ਵੀ ਕਰ ਗਈ ਹੈ। 12 ਸਾਲ ਦੀ ਮਿਹਨਤ ਮਿੱਟੀ ਵਿਚ ਮਿਲ ਗਈ ਲੱਗਦੀ। ਹੋਇਆ ਇਹ ਹੈ ਕਿ ਤੱਤੇ ਮੁਸਲਿਮ ਲੀਡਰ ਵਜੋਂ ਉਭਾਰਨ ਲਈ ਅਸਦੂਦੀਨ ਓਵੈਸੀ ਨੂੰ ਕਈ ਸਾਲਾਂ ਤੋਂ ਰੋਜ਼ਾਨਾ ਆਪਣੇ ਸਾਰੇ ਚਹੇਤੇ ਖ਼ਬਰਾਂ ਦੇ ਚੈਨਲਾਂ ਉੱਤੇ ਬੁਲਾ ਕੇ, ਬਹਿਸ ਵਿਚ ਭੜਕਾ ਕੇ, ਕੋਈ ਤਿੱਖੀ ਗੱਲ ਮੂੰਹੋਂ ਕਢਵਾ ਲੈਂਦੇ ਸੀ। ਫਿਰ ਉਹਨੂੰ ਦੇਹ-ਦੱਬ ਪ੍ਰਚਾਰ ਕੇ ਹਿੰਦੂ ਭਾਈਚਾਰੇ ਨੂੰ ਡਰਾਉਂਦੇ ਅਤੇ ਬਦਲੇ ਦੀ ਭਾਵਨਾ ਲਈ ਭੜਕਾ ਕੇ ਲਾਮਬੰਦ ਕਰਦੇ ਸਨ। ਓਵੈਸੀ ਦਾ ਕੱਟੜ ਮੁਸਲਿਮ ਪੱਖੀ ਅਤੇ ਭਾਰਤ ਵਿਰੋਧੀ ਬਿੰਬ ਬਣਾ ਦਿੱਤਾ ਸੀ। ਇੰਜ ਵਿਰੋਧੀ ਪਾਰਟੀਆਂ ਤਾਂ ਉਸਦੀ ਕੱਟੜ ਸ਼ਵ੍ਹੀ ਕਾਰਨ ਓਵੈਸੀ ਨੂੰ ਨਾਲ ਲੈਣ ਤੋਂ ਝਿਜਕਦੀਆਂ ਸਨ। ਤੇ ਉਹ ਵਿਰੋਧੀ ਵੋਟਾਂ ਵੰਡ ਕੇ ਭਾਜਪਾ ਨੂੰ ਜਿਤਾਉਣ ਵਾਲਾ ਇਕ ਹਥਿਆਰ ਬਣ ਗਿਆ ਸੀ। ਪਿਛਲੀ ਬਿਹਾਰ ਸਰਕਾਰ ਇਵੇਂ ਹੀ ਬਣੀ ਸੀ। ਲੇਕਿਨ ਮੋਦੀ ਵੱਲੋਂ ਅਪ੍ਰੇਸ਼ਨ ਸਿੰਧੂਰ ਦਾ ਵਿਦੇਸ਼ਾਂ ਵਿਚ ਪ੍ਰਚਾਰ ਕਰਨ ਲਈ ਭੇਜੀ ਸਾਂਸਦਾਂ ਦੀ ਟੀਮ ਵਿਚ ਓਵੈਸੀ ਦੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨੇ ਉਸਨੂੰ ਵੱਡਾ 'ਦੇਸ਼-ਭਗਤ ਮੁਸਲਿਮ ਲੀਡਰ' ਬਣਾ ਦਿੱਤਾ ਹੈ। ਖ਼ਬਰ ਚੈਨਲ ਵੀ ਭੁੱਲ ਭੁਲੇਖੇ ਓਵੈਸੀ ਦੀਆਂ ਖੂਬ ਸਿਫਤਾਂ ਕਰ ਬੈਠੇ।

ਇਸ ਉਪਰੰਤ ਓਵੈਸੀ ਦੇ 'ਇੰਡੀਆ ਗਠਜੋੜ' ਵਿਚ ਸ਼ਾਮਲ ਹੋਣ ਦੀ ਸੰਭਾਵਨਾ ਬਣ ਗਈ ਹੈ। ਤਾਜ਼ੀ ਖ਼ਬਰ ਹੈ ਕਿ ਓਵੈਸੀ ਦੀ ਪਾਰਟੀ ਨੇ ਲਾਲੂ ਯਾਦਵ ਨੂੰ ਚਿੱਠੀ ਲਿਖੀ ਹੈ ਕਿ ਅਸੀਂ ਬਿਹਾਰ ਵਿਚ ਮਹਾਂ-ਗਠਬੰਧਨ ਵਿਚ ਸ਼ਾਮਲ ਹੋਣਾ ਚਾਹੁੰਨੇ ਤੇ ਉਨ੍ਹਾਂ ਵੀ ਅੱਗੋਂ ਸਵਾਗਤ ਕੀਤਾ ਹੈ। ਇੰਜ ਭਾਜਪਾ ਨੂੰ ਓਵੈਸੀ ਨੂੰ ਉਭਾਰਨ ਵਾਲਾ ਦਾਅ ਪੁੱਠਾ ਪੈ ਗਿਆ ਹੈ। ਓਵੈਸੀ ਨੂੰ ਮਾਇਆਵਤੀ ਵਰਗਾ ਸਮਝਣ ਦੀ ਵੱਡੀ ਭੁੱਲ ਕੀਤੀ ਭਾਜਪਾ ਨੇ। ਤੁਸੀਂ ਵੇਖੋਗੇ ਕਿ ਹੁਣ 'ਓਵੈਸੀ' ਖ਼ਬਰਾਂ ਦੇ ਚੈਨਲਾਂ ਉੱਤੇ ਘੱਟ ਦਿੱਸਿਆ ਕਰੂ।

ਗਿਆਰਾਂ ਸਾਲ ਦੇ ਰਾਜ ਉਪਰੰਤ ਵੀ ਮੋਦੀ ਸਰਕਾਰ ਕਿਸਾਨਾਂ ਮਜ਼ਦੂਰਾਂ ਨੌਜਵਾਨਾਂ ਕਾਰੋਬਾਰੀਆਂ ਦੇ 'ਅੱਛੇ ਦਿਨ' ਆ ਜਾਣ ਦਾ ਦਾਅਵਾ ਨਹੀਂ ਕਰਦੀ। ਮਹਿੰਗਾਈ ਬੇਕਾਬੂ ਹੈ। ਰੁਜ਼ਗਾਰ ਦੇਣ ਵਰਗਾ ਸਦੀਵੀ ਪਰਉਪਕਾਰ ਕਰਨਾ ਤਾਂ ਵਪਾਰੀ ਜਮਾਤ ਦਾ ਮੁੱਢੋਂ ਕਿਰਦਾਰ ਹੀ ਨਹੀਂ। ਆਜ਼ਾਦੀ ਅੰਦੋਲਨ ਦੀ ਵਿਰਾਸਤ ਭੁਲਾਉਣ ਦੀ ਜ਼ੋਰਦਾਰ ਮੁਹਿੰਮ ਚੱਲ ਰਹੀ। ਰੂਸ ਵਰਗੇ ਯਾਰ ਬੇਲੀ ਮੁਲਕ ਗਵਾ ਬੈਠੇ ਹਾਂ, ਠੱਗਾਂ ਨਾਲ ਯਾਰੀ ਵਾਲੀ ਵਿਦੇਸ਼ ਨੀਤੀ ਚੱਲ ਰਹੀ, ਵਿਦੇਸ਼ ਨੀਤੀ ਦਾ ਮੁਕੰਮਲ ਫਲਾਪ ਸ਼ੋਅ। ਹਿੰਦੂ-ਮੁਸਲਿਮ ਨਫ਼ਰਤ ਨੂੰ ਵੋਟ ਰਾਜਨੀਤੀ ਲਈ ਮੁੱਢਲਾ ਅਧਾਰ ਬਣਾਉਣ ਦਾ ਰਾਗ ਚੱਲ ਰਿਹਾ। ਸਰਕਾਰੀ ਅਦਾਰੇ ਭਾਜਪਾ ਦੇ ਬੇਲੀ ਕਾਰੋਬਾਰੀਆਂ ਨੂੰ ਵੇਚੇ ਜਾ ਰਹੇ। 2014 ਤੱਕ ਭਾਰਤ ਸਿਰ ਪਹਿਲਾ ਕੁੱਲ ਕਰਜ਼ਾ 49 ਲੱਖ ਕਰੋੜ ਸੀ, ਜੋ 11 ਸਾਲਾਂ ਵਿਚ ਵਧ ਕੇ 197 ਲੱਖ ਕਰੋੜ ਹੋ ਗਿਆ। ਕੇਂਦਰੀ ਬਜਟ ਦਾ ਤੀਜਾ ਹਿਸਾ ਕਰਜ਼ੇ ਦਾ ਵਿਆਜ ਦੇ ਦਿੱਤਾ ਜਾਂਦਾ ਹੈ। ਅਮੀਰ ਕਾਰੋਬਾਰੀਆਂ ਦੇ ਲੱਖਾਂ ਕਰੋੜ ਕਰਜ਼ੇ ਮਾਫ਼ ਹੋ ਰਹੇ। 85 ਕਰੋੜ ਗਰੀਬ ਭੁੱਖੇ ਲੋਕ ਮੰਗਤਿਆਂ ਵਾਂਗ ਹਰ ਮਹੀਨੇ 5 ਕਿਲੋ ਆਟਾ ਦਾਣਾ ਲੈਣ ਲਈ ਮੂੰਹ ਟੱਡਦੇ ਹਨ, ਤੇ ਹਾਕਮ ਅੱਗੋਂ ਇਵਜ਼ ਵਿਚ ਵੋਟਾਂ ਮੰਗਦਾ।

ਪ੍ਰਾਚੀਨ ਸੱਭਿਅਤਾ ਦੀ ਹਰ ਪੱਖੋਂ ਸ਼ਾਨਦਾਰ ਵਿਰਾਸਤ ਵਾਲਾ ਸਾਡਾ ਸੋਹਣਾ ਭਾਰਤ ਖਾਧ ਪਦਾਰਥਾਂ, ਕੁਦਰਤੀ ਸੋਮਿਆਂ ਖਣਿਜਾਂ, ਮਨੁੱਖੀ ਤਾਕਤ, ਵਿਦਿਅਕ ਸਮਰੱਥਾ, ਕਦਰਾਂ ਕੀਮਤਾਂ, ਸਹਿਣਸ਼ੀਲ ਸੁਭਾਅ, ਮੌਸਮ, ਹਰਿਆਵਲ, ਪਾਣੀ, ਯਨੀ ਹਰ ਲਿਹਾਜ਼ ਨਾਲ ਸਮਰੱਥ ਮਿਸਾਲੀ ਧਰਤੀ ਹੈ। ਇਸਨੂੰ ਸਿਰਫ਼ ਕਾਬਜ਼ ਜਮਾਤਾਂ ਦੇ ਸਵਾਰਥੀ ਕਿਰਦਾਰ ਦੀ ਮਾਰ ਪੈ ਰਹੀ, ਜਿਸਨੂੰ ਸੁਹਿਰਦ ਭਾਰਤੀਆਂ ਵੱਲੋਂ ਇਕੱਠੇ ਹੋ ਕੇ ਫੌਰੀ ਰੋਕਣ ਦੀ ਲੋੜ।

ਇਹ ਨਿਰਾਸ਼ਾਜਨਕ ਹਾਲਾਤ ਹਨ। ਇਸ ਵਿਚੋਂ ਭਾਰਤ ਨੂੰ ਕੱਢਣ ਲਈ ਵਿਰੋਧੀ ਪਾਰਟੀਆਂ ਨੂੰ ਬਦਲਵਾਂ ਪ੍ਰੋਗਰਾਮ ਦੇਣਾ ਪਊ। ਜੋ ਲੋਕ ਪੱਖੀ, ਰੁਜ਼ਗਾਰ-ਮੁਖੀ, ਭਾਈਚਾਰਕ ਸਾਂਝ ਵਾਲਾ ਹੋਵੇ। ਵਰਨਾ ਨਿਰੀ ਸਰਕਾਰ ਬਦਲ ਕੇ ਲੋਕਾਂ ਕੀ ਕਰਨੀ। ਇਸ ਬਦਲਾਵ ਲਈ ਵਿਰੋਧੀ ਪਾਰਟੀਆਂ ਨੂੰ 'ਵਿਸ਼ਾਲ ਦੇਸ਼ ਭਗਤ ਮੋਰਚਾ' ਵਿਸ਼ਾਲ ਹਿਰਦੇ ਨਾਲ ਬਣਾਉਣਾ ਵੀ ਹੋਵੇਗਾ ਤੇ ਮੁੜਕੇ ਸਮਝਦਾਰੀ ਨਾਲ ਚਲਾਉਣਾ ਵੀ ਹੋਵੇਗਾ। ਜਿਹੜਾ ਵੀ ਹੁਣ ਤੱਕ ਹਿੰਦੂ-ਮੁਸਲਿਮ ਨਫ਼ਰਤ ਵਾਲੇ ਡੰਗ ਦੇ ਅਸਰ ਤੋਂ ਬਚਿਆ ਹੋਇਆ, ਸਭ ਨੂੰ ਨਾਲ ਜੋੜੋ। ਹੁਣ ਵਾਲੀ ਸੌੜੀ ਸੋਚ, ਹਉਮੈ ਤੇ ਸੁਸਤੀ ਛੱਡਣੀ ਪਊ। ਜੇ ਅਜੇ ਵੀ ਅਕਲ ਨਾ ਕੀਤੀ, ਤਾਂ ਬਹੁਤ ਪਛਤਾਉਣਾ ਪਵੇਗਾ।

ਕਿਉਂਕਿ ਆਮ ਲੋਕ ਕਹਿੰਦੇ ਨੇ ਕਿ ਭਾਈ "ਲੋਕਰਾਜ ਦੇ ਢਕਵੰਜ ਬਾਰੇ ਐਵੇਂ ਕਿਸੇ ਭੁਲੇਖੇ ਵਿਚ ਨਾ ਰਿਹੋ, ਗੌਰਮਿੰਟ ਪੋਲੇ ਪੈਰੀਂ ਛੱਡਣ ਵਾਲੇ ਤੇਵਰ ਨਹੀਂ ਜੋ ਦੀਂਹਦੇ। ਜਦ ਫੇਰ 'ਵੋਟ ਰੁੱਤ' ਆਈ, ਓਦੋਂ ਖੌਰੇ ਕੀ ਕੁਝ ਹੋਜੇ। ਕੀ ਪਤਾ ਕਿ ਡਰੀ, ਰਲੀ, ਝੱਬੂ ਪਾਈ ਮਸ਼ੀਨਰੀ ਕਿਹੜੇ ਕਾਂਡ ਕਰ ਦੇਵੇ। ਤੇ ਨਤੀਜੇ ਵਜੋਂ ਭਮੰਤਰੇ ਲੋਕ ਆਪਣੇ ਰੋਟੀ ਟੁੱਕ ਵਾਲੇ ਮੁੱਦੇ ਭੁੱਲ ਕੇ ਇਕ ਦੂਜੇ ਵੱਲ ਨੂੰ ਘੂਰ-ਘੂਰ ਕੇ 'ਆਨੇ ਜਿਹੇ ਟੱਡਣ' ਵੱਲ ਨੂੰ ਤੋਰ ਦਿੱਤੇ ਜਾਣ"

ਨਾਲੇ ਵਿਰੋਧੀ ਪਾਰਟੀਆਂ ਦੇ ਬੜੇ ਸਿਆਣੇ ਬਣੇ ਫਿਰਦੇ ਲੀਡਰ ਸਾਹਿਬਾਨੋ, ਖਬਰਦਾਰ। ਧਾਡੀ ਸਿਆਸੀ "ਸਿਆਣਪ" ਅਗਲਿਆਂ ਨੇ ਟੋਹ ਕੇ ਵੇਖ ਲਈ ਹੈ, ਲੱਭ ਲਿਆ ਗੁਰ ਧਾਨੂੰ ਆਪਣੇ ਪਿੱਛੇ ਬੰਨ੍ਹ ਕੇ ਘੜੀਸਣ ਦਾ। ਅਪ੍ਰੇਸ਼ਨ ਸਿੰਧੂਰ ਮੌਕੇ ਅਤੇ ਮਗਰੋਂ ਦੇਸ਼ ਦੁਨੀਆਂ ਵਿਚ ਤੁਸਾਂ ਜਿਵੇਂ ਮੋਦੀ ਸਰਕਾਰ ਦਾ ਸੋਹਣਾ ਸਾਥ ਦਿੱਤਾ, ਗੁਣਗਾਨ ਕੀਤਾ, ਕੀ ਪਤਾ ਕਿ ਅਗਲੀ 2029 ਦੀ ਪਾਰਲੀਮੈਂਟ ਚੋਣ ਤੋਂ ਐਨ ਪਹਿਲਾਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਵੱਲੋਂ ਤੁਹਾਨੂੰ ਸਾਰੀਆਂ ਵਿਰੋਧੀ ਪਾਰਟੀਆਂ ਨੂੰ, ਇਸ ਤੋਂ ਵੀ ਵੱਡੀ ਕੋਈ "ਰਾਸ਼ਟਰਵਾਦੀ ਸੇਵਾ" ਦੇਣ ਦੀ ਵਿਸ਼ਵ ਪੱਧਰੀ ਯੋਜਨਾ ਬਣਜੇ। ਪਾਸਪੋਰਟ ਰੀਨਿਊ ਕਰਵਾ ਕੇ ਤਿਆਰ ਬਰ ਤਿਆਰ ਰਿਹੋ।

# ਪੰਜਾਬੀ ਸਾਹਿਤ ਦਾ ਇੱਕ ਅਹਿਮ ਸ਼ਾਹਕਾਰ, ਨਜ਼ਾਬਤ ਦੀ ਵਾਰ (ਨਾਦਰ ਸ਼ਾਹ ਦੀ ਵਾਰ)

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਔਰੰਗਜ਼ੇਬ ਦੀ ਮੌਤ (1707 ਈਸਵੀ) ਤੋਂ ਬਾਅਦ ਮੁਗਲ ਰਾਜ ਢਹਿੰਦੀਆਂ ਕਲਾਂ ਵੱਲ ਜਾਣ ਲੱਗ ਪਿਆ ਸੀ। ਦਰਬਾਰੀ ਸਾਜ਼ਿਸ਼ਾਂ ਕਾਰਨ ਬਾਦਸ਼ਾਹਾਂ ਦੇ ਲਗਾਤਾਰ ਕਤਲ ਕੀਤੇ ਜਾ ਰਹੇ ਸਨ। ਸੰਨ 1719 ਈਸਵੀ ਵਿਚ ਮੁਹੰਮਦ ਸ਼ਾਹ ਗੱਦੀ 'ਤੇ ਬੈਠਾ ਤੇ ਉਸ ਨੇ ਸੰਨ 1748 ਈਸਵੀ ਤੱਕ ਰਾਜ ਕੀਤਾ, ਪਰ ਨਾਚ ਗਾਣੇ ਅਤੇ ਸ਼ਰਾਬ-ਸ਼ਬਾਬ ਦਾ ਸ਼ੌਕੀਨ ਹੋਣ ਕਾਰਨ ਉਸ ਦਾ ਤਖਲੱਸ ਰੰਗੀਲਾ ਪੈ ਗਿਆ। ਇਰਾਨ ਦਾ ਬਾਦਸ਼ਾਹ ਨਾਦਰ ਸ਼ਾਹ 1736 ਈਸਵੀ ਵਿਚ ਗੱਦੀ 'ਤੇ ਬੈਠਾ ਸੀ ਤੇ ਉਸ ਵੇਲੇ ਦਾ ਏਸ਼ੀਆ ਦਾ ਸਭ ਤੋਂ ਕਾਮਯਾਬ ਜਰਨੈਲ ਸੀ। ਇਲਾਕੇ ਦੇ ਵਿਸਤਾਰ ਨੂੰ ਲੈ ਕੇ ਉਸ ਦਾ ਤੁਰਕੀ ਅਤੇ ਰੂਸ ਨਾਲ ਘਮਸਾਨ ਚੱਲ ਰਿਹਾ ਸੀ, ਜਿਸ ਲਈ ਉਸ ਨੂੰ ਪੈਸੇ ਦੀ ਸਖਤ ਜ਼ਰੂਰਤ ਸੀ। ਜਦੋਂ ਉਸ ਨੂੰ ਮੁਗਲ ਰਾਜ ਦੀ ਕਮਜ਼ੋਰੀ ਬਾਰੇ ਪਤਾ ਚੱਲਿਆ, ਤਾਂ ਉਸ ਨੇ ਆਪਣੇ ਖਜ਼ਾਨੇ ਭਰਨ ਲਈ ਭਾਰਤ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ। ਅਕਤੂਬਰ 1738 ਵਿਚ ਨਾਦਰ ਸ਼ਾਹ ਨੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ, 8 ਜਨਵਰੀ 1739 ਨੂੰ ਉਹ ਲਾਹੌਰ ਪਹੁੰਚ ਗਿਆ। 11 ਜਨਵਰੀ ਨੂੰ ਥੋੜ੍ਹੀ ਜਿਹੀ ਮੁੱਠਭੇੜ ਤੋਂ ਬਾਅਦ ਜ਼ਕਰੀਆ ਖਾਨ ਨੇ ਨਾਦਰ ਸ਼ਾਹ ਦੀ ਈਨ ਮੰਨ ਲਈ ਤਾਂ ਉਸ ਨੂੰ ਦੁਬਾਰਾ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ ਗਿਆ।

26 ਜਨਵਰੀ ਨੂੰ ਨਾਦਰ ਸ਼ਾਹ ਲਾਹੌਰ ਤੋਂ ਚੱਲਿਆ ਤੇ 15 ਫਰਵਰੀ ਨੂੰ ਉਸ ਨੇ ਕਰਨਾਲ ਜਾ ਡੇਰੇ ਲਾਏ। 24 ਫਰਵਰੀ 1739 ਨੂੰ ਸਵੇਰੇ ਕਰਨਾਲ ਦੀ ਜੰਗ ਸ਼ੁਰੂ ਹੋਈ ਤੇ ਸਿਰਫ ਤਿੰਨ ਘੰਟੇ ਦੇ ਅੰਦਰ ਹੀ ਨਾਦਰ ਸ਼ਾਹ ਨੇ ਮੁਗਲ ਫੌਜ ਤਬਾਹ ਕਰ ਦਿੱਤੀ। ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਇੱਕ ਤਰ੍ਹਾਂ ਨਾਲ ਬੰਦੀ ਬਣਾ ਲਿਆ ਗਿਆ। ਜੇਤੂ ਇਰਾਨੀ ਫੌਜ ਨੇ ਲੁੱਟਮਾਰ ਤੇ ਕਤਲੇਆਮ ਸ਼ੁਰੂ ਕਰ ਦਿੱਤਾ, ਜਿਸ ਦੌਰਾਨ 50000 ਦੇ ਕਰੀਬ ਮਰਦ, ਔਰਤਾਂ ਤੇ ਬੱਚੇ ਕਤਲ ਕਰ ਦਿੱਤੇ ਗਏ ਤੇ ਅਰਬਾਂ ਰੁਪਏ ਦੀ ਲੁੱਟ ਕੀਤੀ ਗਈ। ਨਾਦਰ ਸ਼ਾਹ ਦੇ ਹੱਥ ਤਖਤੇ ਤਾਊਸ, ਕੋਹਿਨੂਰ ਅਤੇ ਦਰਿਆਏ ਨੂਰ ਹੀਰੇ ਸਮੇਤ ਮੁਗਲਾਂ ਦੀਆਂ ਨੌਂ ਪੀੜ੍ਹੀਆਂ ਦਾ ਜੋੜਿਆ ਅਜੋਕੀ ਕੀਮਤ ਅਨੁਸਾਰ ਕਰੀਬ 125 ਅਰਬ ਰੁ. ਦਾ ਖਜ਼ਾਨਾ ਆਇਆ। ਇਸ ਲੁੱਟ ਨੇ ਇਰਾਨ ਨੂੰ ਐਨਾ ਅਮੀਰ ਕਰ ਦਿੱਤਾ ਕਿ ਨਾਦਰ ਸ਼ਾਹ ਨੇ ਪਰਜਾ ਦੇ ਹਰ ਪ੍ਰਕਾਰ ਦੇ ਟੈਕਸ ਅਗਲੇ ਤਿੰਨ ਸਾਲ ਲਈ ਮਾਫ ਕਰ ਦਿੱਤੇ।

ਨਾਦਰ ਸ਼ਾਹ ਦੇ ਇਸ ਹਮਲੇ ਬਾਰੇ ਕਿੱਸਾਕਾਰ ਨਜ਼ਾਬਤ ਨੇ ਬਹੁਤ ਹੀ ਵਿਸਥਾਰ ਨਾਲ ਇਹ ਵਾਰ ਲਿਖੀ ਹੈ। ਨਜ਼ਾਬਤ ਦੀ ਵਾਰ ਲਿਖਤੀ ਰੂਪ ਵਿਚ ਨਹੀਂ ਸੀ ਮਿਲਦੀ। ਸੰਨ 1898 ਈਸਵੀ ਵਿਚ ਇੱਕ ਅੰਗਰੇਜ਼ ਅਫਸਰ ਸਰ ਐਡਵਰਡ ਮੈਕਲੋਗਾਨ ਨੇ ਬਾਰ ਦੇ ਇਲਾਕੇ ਵਿਚ ਇੱਕ ਮਰਾਸੀ ਦੇ ਮੂੰਹੋਂ ਇਸ ਨੂੰ ਸੁਣਿਆ। ਉਸ ਨੂੰ ਇਹ ਜੋਸ਼ੀਲੀ ਵਾਰ ਐਨੀ ਚੰਗੀ ਲੱਗੀ ਕਿ ਉਸ ਨੇ ਆਪਣੇ ਮੁੰਸ਼ੀ ਪੰਡਿਤ ਹਰੀ ਕ੍ਰਿਸ਼ਣ ਨੂੰ ਇਸ ਨੂੰ ਲਿਖਣ ਲਈ ਹੁਕਮ ਦਿੱਤਾ। ਪੰਡਿਤ ਜੀ ਨੇ ਇਲਾਕੇ ਵਿਚ ਘੁੰਮ ਕੇ ਜਿੰਨੀ ਕੁ ਵਾਰ ਮਿਲੀ, ਉਸ ਨੂੰ ਲਿਖਤੀ ਰੂਪ ਦਿੱਤਾ। ਵਾਰ ਦੇ ਲਿਖਾਰੀ ਨੇ ਦੋ ਤੁਕਾਂ (564 ਅਤੇ 849) ਵਿਚ ਆਪਣਾ ਨਾਮ ਨਜ਼ਾਬਤ ਲਿਖਿਆ ਹੈ। ਇਸ ਵਾਰ ਦੇ 38 ਕਾਂਡ, 86 ਪੌੜੀਆਂ ਅਤੇ 854 ਸਤਰਾਂ ਹਨ। ਨਜ਼ਾਬਤ ਦੇ ਜਨਮ ਤੇ ਮੌਤ ਦੀਆਂ ਤਾਰੀਖਾਂ ਬਾਰੇ ਪਤਾ ਨਹੀਂ ਲੱਗਦਾ ਪਰ ਉਹ ਪਿੰਡ ਮਟੀਲਾਂ ਹਰਲਾਂ ਜ਼ਿਲ੍ਹਾ ਸ਼ਾਹਪੁਰ ਦਾ ਹਰਲ ਰਾਜਪੂਤ ਮੁਸਲਮਾਨ ਸੀ। ਉਸ ਦੇ ਸਟੀਕ ਵਰਨਣ ਤੋਂ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਉਹ ਕਾਬਲ ਤੋਂ ਹੀ ਨਾਦਰ ਸ਼ਾਹ ਦੀ ਫੌਜ ਦੇ ਹਮਰਾਹ ਦਿੱਲੀ ਤੱਕ ਪਹੁੰਚਿਆ ਹੋਵੇ। ਉਸ ਨੇ ਨਾਦਰ ਸ਼ਾਹ ਅਤੇ ਮੁਹੰਮਦ ਸ਼ਾਹ ਰੰਗੀਲੇ ਦੇ ਜਰਨੈਲਾਂ ਦੇ ਨਾਮ (ਨਿਜ਼ਾਮੁਲ ਮੁਲਕ, ਖਾਨ ਦੌਰਾ, ਸੱਯਦ ਭਰਾ, ਮਲਕਾ ਜ਼ਮਾਨੀ, ਨਾਸਰ ਖਾਨ, ਬਾਕੀ ਖਾਨ, ਸ਼ਾਹਬਾਜ਼ ਖਾਨ, ਕਲੰਦਰ ਬੇਗ, ਜ਼ਕਰੀਆ ਖਾਨ, ਅਜ਼ੀਜ ਖਾਨ, ਮੁਸੱਫਰ ਸ਼ਾਹ ਅਤੇ ਕਮਰੁਦੀਨ) ਤੇ ਉਨ੍ਹਾਂ ਵੱਲੋਂ ਦਿਖਾਈ ਗਈ ਬਹਾਦਰੀ ਦਾ ਬਿਲਕੁਲ ਸਟੀਕ ਵਰਨਣ ਕੀਤਾ ਹੈ। ਉਹ ਨਾਦਰ ਸ਼ਾਹ ਨੂੰ ਨਾਜ਼ਰ ਸ਼ਾਹ ਲਿਖਦਾ ਹੈ ਤੇ ਇਥੋਂ ਤੱਕ ਕਿ ਉਸ ਵੱਲੋਂ ਵੱਲੋਂ ਭਰਤੀ ਕੀਤੀ ਗਈ ਫੌਜ ਕਿਸ-ਕਿਸ ਨਸਲ ਦੀ ਸੀ, ਇਹ ਬਾਰੇ ਵੀ ਸਟੀਕ ਵਰਨਣ ਕਰਦਾ ਹੈ:-

ਚੜ੍ਹੇ ਇਸਫਹਾਨ ਥੀਂ ਨਾਜ਼ਰ ਸ਼ਾਹ ਭੇਰੀਂ ਘੜੁੱਕੇ, ਚੁਣ ਚੁਣ ਕੱਢੇ ਪਹਿਲਵਾਨ ਬਹਾਦਰ ਯੱਕੇ
ਨਸਰਾਨੀ, ਮਜ਼ੂਫੀਏ, ਯਾਹੂਦ ਉਚੱਕੇ, ਬੱਦੂ, ਗੁਰਜ਼ੀ ਉਹ ਮੁਲਹਿਦ ਪੱਕੇ
ਮਰਵਾਣੀ ਤੇ ਕਤਲਬਾਜ਼, ਮੁਗਲ ਉਜ਼ਬੱਕੇ, ਨੱਕ ਫੀਨ੍ਹੇ ਸਿਰ ਤਾਉੜੇ, ਢਿੱਡ ਵਾਂਗ ਢਮੱਕੇ
ਉਹ ਇੱਕੋ ਨਾਰ ਵਸਾਉਂਦੇ, ਦਸ ਭਾਈ ਸੱਕੇ।
ਡੇਰੇ ਕੋਲ ਕੰਧਾਰ ਦੇ ਆ ਊਧਮ ਲੱਥੇ, ਤਿਸ ਦਿਹਾੜੇ ਹਿੰਦ ਕੰਬਿਆ, ਖਬਰਾਂ ਪਹੁੰਚੀਆਂ ਮੱਕੇ"

ਜਦੋਂ ਨਾਦਰ ਸ਼ਾਹ ਨਾਲ ਬਿਨਾਂ ਕੋਈ ਖਾਸ ਯੁੱਧ ਕੀਤੇ ਖਾਨ ਬਹਾਦਰ ਜ਼ਕਰੀਆ ਖਾਨ ਨੇ ਈਨ ਮੰਨ ਲਈ, ਤਾਂ ਨਜ਼ਾਬਤ ਉਸ ਦਾ ਮਜ਼ਾਕ ਉਡਾਉਂਦਾ ਹੋਇਆ ਲਿਖਦਾ ਹੈ ਕਿ ਖਾਨ ਬਹਾਦਰ ਨਾਦਰ ਸ਼ਾਹ ਅੱਗੇ ਇੰਜ ਲਿਫ ਗਿਆ, ਜਿਵੇਂ ਉਹ ਖੁਸਰਾ ਹੋਵੇ:-

ਨਵਾਬ ਖਾਨ ਬਹਾਦਰ ਮੋਰਚੇ, ਕੱਢ ਅੱਗੋਂ ਲਾਏ
ਪਰ ਚੜ੍ਹਿਆ ਲਸ਼ਕਰ ਵੇਖ ਕੇ, ਉੱਡ ਹੈਰਤ ਜਾਏ
ਜਿਉਂ ਖੁਸਰੇ ਬੱਧੀ ਪਗੜੀ, ਕੀ ਮਰਦ ਕਹਾਏ
ਜਿਉਂ ਕਸਾਈ ਬਕਰਾ ਪਕੜਿਆ, ਨਾ ਦੁੰਮ ਹਿਲਾਏ
ਜਿਉਂ ਕੰਜ਼ਰੀ ਆਸ਼ਕ ਮਰਦ ਨੂੰ, ਕਰ ਨਾਜ਼ ਵਲਾਏ
ਉਹ ਦੇਇ ਖਜ਼ਾਨੇ ਵੱਢੀਆਂ, ਛਹਿ ਜਾਨ ਬਚਾਏ
ਖਾਨ ਬਹਾਦਰ ਛੋੜ ਬਹਾਦਰੀ, ਲੱਗ ਕਦਮੀਂ ਜਾਏ।

ਕਰਨਾਲ ਦੀ ਜੰਗ ਦਾ ਉਹ ਜਿਸ ਵੀਰ ਰਸ ਨਾਲ ਵਰਨਣ ਕਰਦਾ ਹੈ, ਉਹ ਸ਼ਾਹ ਮੁਹੰਮਦ ਦੇ ਜੰਗਨਾਮਾ ਦੀ ਟੱਕਰ ਦਾ ਹੈ। ਜਦੋਂ ਮੁਗਲ ਬਾਦਸ਼ਾਹ ਆਪਣੇ ਸੈਨਿਕਾਂ ਨੂੰ ਵੰਗਾਰਦਾ ਹੈ, ਤਾਂ ਉਹ ਅੱਗੋਂ ਜਵਾਬ ਦਿੰਦੇ ਹਨ,

ਬੱਧੇ ਹੱਥ ਸਿਪਾਹੀਆਂ, ਬੰਨ੍ਹ ਅਰਜ਼ਾਂ ਕਰੀਆਂ
ਨਿਮਕ ਹਲਾਲ ਹਾਂ ਮੁੱਢ ਕਦੀਮ ਦੇ, ਖੂਬ ਤਲਬਾਂ ਤਰੀਆਂ
ਉਨ੍ਹਾਂ ਸਰਕ ਲਈਆਂ ਸਰਵਾਹੀਆਂ, ਹੱਥ ਢਾਲਾਂ ਫੜ੍ਹੀਆਂ
ਅਸੀਂ ਹਜ਼ਰਤ ਅਲੀ ਦੀ ਜੰਗ ਵਾਂਗ, ਘੱਤ ਦਿਆਂਗੇ ਗਲੀਆਂ
ਕਾਬਲ ਰੋਣ ਪਠਾਣੀਆਂ, ਭੰਨ ਚੂੜੇ ਕੜੀਆਂ।

ਨਜ਼ਾਬਤ ਮੁਗਲ ਫੌਜ ਵਿਚ ਸ਼ਾਮਲ ਰਾਜਪੂਤ ਰਾਜਿਆਂ ਬਾਰੇ ਜਾਣਕਾਰੀ ਦਿੰਦਾ ਹੋਇਆ ਦੱਸਦਾ ਹੈ ਕਿ ਉਹ ਅਫੀਮ ਖਾਣ ਦੇ ਬਹੁਤ ਸ਼ੌਕੀਨ ਸਨ,

ਚੜ੍ਹੇ ਔਰੰਗਾਬਾਦ ਥੀਂ, ਭੇਰੀ ਘੁਰਲਾਵਨ
ਅੱਗੇ ਅੰਬੇਰੀ (ਜੈਪੁਰ) ਤੇ ਮਾਰਵਾੜ, ਬੂੰਦੀ ਘਲਿ ਆਵਨ
ਘੋੜੇ ਉਨ੍ਹਾ ਦੇ ਦਲਾਂ ਨੂੰ, ਕਰ ਜਸ਼ਨ ਵਿਖਾਵਣ,
ਉਹ ਪਾ ਪਾ ਫੀਮਾਂ ਟਾਂਕਦੇ, ਕੈਫੀ ਝੁਟਲਾਵਣ।

ਕਰਨਾਲ ਦੀ ਜੰਗ ਦਾ ਉਸ ਵੱਲੋਂ ਕੀਤਾ ਗਿਆ ਵਰਨਣ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ:-

ਦੋਹੀਂ ਦਲੀਂ ਮੁਕਾਬਲਾ, ਰਣ ਸੂਰੇ ਗੜਕਣ
ਚੜ੍ਹ ਤੋਪਾਂ ਗੱਡੇ ਢੁੱਕੀਆਂ, ਲੱਖ ਸੰਗਲ ਖੜਕਣ
ਉਹ ਦਾਰੂ ਖਾਂਦੀਆਂ ਕੋਹਲੀਆਂ, ਮਣ ਗੋਲੇ ਰੜਕਣ
ਉਹ ਦਾਗ ਪਲੀਤੇ ਛੱਡੀਆਂ, ਵਾਂਗ ਬੱਦਲ ਕੜਕਣ
ਜਿਉਂ ਦਰ ਖੁੱਲ੍ਹੇ ਦੋਜ਼ਖਾਂ, ਮੂੰਹ ਭਾਹੀਂ ਭੜਕਣ
ਜਿਉਂ ਝਾਬੇ ਮਾਰੇ ਪੰਖਣੂੰ, ਵਿਚ ਬਾਗਾਂ ਫੜਕਣ
ਜਿਉਂ ਝੱਲੀਂ ਅੱਗਾਂ ਲੱਗੀਆਂ, ਰਣ ਸੂਰੇ ਤੜਕਣ
ਉਹ ਹਸ਼ਰ ਦਿਹਾੜਾ ਵੇਖ ਕੇ, ਦਲ ਦੋਵੇਂ ਧੜਕਣ।

ਜੰਬੂਰਚਾ ਇੱਕ ਛੋਟੀ ਤੋਪ ਹੁੰਦੀ ਹੈ, ਜਿਸ ਨੂੰ ਊਠਾਂ ਉੱਪਰ ਫਿੱਟ ਕੀਤਾ ਜਾਂਦਾ ਸੀ, ਤਾਂ ਜੋ ਮੈਦਾਨੇ ਜੰਗ ਵਿਚ ਕਿਤੇ ਵੀ ਲਿਜਾਇਆ ਜਾ ਸਕੇ। ਉਨ੍ਹਾਂ ਬਾਰੇ ਨਜ਼ਾਬਤ ਲਿਖਦਾ ਹੈ:-

ਹੋਇਆ ਹੁਕਮ ਜੰਬੂਰਚੀਆਂ, ਆ ਊਠ ਝੁਕਾਏ
ਬਾਹੀ ਜਿਵੇਂ ਪਹਾੜ ਦੀ, ਕਰ ਕੋਟ ਬਹਾਏ
ਉਨ੍ਹਾਂ ਕਰ ਕੇ ਧੌਣਾਂ ਲੰਮੀਆਂ, ਬੱਦਲ ਗਿਰੜਾਏ
ਦਾਗ ਪਲੀਤੇ ਛੱਡੀਆਂ, ਡੌਂ ਝੱਲੀਂ ਲਾਏ
ਪੈ ਰਹੇ ਹਜ਼ਾਰ ਮੈਦਾਨ ਵਿਚ, ਦੁਪਾਏ ਚੁਪਾਏ
ਹਾਥੀਂ ਢਹਿੰਦੇ ਦਲਾਂ ਵਿਚ, ਹੋ ਸਿਰ ਤਲਵਾਏ
ਜਿਵੇਂ ਢਹਿਣ ਮਣਾਂ ਦਰਿਆ ਦੀਆਂ, ਸਾਵਣ ਹੜ੍ਹ ਆਏ।

ਤੀਰ ਅੰਦਾਜ਼ਾਂ ਦੇ ਰਣ ਕੌਸ਼ਲ ਬਾਰੇ ਉਹ ਲਿਖਦਾ ਹੈ:-

ਧਣਵਾਂ ਪਕੜ ਬਹਾਦਰਾਂ, ਹੱਥ ਖੱਬੇ ਫੜ੍ਹੀਆਂ
ਉਨ੍ਹਾਂ ਸੱਜੇ ਚਿੱਲਾ ਖਿੱਚਿਆ, ਖਿੱਚ ਕੰਨੀ ਖੜੀਆਂ
ਪਰ ਘੱਤ ਉੱਡਣ ਕਾਨੀਆਂ, ਦੁਕਾਨੀਂ ਘੜੀਆਂ
ਉਹ ਮਾਰਨ ਸੂਰੇ ਸੂਰਿਆਂ, ਵਿਚ ਜਰਾ ਨਾ ਅੜੀਆਂ,
ਜਿਉਂ ਮੇਖਾਂ ਬੇੜੀ ਠੁੱਕੀਆਂ, ਧਸ ਗੁੱਝਾਂ ਵੜੀਆਂ
ਸੂਰੇ ਝੱਠੇ ਨੇ ਬੀਰ ਖੇਤ, ਮੱਲ ਸੁੱਤੇ ਰੜੀਆਂ।

**ਬੰਦੂਕਚੀਆਂ ਦੀ ਬਹਾਦਰੀ ਬਾਰੇ ਵਰਨਣ ਇਸ ਤਰ੍ਹਾਂ ਕਰਦਾ ਹੈ:-**

ਜਵਾਨਾਂ ਤੁਫੰਗਾਂ ਪਕੜੀਆਂ, ਕਰ ਸ਼ਿਸ਼ਤ ਸੰਭਾਲੇ
ਉਨ੍ਹਾਂ ਲੱਪੀਂ ਦਾਰੂ ਠੇਹਲਿਆ, ਅੱਗ ਲਾ ਪਿਆਲੇ
ਸੜਕ ਘੱਤੀ ਸੀ ਗੋਲੀਆਂ, ਲੋਹੂ ਪਰਨਾਲੇ
ਜਿਉਂ ਭੌਰ ਗੁੱਲਾਂ ਪਰ ਗੂੰਜਦੇ, ਹੋ ਮੁਹਰੇ ਫਾਲੇ
ਜਿਉਂ ਵੱਸੇ ਗੜਾ ਤੂਫਾਨ ਦਾ, ਹੋਣ ਬੱਦਲ ਕਾਲੇ।

**ਨੇਜ਼ੇਬਾਜ਼ਾਂ ਦੀ ਕਲਾ ਦਾ ਵਰਨਣ ਵੀ ਕਮਾਲ ਦਾ ਹੈ:-**

ਨੇਜ਼ੇ ਆਏ ਢੁੱਕ ਕੇ ਜਿਵੇਂ ਪਾਣੀ ਹੜ੍ਹ ਦੇ
ਸਿਰ ਨਿਵਾਏ ਬਰਛੀਆਂ, ਤਸਬੀਹਾਂ ਪੜ੍ਹਦੇ
ਲੈ ਜਾਂਦੇ ਬਰਛੇ ਆਸਣੋਂ, ਸੈ ਪਰਨੇ ਪੜਦੇ
ਜਿਉਂ ਕਬੂਤਰ ਫੁੜਕ ਕੇ, ਹੋ ਲੋਥਾਂ ਝੜ੍ਹਦੇ
ਜਿਉਂ ਕਾਂ ਬਸੇਰਾ ਬਾਗ ਵਿਚ, ਘੱਤ ਘੇਰਾ ਵੜਦੇ।

**ਪਰ ਆਖਰ ਨਾਦਰ ਸ਼ਾਹ ਦੀ ਜਿੱਤ ਹੋ ਜਾਂਦੀ ਹੈ ਤੇ ਮੁਗਲ ਹਾਰ ਜਾਂਦੇ ਹਨ:-**

ਨਾਜ਼ਰ ਸ਼ਾਹ ਵਾਜੇ ਫਤਿਹ ਦੇ, ਸ਼ਾਦਿਆਨੇ ਵਾਹੇ
ਮਨਸੂਰ ਅਲੀ ਤੇ ਕਮਰ ਦੀਨ, ਸ਼ੱਰਰੇ ਛਡਿਆਹੇ
ਤੁਬਕਾਂ ਤੋਪਾਂ ਰਹਿਕਲੇ, ਦੱਬ ਪਾਸੇ ਲਾਏ
ਬੁਰਜ ਬਾਜ਼ੀ ਸ਼ਤਰੰਜ ਦੀ, ਮਾਰ ਰੁੱਕ ਉਡਾਏ
ਹੱਥ ਧਰੋਹੀ ਨਾਜ਼ਰ ਸ਼ਾਹ ਦੀ ਹਿੰਦ ਸਾਰੀ ਆਏ।

ਸੰਨ 1719 ਈਸਵੀ ਵਿਚ ਮੁਹੰਮਦ ਸ਼ਾਹ ਗੱਦੀ 'ਤੇ ਬੈਠਾ ਤੇ ਉਸ ਨੇ ਸੰਨ 1748 ਈਸਵੀ ਤੱਕ ਰਾਜ ਕੀਤਾ, ਪਰ ਨਾਚ ਗਾਣੇ ਅਤੇ ਸ਼ਰਾਬ-ਸ਼ਬਾਬ ਦਾ ਸ਼ੌਕੀਨ ਹੋਣ ਕਾਰਨ ਉਸ ਦਾ ਤਖਲੱਸ ਰੰਗੀਲਾ ਪੈ ਗਿਆ। ਇਰਾਨ ਦਾ ਬਾਦਸ਼ਾਹ ਨਾਦਰ ਸ਼ਾਹ 1736 ਈਸਵੀ ਵਿਚ ਗੱਦੀ 'ਤੇ ਬੈਠਾ ਸੀ ਤੇ ਉਸ ਵੇਲੇ ਦਾ ਏਸ਼ੀਆ ਦਾ ਸਭ ਤੋਂ ਕਾਮਯਾਬ ਜਰਨੈਲ ਸੀ। ਇਲਾਕੇ ਦੇ ਵਿਸਤਾਰ ਨੂੰ ਲੈ ਕੇ ਉਸ ਦਾ ਤੁਰਕੀ ਅਤੇ ਰੂਸ ਨਾਲ ਘਮਸਾਨ ਚੱਲ ਰਿਹਾ ਸੀ, ਜਿਸ ਲਈ ਉਸ ਨੂੰ ਪੈਸੇ ਦੀ ਸਖਤ ਜ਼ਰੂਰਤ ਸੀ। ਜਦੋਂ ਉਸ ਨੂੰ ਮੁਗਲ ਰਾਜ ਦੀ ਕਮਜ਼ੋਰੀ ਬਾਰੇ ਪਤਾ ਚੱਲਿਆ, ਤਾਂ ਉਸ ਨੇ ਆਪਣੇ ਖਜ਼ਾਨੇ ਭਰਨ ਲਈ ਭਾਰਤ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ। ਅਕਤੂਬਰ 1738 ਵਿਚ ਨਾਦਰ ਸ਼ਾਹ ਨੇ ਪਿਸ਼ਾਵਰ 'ਤੇ ਕਬਜ਼ਾ ਕਰ ਲਿਆ, 8 ਜਨਵਰੀ 1739 ਨੂੰ ਉਹ ਲਾਹੌਰ ਪਹੁੰਚ ਗਿਆ। 11 ਜਨਵਰੀ ਨੂੰ ਥੋੜ੍ਹੀ ਜਿਹੀ ਮੁੱਠਭੇੜ ਤੋਂ ਬਾਅਦ ਜ਼ਕਰੀਆ ਖਾਨ ਨੇ ਨਾਦਰ ਸ਼ਾਹ ਦੀ ਈਨ ਮੰਨ ਲਈ ਤਾਂ ਉਸ ਨੂੰ ਦੁਬਾਰਾ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ ਗਿਆ।



# ਅਵਤਾਰ ਸਿੰਘ ਸੰਘਾ ਦੀ ਕਿਤਾਬ 'ਕੁੜੀ ਕਹਾਣੀ ਬਣਦੀ ਗਈ' ਦਾ ਸ਼ਾਬਦਿਕ ਪਰਪੰਚ


-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



ਇਸ ਹੱਥਲੀ ਕਿਤਾਬ ਵਿਚ ਲੇਖਕ ਨੇ 22 ਕਹਾਣੀਆਂ ਦਰਜ ਕੀਤੀਆਂ ਹਨ, ਜਿਸ ਵਿਚ ਅਜੇ ਤੱਕ ਲਾਵਾਂ ਨਹੀਂ ਹੋਈਆਂ, ਕੁੜੀ ਕਹਾਣੀ ਬਣਦੀ ਗਈ, ਬੱਦਲ਼ਾਂ ਹੇਠ ਛੁਪਿਆ ਸੂਰਜ, ਮੁਫ਼ਤ ਰੇਲ ਸਫ਼ਰ, ਟੇਢੀ ਲੱਕੜੀ, ਚੋਰ ਅੱਖ, ਮੇਰਠ ਵਾਲ਼ਾ ਚੰਦਰ ਪ੍ਰਕਾਸ਼, ਹਰਿਆਣੇ ਵਾਲਾ ਹਰੀਸ਼ ਕਟਾਰੀਆ, ਤਿੰਨ ਦਰਸ਼ਨੀ ਸ਼ਖ਼ਸੀਅਤਾਂ, ਉੱਥੇ ਜਾ ਕੇ ਦੇਖੀ ਜਾਊ, ਜਲੌਰਾ ਐਂਡ ਬੌਰਾ ਏਅਰਲਾਈਨ, ਲੱਲੂ ਕਰੇ ਕਵੱਲੀਆਂ, ਚੰਡੀਗੜ੍ਹ ਦੀ ਅਮੀਰਜ਼ਾਦੀ, ਪਤਾ ਤਾਂ ਲੱਗਣਾ ਹੀ ਚਾਹੀਦੈ, ਚਿਰੋਕਣੀ ਰਿਸੈਪਸ਼ਨ ਪਾਰਟੀ, ਜਗੀਰੀ, ਜਗੀਰੂ ਤੇ ਜਗੀਰ ਸਿਹੁੰ, ਦੀਸ਼ੋ ਦੀ ਭਰਜਾਈ, ਘਰ ਦਾ ਜੋਗੀ ਜੋਗੜਾ, ਕਾਰਵਾਂ ਗੁਜ਼ਰ ਗਿਆ, ਡੈਸਟੀਨੇਸ਼ਨ ਵੈਡਿੰਗ, ਧੀਏ, ਸੁਖੀ ਵੀ ਏਂ ?, ਇਕ ਦਿਨ ਦੀ ਕਮਾਈ ਸ਼ਾਮਲ ਹਨ। ਵਧੀਆ ਲਿਖਤ ਜਿਹੜੀ ਭਾਸ਼ਾ ਵਿਚ ਮਰਜ਼ੀ ਲਿਖ ਦਿਉ, ਉਹ ਕਿਸੇ ਵੀ ਵਕਤ ਕਿਸੇ ਵੀ ਦੇਸ਼ ਵਿਚ ਮਕਬੂਲ ਹੋ ਸਕਦੀ ਏ। ਵਧੀਆ ਕ੍ਰਿਤ ਜਾਂ ਲਿਖਤ ਉਹ ਹੈ, ਜਿਸਦਾ ਅਨੁਵਾਦ ਕਰਨ ਲਈ ਦੂਜੇ ਮਜਬੂਰ ਹੋ ਜਾਣ।

ਇਸ ਪੁਸਤਕ 'ਚ ਲਈਆਂ ਗਈਆਂ ਬਹੁਤੀਆਂ ਕਹਾਣੀਆਂ ਸਰਲ ਭਾਸ਼ਾਵਾਂ ਵਿਚ ਹੁੰਦੀਆਂ ਹੋਈਆਂ ਯਥਾਰਥਵਾਦੀ ਤਰੀਕੇ ਨਾਲ ਸਮਾਜ ਦੇ ਮਨੋਦ੍ਰਿਸ਼ ਦਾ ਚਿਤਰਣ ਕਰਦੀਆਂ ਹਨ। ਆਪਣੀ ਸੰਪਾਦਿਤ ਪੁਸਤਕ ਭਾਰਤੀ ਨਿੱਕੀ ਕਹਾਣੀ ਵਿਚ ਈ.ਵੀ. ਰਾਮਾਕ੍ਰਿਸ਼ਨਨ ਲਿਖਦਾ ਹੈ, "ਬਿਰਤਾਂਤ ਲਈ ਜ਼ਰੂਰੀ ਹੈ ਕਿ ਇਹ ਤੁਹਾਨੂੰ ਆਪਣੇ ਵਹਿਣ ਵਿਚ ਨਾਲ ਖਿੱਚੀ ਜਾਏ ਤੇ ਆਪਣੇ ਵਿਸਥਾਰ ਰਾਹੀਂ ਤੁਹਾਨੂੰ ਆਪਣੇ ਕਾਲਪਨਿਕ ਸੰਸਾਰ ਵਿਚ ਦਾਖ਼ਲ ਹੋਣ ਦੇਵੇ। ਜਿਸ ਢੰਗ ਨਾਲ ਛੋਟੇ-ਛੋਟੇ ਵਿਸਥਾਰ ਇਕ ਅਨੁਭਵ ਕੀਤਾ ਗੁਣ ਸਿਰਜਦੇ ਹਨ, ਨਿੱਕੀ ਕਹਾਣੀ ਵਿਚ ਇਸੇ ਨਾਲ ਹੀ ਸਾਰਾ ਫ਼ਰਕ ਪੈਂਦਾ ਹੈ। ਨਿਤਪ੍ਰਤਿ ਸੰਸਾਰ ਦਾ ਅਣਸੰਵਰਿਆ ਰੂਪ ਮੈਨੂੰ ਸਾਹਿਤ ਦੇ ਉਦਾਤ ਰੂਪ ਦੀ ਰੂਪਗਤ ਪਰਿਪੂਰਨਤਾ ਨਾਲੋਂ ਵਧੇਰੇ ਚੰਗਾ ਲੱਗਦਾ ਹੈ।' (ਅਨੁਵਾਦਕ ਗੁਰਬਖ਼ਸ਼ ਸਿੰਘ ਫਰੈਂਕ) ਜਿਥੋਂ ਤੱਕ ਵਰਤੋਂ ਦਾ ਸਵਾਲ ਹੈ, ਮੈਂ ਸਮਝਦਾ ਹਾਂ, ਪ੍ਰਤੀਕਾਂ ਦੀ ਬਹੁਤਾਤ ਕਈ ਵਾਰ ਕਹਾਣੀ ਨੂੰ ਬੋਝਲ ਬਣਾ ਦਿੰਦੀ ਹੈ। ਇਹ ਪ੍ਰਤੀਕ ਅਕਸਰ ਆਮ ਪਾਠਕਾਂ ਦੀ ਪਕੜ ਵਿਚ ਤਾਂ ਆਉਂਦੇ ਹੀ ਨਹੀਂ, ਇਥੋਂ ਤੱਕ ਕਿ ਕਈ ਵਾਰ ਪੜ੍ਹਿਆ-ਲਿਖਿਆ ਸੂਝਵਾਨ ਪਾਠਕ ਵੀ ਇਨ੍ਹਾਂ ਬੋਝਲ ਪ੍ਰਤੀਕਾਂ ਨੂੰ ਬਹੁਤਾ ਚੰਗੀ ਤਰ੍ਹਾਂ ਨਹੀਂ ਸਮਝਦਾ।

ਕਹਾਣੀਕਾਰ ਵਰਿਆਮ ਸੰਧੂ ਦਾ ਕਹਿਣਾ ਹੈ "ਪਰਵਾਸੀ ਲੇਖਕਾਂ ਵਿਚ ਕੁਝ ਚਿਰ ਤੋਂ ਪੰਜਾਬੀ ਕਹਾਣੀ ਵਿਚ ਪ੍ਰਤੀਕਾਂ ਜਾਂ ਸੰਕੇਤਾਂ ਦੀ ਭਰਮਾਰ ਵਧੀ ਹੈ। ਬੋਲੀ ਅਸਲੋਂ ਹੀ ਕਵਿਤਾ ਵਰਗੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਤੀਕਾਂ ਜਾਂ ਸੰਕੇਤਾਂ ਨੇ ਜਿਥੇ ਭਾਸ਼ਾ ਵਿਚ ਅਰਥਾਂ ਦੀ ਗਹਿਰਾਈ ਤੇ ਸੂਖਮਤਾ ਲਿਆਂਦੀ ਹੈ, ਉਥੇ ਇਨ੍ਹਾਂ ਪ੍ਰਤੀ ਬੇਲੋੜੇ ਮੋਹ ਤੇ ਉਲਾਰ ਨੇ ਅਸਪੱਸ਼ਟਤਾ ਅਤੇ ਅਣ-ਲੋੜੀਂਦੀ ਕਾਵਿਕਤਾ ਦਾ ਭਾਰ ਵੀ ਪਾਇਆ ਹੈ। ਜਿਥੇ ਇਹ ਭਾਰ ਵਧ ਗਿਆ, ਉਥੇ ਹੀ ਵਿਚਾਰੀ ਕਹਾਣੀ ਦਾ ਲੱਕ ਟੁੱਟ ਗਿਆ। ਬਿੰਬ, ਪ੍ਰਤੀਕ ਜਾਂ ਕਾਵਿਕ ਭਾਸ਼ਾ ਗਲਪ ਦੀ ਭਾਸ਼ਾ ਦਾ ਅੰਗ ਬਣ ਕੇ ਪ੍ਰਯੋਗ ਨਾ ਹੋਣ ਕਰਕੇ ਅਜਿਹੀਆਂ ਕਹਾਣੀਆਂ ਬਾਰੇ 'ਸਮਝ ਨਾ ਆਉਣ' ਦੀ ਆਮ ਸ਼ਿਕਾਇਤ ਹੈ। ਬਹੁਤੀ ਵਾਰੀ ਅਜਿਹੀਆਂ ਕਹਾਣੀਆਂ ਜ਼ਿੰਦਗੀ ਦਾ ਕੋਈ ਧੜਕਦਾ ਟੁਕੜਾ ਹੋਣ ਦੀ ਥਾਂ ਸ਼ਾਬਦਿਕ ਪਰਪੰਚ ਤੇ ਚਲਾਕੀਆਂ ਹੁੰਦੀਆਂ ਹਨ। ਇਸ ਪਰਪੰਚ ਦੇ ਉਹਲੇ ਵਿਚ ਲੇਖਕ ਵੱਲੋਂ ਆਪਣੀ ਸੀਮਾ ਕਰਕੇ ਜ਼ਿੰਦਗੀ ਦੇ ਸੱਚ ਨੂੰ ਨੰਗੇ ਰੂਪ ਵਿਚ ਦਰਸ਼ਨ ਕਰਵਾਉਣ ਦੀ ਥਾਂ ਉਹਦੇ 'ਤੇ ਪਰਦਾ ਪਾਇਆ ਜਾਂਦਾ ਹੈ ਤੇ ਅਸੀਂ ਜਾਣਦੇ ਹਾਂ ਅੱਜ ਪਰਦੇ ਦਾ ਸਮਾਂ ਨਹੀਂ, ਘੁੰਡ ਚੱਕ ਕੇ ਤੁਰਨ ਦੀ ਲੋੜ ਹੈ। ਨਹੀਂ ਤਾਂ ਹੋ ਸਕਦਾ ਹੈ, ਵਿਚਾਰੀ ਕਹਾਣੀ ਸੜਕ 'ਤੇ ਅੰਨ੍ਹੇਵਾਹ ਗੁਜ਼ਰਦੇ ਫ਼ੌਜੀ ਟਰੱਕ ਦੇ ਹਾਦਸੇ ਦਾ ਸ਼ਿਕਾਰ ਹੋ ਜਾਵੇ।"




ਲੇਖਕ ਸੰਘਾ ਨੇ ਬਹੁਤੇ ਵਿਸ਼ੇ ਪਰਵਾਸੀ ਜੀਵਨ, ਪਰਵਾਸ ਤੇ ਘਰਵਾਸ ਦੇ ਫ਼ਰਕ ਨੂੰ ਛੂੰਹਦੇ ਹਨ ਪਰੰਤੂ ਕੁਝ ਕਹਾਣੀਆਂ ਵਿਚ ਮਨੁੱਖੀ ਕਦਰਾਂ-ਕੀਮਤਾਂ ਵਿਚ ਆਏ ਨਿਘਾਰ, ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ, ਪੁਰਾਣੀ ਅਤੇ ਨਵੀਂ ਪੁਸ਼ਤ ਦਾ ਪੀੜ੍ਹੀ-ਪਾੜਾ ਤੇ ਭਾਰਤ ਜਿਹੇ ਅਰਧ ਵਿਕਸਿਤ ਦੇਸ਼ਾਂ ਵਿਚ ਨੀਵੇਂ ਪੱਧਰ ਦੇ ਸਿਆਸੀ ਵਰਤਾਰਿਆਂ ਨੂੰ ਵੀ ਸਿਰਜਣਾ ਦਾ ਵਿਸ਼ਾ ਬਣਾਉਣਾ ਹੈ। ਉਸ ਦੀਆਂ ਰਚਨਾਵਾਂ ਭਾਰਤ ਜਿਹੇ ਆਮ ਵਿਕਸਿਤ ਦੇਸ਼ਾਂ ਦੇ ਲੋਕਾਂ ਦੀ ਵਿਕਸਿਤ ਦੇਸ਼ਾਂ ਵੱਲ ਨੂੰ ਦੌੜ ਅਤੇ ਝੁਕਾਅ 'ਤੇ ਚਾਨਣਾ ਪਾਉਂਦੀਆਂ ਹਨ।

ਅਵਤਾਰ ਐੱਸ. ਸੰਘਾ ਦੇ ਰਚਨਾ ਖੇਤਰ ਬਾਰੇ ਪ੍ਰਿੰਸੀਪਲ ਸਰਵਣ ਸਿੰਘ ਲਿਖਦਾ ਹੈ ਕਿ ਉਹਦੀਆਂ ਕਹਾਣੀਆਂ ਦੇ ਵਿਸ਼ੇ ਪੰਜਾਬ ਦੇ ਆਮ ਘਰਾਂ ਤੇ ਖੇਤਾਂ ਖਲਵਾੜਿਆਂ ਤੋਂ ਲੈ ਕੇ ਪਰਦੇਸਾਂ ਦੇ ਪਾਰਕਾਂ ਤੇ ਸਟੋਰਾਂ ਤੱਕ ਪਸਰ ਗਏ ਹਨ। ਉਹਦੀ ਲਿਖਣ ਸ਼ੈਲੀ ਕਬੱਡੀ ਪਾਉਣ ਵਰਗੀ ਹੈ। ਜੋ ਪਾਠਕ ਨੂੰ ਜ਼ੋਰਾਵਰ ਜਾਫੀ ਵਾਂਗ ਜੱਫੇ 'ਚ ਲੈ ਲੈਂਦੀ ਹੈ। ਕਹਾਣੀ ਮੁੱਕਣ ਤੱਕ ਜੱਫੀ 'ਚੋਂ ਨਿਕਲਣ ਨਹੀਂ ਦਿੰਦੀ। ਹੁਣ ਉਹ ਸਿਡਨੀ ਦੀਆਂ ਕਹਾਣੀਆਂ ਤਾਂ ਪਾ ਹੀ ਰਿਹੈ, ਨਾਲ ਹੀ ਨਾਲ ਸਿਡਨੀ ਦੀਆਂ ਉੱਚੀਆਂ ਇਮਾਰਤਾਂ ਤੋਂ ਗੜ੍ਹਸ਼ੰਕਰ ਦੀਆਂ ਨੀਵੀਆਂ ਝੁੱਗੀਆਂ ਝੌਂਪੜੀਆਂ ਵੀ ਵੇਖ ਰਿਹੈ।

ਪ੍ਰੋ. ਅਵਤਾਰ ਐੱਸ. ਸੰਘਾ ਸੰਵੇਦਨਸ਼ੀਲ, ਗੰਭੀਰ ਤੇ ਬਹੁਵਿਧਾਵੀ ਲੇਖਕ ਹੈ। ਕਹਾਣੀਕਾਰ, ਵਾਰਤਾਕਾਰ, ਨਾਟਕਕਾਰ ਤੇ ਸੰਪਾਦਕ ਵਜੋਂ ਉਸ ਨੇ ਆਪਣੀ ਪਹਿਚਾਣ ਸਥਾਪਿਤ ਕੀਤੀ ਹੈ। ਹੁਣ ਉਹ ਆਪਣੇ ਨਵੇਂ ਕਹਾਣੀ ਸੰਗ੍ਰਹਿ 'ਕੁੜੀ ਕਹਾਣੀ ਬਣਦੀ ਗਈ' ਨੂੰ ਲੈ ਕੇ ਹਾਜ਼ਰ ਹੈ। ਵਿਭਿੰਨ ਵਸਤੂ ਵਰਤਾਰਿਆਂ ਨਾਲ ਸਬੰਧਤ ਇਸ ਕਹਾਣੀ ਸੰਗ੍ਰਹਿ ਵਿਚ 22 ਕਹਾਣੀਆਂ ਹਨ। ਮਨੁੱਖੀ ਜੀਵਨ ਦੀ ਜਟਿਲਤਾ ਤੇ ਜੀਵਨ ਮੁੱਲਾਂ ਦੇ ਦਵੰਦ ਨੂੰ ਲੇਖਕ ਨੇ ਬੜੀ ਹੀ ਸਹਿਜਤਾ ਨਾਲ ਪੇਸ਼ ਕੀਤਾ ਹੈ। ਇੱਕ ਕਹਾਣੀ ਦੇ ਅੰਦਰ ਹੋਰ ਕਿੰਨੀਆਂ ਹੀ ਛੋਟੀਆਂ-ਛੋਟੀਆਂ ਕਹਾਣੀਆਂ ਸਾਹ ਲੈਂਦੀਆਂ ਹਨ। ਲੇਖਕ ਦਾ ਲੰਬੇ ਸਮੇਂ ਦਾ ਅਧਿਆਪਨ ਕਾਰਜ ਦਾ ਅਨੁਭਵ ਬਹੁਤ ਸਾਰੀਆਂ ਕਹਾਣੀਆਂ ਵਿਚ ਝਲਕਾਰੇ ਮਾਰਦਾ ਹੈ। ਪੰਜਾਬੀ ਅਖਾਣ, ਮੁਹਾਵਰੇ, ਰਸਮਾਂ-ਰਿਵਾਜ਼, ਰਿਸ਼ਤੇ-ਨਾਤੇ, ਆਪਣੀ ਮਿੱਟੀ ਦਾ ਮੋਹ ਨੂੰ ਆਪਣੇ ਕਲਾਵੇ ਵਿਚ ਲੈਂਦੀਆਂ ਇਹ ਕਹਾਣੀਆਂ ਘਰਵਾਸ ਤੇ ਪਰਵਾਸ ਦੇ ਤੁਲਨਾਤਮਕ ਪ੍ਰਸੰਗ ਵੀ ਉਸਾਰਦੀਆਂ ਹਨ। ਪ੍ਰੋਫੈਸਰ ਸੰਘਾ ਦਾ ਇਹ ਕਹਾਣੀ ਸੰਗ੍ਰਹਿ ਰਿਸ਼ਤਿਆਂ ਦੇ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਮਨੋਵਿਗਿਆਨਿਕ, ਪ੍ਰੰਪਰਾਗਤ ਤੇ ਨਵੀਨ ਪਸਾਰਾ ਅਤੇ ਪ੍ਰਸਥਿਤੀਆਂ ਦੇ ਪ੍ਰਭਾਵ ਅਧੀਨ ਰਿਸ਼ਤਿਆਂ 'ਚ ਉਪਜਦੇ ਤਣਾਵਾਂ ਦੀ ਤਹਿ ਵਿਚ ਕਾਰਜਸ਼ੀਲ ਪ੍ਰੇਰਕਾਂ ਨੂੰ ਅਗਰ ਭੂਮਿਤ ਕਰਨ ਦਾ ਯਤਨ ਕਰਦਾ ਹੈ। ਤੇਜਿੰਦਰ ਕੌਰ (ਡਾ.) ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ।

ਏਕਮ ਰਸਾਲੇ ਦੀ ਸੰਪਾਦਕਾ ਅਤੇ ਉਘੀ ਲੇਖਕਾ ਅਰਤਿੰਦਰ ਸੰਧੂ ਨੇ ਵੀ ਪ੍ਰੋ: ਸੰਘਾ ਦੀਆਂ ਕਹਾਣੀਆਂ ਬਾਰੇ ਰਾਏ ਦਿੰਦਿਆ ਲਿਖਿਆ ਹੈ ਕਿ ਆਮ ਜੀਵਨ ਵਿਚ ਜਦ ਇਸਤਰੀ ਮਨੁੱਖ ਦੀ ਭਾਗੀਦਾਰ ਬਣਦੀ ਹੈ, ਤਾਂ ਹੀ ਜੀਵਨ ਸੰਪੂਰਨ ਹੁੰਦਾ ਹੈ। ਦੁਨੀਆਂ ਦਾ ਬਹੁਤਾ ਸਾਹਿਤ ਵੀ ਇਸਤਰੀ-ਮਨੁੱਖ ਦੇ ਇਸ ਵਰਤਾਰੇ ਨੂੰ ਹੀ ਚਿਤਵਦਾ ਹੈ। ਅਵਤਾਰ ਐੱਸ. ਸੰਘਾ ਦੀ ਪੁਸਤਕ 'ਕੁੜੀ ਕਹਾਣੀ ਬਣਦੀ ਗਈ' ਦਾ ਨਾਮ ਵੀ ਇਸ ਵਰਤਾਰੇ ਦੀ ਸ਼ਾਹਦੀ ਭਰਦਾ ਹੈ। ਪੁਸਤਕ ਦਾ ਨਾਮਰਕਰਣ ਚੰਗਾ ਕੀਤਾ ਗਿਆ ਹੈ। ਪੁਸਤਕ ਵਿਚ 22 ਕਹਾਣੀਆਂ ਹਨ। ਇਨ੍ਹਾਂ ਦਾ ਅੰਦਾਜ਼ ਪ੍ਰੰਪਰਾਗਤ ਤਕਨੀਕ ਤੋਂ ਵੱਖਰਾ ਹੈ ਪਰ ਇਹ ਸਾਰੀਆਂ ਕਹਾਣੀਆਂ ਜੀਵਨ ਦੇ ਕੈਨਵੱਸ 'ਤੇ ਉਭਰਦੇ ਵੱਖ-ਵੱਖ ਮਸਲਿਆਂ ਤੇ ਦ੍ਰਿਸ਼ਾਂ ਨਾਲ ਬਾਵਸਤਾ ਹਨ। ਕੁਝ ਕਹਾਣੀਆਂ ਵਿਚ ਲੇਖਕ ਸਵੈ-ਬਿਆਨੀ ਦੇ ਅੰਦਾਜ਼ ਵਿਚ ਗੱਲ ਕਰਦਿਆਂ ਕੁਝ ਪ੍ਰਸ਼ਨ ਵੀ ਉਚਾਰਦਾ ਹੈ, ਜੋ ਮਨੁੱਖੀ ਈਰਖਾ ਨਾਲ, ਬਾਹਰਲੇ ਦੇਸ਼ਾਂ ਨੂੰ ਮਨੁੱਖ ਦੀ ਦੌੜ ਨਾਲ, ਬਾਹਰ ਜਾ ਕੇ ਆਪਣੀਆਂ ਆਦਤਾਂ ਨੂੰ ਨਾ ਬਦਲਣ ਨਾਲ, ਪਿਛਲੇ ਦੇਸ਼ ਦੇ ਉਦਰੇਵੇਂ ਨਾਲ ਤੇ ਬਾਹਰਲੇ ਦੇਸ਼ ਵਿਚ ਦਰਪੇਸ਼ ਮੁਸ਼ਕਲਾਂ ਨਾਲ ਸੰਬੰਧਤ ਹਨ। ਇਨ੍ਹਾਂ ਕਹਾਣੀਆਂ ਦਾ ਦਿਲਚਸਪ ਬਿਰਤਾਂਤ ਅਤੇ ਆਮ ਬੋਲਚਾਲ ਦੀ ਭਾਸ਼ਾ ਪਾਠਕ ਨੂੰ ਆਪਣੇ ਨਾਲ ਜੋੜੀ ਰੱਖਣ ਦੇ ਸਮਰੱਥ ਹੈ। ਸਭ ਤੋਂ ਵੱਧ ਪ੍ਰਭਾਵਿਤ ਇਨ੍ਹਾਂ ਵਿਚਲੇ ਬਿਰਤਾਂਤ ਦਾ ਸੁਖਾਵਾਂ ਜਿਹਾ ਸਹਿਜ ਕਰਦਾ ਹੈ, ਜੋ ਇਸ ਪੁਸਤਕ ਦਾ ਖ਼ੂਬਸੂਰਤ ਹਾਸਲ ਹੈ। ਇਸ ਕਿਤਾਬ ਦੇ ਕੁਲ ਪੰਨੇ 160, ਮੁੱਲ 300 ਰੁ/- ਤੇ ਪ੍ਰਕਾਸ਼ਕ ਅਜ਼ਾਦ ਬੁੱਕ ਡੀਪੂ ਅੰਮ੍ਰਿਤਸਰ ਹੈ।

# ਡਾ. ਅਮਰ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ ਵਿਵਰਨਾਤਮਿਕ ਸੂਚੀ ਭਾਗ-3 ਜੀਵਤ ਸ਼ਬਦ ਵੱਲ ਇੱਕ ਪੁੱਲ

ਡਾ ਜਸਬੀਰ ਸਿੰਘ ਸਰਨਾ
jbsingh.801@gmail.com
ਪੰਜਾਬ ਮੇਲ USA

ਲਾਇਬ੍ਰੇਰੀਆਂ ਦੇ ਕੋਨਿਆਂ ਵਿਚ, ਪਿੰਡਾਂ ਦੇ ਗੁਰਦੁਆਰਿਆਂ ਦੀ ਹਨੇਰੀ ਰੌਸ਼ਨੀ ਵਿਚ ਅਤੇ ਦੂਰ-ਦੁਰਾਡੇ ਤਾਲੇ ਲੱਗੇ ਅਲਮਾਰੀਆਂ ਦੇ ਪਿੱਛੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਸਦੀਆਂ ਦੀ ਸ਼ਰਧਾ ਨਾਲ ਸਾਹ ਲੈਂਦੀਆਂ ਹਨ। ਉਹ ਆਪਣੇ ਅੰਦਰ ਨਾ ਸਿਰਫ਼ ਬ੍ਰਹਮ ਸ਼ਬਦ ਨੂੰ, ਸਗੋਂ ਲਿਖਾਰੀਆਂ ਦੀਆਂ ਉਂਗਲਾਂ ਦੇ ਨਿਸ਼ਾਨ, ਅਣਗਿਣਤ ਹੱਥਾਂ ਦੀਆਂ ਪ੍ਰਾਰਥਨਾਵਾਂ, ਕਾਰਾਂ, ਅਵਾਨਾਂ ਦੀਆਂ ਯਾਤਰਾਵਾਂ ਅਤੇ ਦੀਵਿਆਂ ਨਾਲ ਜਗਦੀਆਂ ਸਵੇਰਾਂ ਦੀ ਖੁਸ਼ਬੂ ਨੂੰ ਵੀ ਸੰਭਾਲਦੀਆਂ ਹਨ, ਜਿੱਥੇ ਗੁਰੂ ਦਾ ਸ਼ਬਦ ਪੰਜਾਬ ਦੇ ਮੈਦਾਨੀ ਇਲਾਕਿਆਂ ਅਤੇ ਇਸ ਤੋਂ ਵੀ ਪਰੇ ਗੂੰਜਦਾ ਸੀ।

ਡਾ. ਅਮਰ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ (ਵਿਵਰਨਾਤਮਿਕ ਸੂਚੀ) ਭਾਗ-3 ਇਕ ਮੋਹਰੀ ਲੜੀ ਦਾ ਨਵੀਨਤਮ ਖੰਡ ਹੈ, ਜੋ ਕਿ ਵਿਦਵਤਾ ਭਰੀ ਮਿਹਨਤ ਦੇ ਨਾਲ-ਨਾਲ ਸੇਵਾ ਦਾ ਕਾਰਜ ਵੀ ਹੈ। ਪਹਿਲੇ ਤੇ ਦੂਜੇ ਖੰਡ, ਹਰੇਕ ਵਿਚ 150 ਦੁਰਲੱਭ ਬੀੜਾਂ ਦੀ ਸੂਚੀ ਹੈ। ਮੁੱਖ ਤੌਰ 'ਤੇ ਪੰਜਾਬ ਦੇ ਅੰਦਰ ਹੱਥ-ਲਿਖਤਾਂ ਨੂੰ ਵਿਦਵਾਨਾਂ ਅਤੇ ਸੰਸਥਾਵਾਂ ਦੋਵਾਂ ਨੇ ਉਤਸੁਕਤਾ ਨਾਲ ਦੇਖਿਆ। ਇਹ ਤੀਜੀ ਜਿਲਦ ਪੰਜਾਬ ਦੀਆਂ ਸੀਮਾਵਾਂ ਤੋਂ ਪਰੇ ਹੈ, ਭਾਰਤ ਭਰ ਵਿਚ ਖਿੰਡੇ ਹੋਏ ਹੱਥ-ਲਿਖਤ ਖਰੜਿਆਂ ਨੂੰ ਇਕੱਠਾ ਕਰਦਾ ਹੈ। ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਤੋਂ ਲੈ ਕੇ ਨੰਦੇੜ ਅਤੇ ਬਿਦਰ ਦੇ ਗੁਰਦੁਆਰਿਆਂ, ਵਾਰਾਣਸੀ ਦੇ ਘਾਟਾਂ ਅਤੇ ਰਾਜਸਥਾਨ, ਉੱਤਰਪ੍ਰਦੇਸ਼, ਹਰਿਆਣਾ, ਜੰਮੂ ਅਤੇ ਕਸ਼ਮੀਰ ਅਤੇ ਦਿੱਲੀ ਦੇ ਸ਼ਾਂਤ ਹਾਲਾਂ ਤੱਕ। ਮੂਲ ਰੂਪ ਵਿਚ ਇਹ ਕਾਰਜ ਅਧਿਆਤਮਿਕ ਭੂਗੋਲ ਦਾ ਨਕਸ਼ਾ ਹੈ। ਪਿਸ਼ਾਵਰ ਨੂੰ ਢਾਕਾ ਨਾਲ ਜੋੜਨ ਵਾਲਾ ਪ੍ਰਾਚੀਨ ਵਪਾਰਕ ਰਸਤਾ, ਜਿਸ ਰਾਹੀਂ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਹੱਥ-ਲਿਖਤ ਬੀੜਾਂ ਯਾਤਰਾ ਕਰਦੀਆਂ ਅਤੇ ਵਸਦੀਆਂ ਸਨ, ਇੱਥੇ ਗੁਰੂ ਦੇ ਸੰਦੇਸ਼ ਦੇ ਇਕ ਲਾਂਘੇ ਵਜੋਂ ਉੱਭਰਦਾ ਹੈ, ਜੋ ਕਿ ਬੀੜਾਂ ਵਿਚ ਪ੍ਰਤੀਬਿੰਬਤ ਹੁੰਦਾ ਹੈ, ਜਿਨ੍ਹਾਂ ਵਿਚ ਅਕਸਰ ਪਾਠ ਹੁੰਦਾ ਹੈ। ਇਸ ਵਪਾਰਕ ਰਸਤੇ ਉੱਪਰ ਬਹੁਤਾਤ ਭਾਈ ਬੰਨੋ ਵਾਲੀਆਂ ਬੀੜਾਂ ਦੀ ਹੈ। ਡਾ. ਅਮਰ ਸਿੰਘ ਨੇ ਬੀੜਾਂ ਵਿਚ ਹੋਏ ਰੂਪਾਂਤਰਨਾਂ ਨੂੰ ਬਹੁਤ ਬਾਰੀਕੀ ਨਾਲ ਦੇਖਿਆ, ਸਮਝਿਆ ਤੇ ਪੇਸ਼ ਕੀਤਾ ਹੈ। ਸਲੋਕ ਮਹਲਾ ੯ ਦੀ ਸਥਿਤੀ, ਬੰਦਾਂ ਦੀ ਗਿਣਤੀ ਵਿਚ ਅੰਤਰ ਅਤੇ ਸੂਖਮ ਤਬਦੀਲੀਆਂ ਨੂੰ ਬਹੁਤ ਧਿਆਨ ਨਾਲ ਨੋਟ ਕਰਦੇ ਹਨ, ਜੋ ਨਾ ਸਿਰਫ਼ ਪਾਠ ਦੇ ਰੂਪਾਂਤਰਨਾਂ ਨੂੰ ਦਰਸਾਉਂਦੇ ਹਨ, ਬਲਕਿ ਸਿੱਖ ਭਾਈਚਾਰਿਆਂ ਦੀਆਂ ਜੀਵਿਤ ਹਕੀਕਤਾਂ ਨੂੰ ਵੀ ਦਰਸਾਉਂਦੇ ਹਨ, ਜਿਨ੍ਹਾਂ ਨੇ ਇਨ੍ਹਾਂ ਬੀੜਾਂ ਨੂੰ ਆਪਣੇ ਚੁੱਲ੍ਹੇ ਅਤੇ ਇਤਿਹਾਸ ਵਿਚ ਨੇੜੇ ਰੱਖਿਆ ਸੀ, ਜਿਵੇਂ ਕਿ ਆਰੰਭ ਵਿਚ ਤਤਕਰਾ, ਇਨ੍ਹਾਂ ਕੀਮਤੀ ਵੇਰਵਿਆਂ ਨੂੰ ਸ਼ੁੱਧਤਾ ਨਾਲ ਰੇਖਾਬੱਧ ਕਰਦਾ ਹੈ, ਇਹ ਕਦੇ ਵੀ ਆਪਣੀ ਸ਼ਰਧਾ ਨਹੀਂ ਗੁਆਉਂਦਾ। ਇਹ ਵਿਦਵਾਨ ਦੀ ਅੱਖ ਨੂੰ ਸ਼ਰਧਾਲੂ ਦੇ ਦਿਲ ਨਾਲ ਨਹੀਂ ਮਿਲਾਉਂਦਾ, ਸਗੋਂ ਇਹ ਉਨ੍ਹਾਂ ਨੂੰ ਸ਼ਾਂਤ ਸੰਵਾਦ ਵਿਚ ਇਕੱਠਾ ਰੱਖਦਾ ਹੈ, ਇਹ ਪੁਸ਼ਟੀ ਕਰਦਾ ਹੈ ਕਿ ਭਾਵੇਂ ਇਨ੍ਹਾਂ ਹੱਥ-ਲਿਖਤਾਂ ਦਾ ਅਧਿਐਨ ਜ਼ਰੂਰੀ ਹੈ,




ਵਿਸ਼ਵਾਸ ਦਾ ਅਟੱਲ ਲੰਗਰ ਦਮਦਮੀ ਬੀੜ ਬਣਿਆ ਹੋਇਆ ਹੈ।

ਇਸ ਜਿਲਦ ਦੀ ਤਾਕਤ ਨਾ ਸਿਰਫ਼ ਇਸਦੀ ਯੋਜਨਾਬੱਧ ਬਣਤਰ ਵਿਚ- ਹਰੇਕ ਹੱਥ-ਲਿਖਤ ਨੂੰ ਸਪੱਸ਼ਟਤਾ ਨਾਲ ਦਰਜ ਕੀਤਾ ਗਿਆ ਹੈ, ਇਸਦੇ ਹਿਰਾਸਤੀ ਘਰ ਨੂੰ ਨੋਟ ਕੀਤਾ ਗਿਆ ਹੈ, ਇਸ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਨੂੰ ਉਜਾਗਰ ਕੀਤਾ ਗਿਆ ਹੈ, ਸਗੋਂ ਇਸਦੀ ਦ੍ਰਿੜ੍ਹਤਾ ਦੇ ਬਿਰਤਾਂਤ ਵਿਚ ਵੀ ਹੈ। ਇਨ੍ਹਾਂ ਬੀੜਾਂ ਨੂੰ ਇਨ੍ਹਾਂ ਦੀਆਂ ਸੰਬੰਧਿਤ ਥਾਵਾਂ 'ਤੇ ਜਾ ਕੇ ਡਿਜੀਟਾਈਜ਼ ਕਰਨ ਦਾ ਕੰਮ, ਧੂੜ ਭਰੀਆਂ ਸੜਕਾਂ 'ਤੇ ਸਫ਼ਰ ਕਰਨਾ, ਮਾਲਕਾਂ (custodians) ਤੋਂ ਆਗਿਆ ਲੈਣ ਲਈ ਸਮਝੌਤੇ ਕਰਨਾ ਅਤੇ ਨਾਜ਼ੁਕ ਪੱਤਰਿਆਂ ਦੀ ਸਾਂਭ-ਸੰਭਾਲ ਕਰਨੀ, ਇਨ੍ਹਾਂ ਪੱਤਰਿਆਂ ਵਿਚਕਾਰ ਬੁਣੀ ਗਈ ਕਹਾਣੀ, ਜੇਕਰ ਸਿਰਫ ਇਸ਼ਾਰਾ ਕੀਤਾ ਜਾਵੇ, ਇਹ ਇਸ ਕਾਰਜ ਦੀ ਅਗਵਾਈ ਕਰਨ ਵਾਲੇ ਗੁਰੂ ਦੀ ਕਿਰਪਾ ਅਤੇ ਇਕ ਸਿੱਖ ਵਿਦਵਾਨ ਦੀ ਦ੍ਰਿੜ੍ਹ ਵਚਨਬੱਧਤਾ ਦਾ ਇਕ ਚੁੱਪ ਪਰ ਸ਼ਕਤੀਸ਼ਾਲੀ ਪ੍ਰਮਾਣ ਹੈ, ਜੋ ਜਾਣਦਾ ਹੈ ਕਿ ਵਿਰਾਸਤ ਨੂੰ ਜੇ ਸੰਭਾਲਿਆ ਨਹੀਂ ਗਿਆ, ਤਾਂ ਇਹ ਚੁੱਪ ਗੁਮਨਾਮੀ ਵਿਚ ਅਲੋਪ ਹੋਣ ਦਾ ਜ਼ੋਖਮ ਰੱਖਦੀ ਹੈ। ਸਾਹਿਤਕ ਵਿਦਵਾਨ, ਇਤਿਹਾਸਕਾਰ ਜਾਂ ਖੋਜੀ ਲਈ ਇਹ ਕਿਤਾਬ ਇਕ ਹਵਾਲਾ ਪੁਸਤਕ ਤੋਂ ਵੱਧ ਹੈ। ਇਹ ਆਧੁਨਿਕ ਪਾਠਕਾਂ ਨੂੰ ਸਦੀਆਂ ਤੋਂ ਗੁਰੂ ਦੇ ਸ਼ਬਦ ਦੀ ਜੀਵੰਤ ਨਬਜ਼ ਨਾਲ ਜੋੜਨ ਵਾਲਾ ਇਕ ਪੁਲ ਹੈ। ਹਰ ਪੰਨਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਹੱਥ-ਲਿਖਤਾਂ ਦਫ਼ਨਾਉਣ ਲਈ ਅਵਸ਼ੇਸ਼ ਨਹੀਂ ਹਨ, ਬਲਕਿ ਜੀਵਤ ਗਵਾਹੀਆਂ ਹਨ, ਜੋ ਪੰਥ ਦੇ ਨਾਲ-ਨਾਲ ਯਾਤਰਾ ਕਰਦੀਆਂ ਰਹੀਆਂ ਹਨ। ਗੁਰੂ ਦੇ ਸ਼ਬਦ ਦੇ ਸਦੀਵੀ ਸੰਦੇਸ਼ ਨੂੰ ਲੈ ਕੇ ਜਾਂਦੀਆਂ ਹੋਈਆਂ ਉਥਲ-ਪੁਥਲ ਦਾ ਸਾਹਮਣਾ ਕਰਦੀਆਂ ਰਹੀਆਂ ਹਨ।

ਇਕ ਅਜਿਹੀ ਦੁਨੀਆਂ ਵਿਚ ਜਿੱਥੇ ਸਹੂਲਤ ਲਈ ਤੇਜ਼ੀ ਨਾਲ ਡਿਜੀਟਾਈਜ਼ੇਸ਼ਨ ਕੀਤਾ ਜਾ ਰਿਹਾ ਹੈ, ਡਾ. ਅਮਰ ਸਿੰਘ ਦਾ ਕੰਮ ਡਿਜੀਟਾਈਜ਼ੇਸ਼ਨ ਨੂੰ ਸੰਭਾਲ, ਅਧਿਐਨ ਨੂੰ ਸ਼ਰਧਾ ਅਤੇ ਸੂਚੀਕਰਨ ਨੂੰ ਘਰ ਦੀ ਉਮਰ ਵਜੋਂ ਦਰਸਾਉਂਦਾ ਹੈ। ਇਹ ਇਕ ਯਾਦ ਦਿਵਾਉਂਦਾ ਹੈ ਕਿ ਸੱਚੀ ਵਿਦਵਤਾ ਉਸ ਵਿਸ਼ੇ ਦੀ ਭਾਵਨਾ ਦਾ ਸਨਮਾਨ ਕਰਦੀ ਹੈ, ਜਿਸਦੀ ਉਹ ਪੜ੍ਹਾਈ ਕਰਦੀ ਹੈ ਅਤੇ ਇਸ ਸਥਿਤੀ ਵਿਚ, ਇਹ ਗੁਰੂ ਦੇ ਸ਼ਬਦ ਦੀ ਸਦੀਵੀ ਚਮਕ ਦਾ ਸਨਮਾਨ ਕਰਦੀ ਹੈ। ਇੱਥੋਂ ਤੱਕ ਕਿ ਸਿੱਖ ਵਿਰਾਸਤ ਦੇ ਬਹੁਤ ਸਾਰੇ ਖਜ਼ਾਨਿਆਂ ਵਿਚੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਫਾਰਸੀ ਲਿੱਪੀ ਦੀਆਂ ਬੀੜਾਂ ਇਸ ਦੇ ਦੁਰਲੱਭ ਗਵਾਹ ਹਨ। ਗੁਰੂ ਜੀ ਦਾ ਸਰਵ ਵਿਆਪਕ ਸੰਦੇਸ਼, ਭਾਸ਼ਾਈ ਅਤੇ ਸੱਭਿਆਚਾਰਕ ਸਰਹੱਦਾਂ ਨੂੰ ਪਾਰ ਕਰਦਾ ਹੈ। ਦੁਨੀਆਂ ਭਰ ਵਿਚ ਖਿੰਡੇ ਹੋਏ ਇਹ ਹੱਥ-ਲਿਖਤ ਖਰੜੇ ਵਿਦਵਾਨਾਂ ਅਤੇ ਸਾਧਕਾਂ ਦੋਵਾਂ ਲਈ ਧਿਆਨ ਨਾਲ ਸੰਭਾਲ ਦੇ ਹੱਕਦਾਰ ਹਨ। ਮੈਂ ਨਿਮਰਤਾ ਨਾਲ ਡਾ. ਅਮਰ ਸਿੰਘ ਨੂੰ ਬੇਨਤੀ ਕਰਦਾ ਹਾਂ ਕਿ ਉਹ ਡਿਜ਼ੀਟਲ ਤੌਰ 'ਤੇ ਸੰਭਾਲਣ 'ਤੇ ਵਿਚਾਰ ਕਰਨ। ਭਵਿੱਖ ਦੇ ਯਤਨਾਂ ਵਿਚ ਇਨ੍ਹਾਂ ਫ਼ਾਰਸੀ ਲਿਪੀ ਦੀਆਂ ਬੀੜਾਂ ਨੂੰ ਸ਼ਾਮਲ ਕਰਨਾ, ਇਹ ਯਕੀਨੀ ਬਣਾਉਣਾ ਕਿ ਇਸ ਸਾਂਝੀ ਵਿਰਾਸਤ ਨੂੰ ਸੁਰੱਖਿਅਤ ਰੱਖਿਆ ਜਾਵੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪਹੁੰਚਯੋਗ ਬਣਾਇਆ ਜਾਵੇ।


ਉਨ੍ਹਾਂ ਸਾਰਿਆਂ ਲਈ ਜੋ ਸ਼ਬਦ ਨੂੰ ਪਿਆਰ ਕਰਦੇ ਹਨ, ਇਤਿਹਾਸ ਨੂੰ ਪਿਆਰ ਕਰਦੇ ਹਨ ਅਤੇ ਜੋ ਵਿਸ਼ਵਾਸ ਕਰਦੇ ਹਨ ਕਿ ਹੱਥ-ਲਿਖਤਾਂ ਸ਼ਰਧਾ ਦੀਆਂ ਜੀਵਤ ਕਲਾਕ੍ਰਿਤੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ (ਵਿਵਰਨਾਤਮਿਕ ਸੂਚੀ) ਭਾਗ-3 ਸਿਰਫ਼ ਪੜ੍ਹਿਆ ਨਹੀਂ ਜਾਵੇਗਾ; ਇਸਨੂੰ ਸਤਿਕਾਰ ਨਾਲ ਰੱਖਿਆ ਜਾਵੇਗਾ, ਧਿਆਨ ਨਾਲ ਵਿਚਾਰਿਆ ਜਾਵੇਗਾ ਅਤੇ ਸ਼ੁਕਰਗੁਜ਼ਾਰੀ ਨਾਲ ਯਾਦ ਕੀਤਾ ਜਵੇਗਾ।


# ਅਮਰਜੀਤ ਕੌਂਕੇ ਦਾ 'ਇਸ ਧਰਤੀ 'ਤੇ ਰਹਿੰਦਿਆਂ' ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ ਕਾਵਿ ਸੰਗ੍ਰਹਿ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਅਮਰਜੀਤ ਕੌਂਕੇ ਬਹੁ-ਵਿਧਾਵੀ, ਬਹੁ-ਭਾਸ਼ਾਈ, ਸੰਜੀਦਾ, ਸੁਜੱਗ ਤੇ ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ ਸਾਹਿਤਕਾਰ ਹੈ। ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਉਸ ਦੀਆਂ 67 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ 7 ਪੰਜਾਬੀ, 6 ਹਿੰਦੀ, ਅਨੁਵਾਦ : ਹਿੰਦੀ ਤੋਂ ਪੰਜਾਬੀ 27, ਪੰਜਾਬੀ ਤੋਂ ਹਿੰਦੀ 13, ਅੰਗਰੇਜ਼ੀ ਤੋਂ ਪੰਜਾਬੀ 2, ਸੰਪਾਦਨ 6, ਬਾਲ ਸਾਹਿਤ 5 ਅਤੇ ਦੋ ਰਸਾਲਿਆਂ ਦੇ ਸੰਪਾਦਕ ਹਨ। 'ਇਸ ਧਰਤੀ 'ਤੇ ਰਹਿੰਦਿਆਂ' ਉਸਦਾ ਕਾਵਿ ਸੰਗ੍ਰਹਿ 68ਵੀਂ ਪੁਸਤਕ ਹੈ। ਉਸਨੇ ਆਪਣੀ ਉਮਰ ਤੋਂ ਵੱਧ ਪੁਸਤਕਾਂ ਪ੍ਰਕਾਸ਼ਤ ਕਰਵਾਕੇ ਇੱਕ ਸੰਸਥਾ ਤੋਂ ਵੱਧ ਕੰਮ ਕੀਤਾ ਹੈ। ਉਹ ਕਰਮਯੋਗੀ ਸਾਹਿਤਕਾਰ ਹੈ, ਜੋ ਸਾਹਿਤ ਨੂੰ ਹੀ ਸਮਰਪਿਤ ਹੈ। ਅਮਜੀਤ ਕੌਂਕੇ ਸੰਵੇਦਨਸ਼ੀਲ ਸੰਜਮ ਨਾਲ ਲਿਖਣ ਵਾਲਾ ਸ਼ਾਇਰ ਹੈ। ਇਹ ਉਸਦਾ ਪੰਜਾਬੀ ਦਾ ਸੱਤਵਾਂ ਕਾਵਿ ਸੰਗ੍ਰਹਿ ਹੈ। 2013 ਤੋਂ ਬਾਰ੍ਹਾਂ ਸਾਲ ਬਾਅਦ ਉਸਦਾ 'ਇਸ ਧਰਤੀ 'ਤੇ ਰਹਿੰਦਿਆਂ' ਕਾਵਿ ਸੰਗ੍ਰਹਿ ਆਇਆ ਹੈ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਉਹ ਗਿਣਤੀ ਨਾਲੋਂ ਮਿਆਰੀ ਕਵਿਤਾ ਵਿਚ ਵਿਸ਼ਵਾਸ ਰੱਖਦਾ ਹੈ। ਇਸ ਕਾਵਿ ਸੰਗ੍ਰਹਿ ਵਿਚ ਉਸ ਦੀਆਂ 71 ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਕਵਿਤਾਵਾਂ ਹਨ। ਕੁੱਝ ਕੁ ਕਵਿਤਾਵਾਂ ਰੁਮਾਂਵਾਦ ਨਾਲ ਸੰਬੰਧਤ ਵੀ ਹਨ ਪ੍ਰੰਤੂ ਉਨ੍ਹਾਂ ਵਿਚੋਂ ਵੀ ਸਮਾਜਿਕ ਸਰੋਕਾਰਾਂ ਦੀ ਖ਼ੁਸ਼ਬੋ ਆਉਂਦੀ ਹੈ। ਅਮਰਜੀਤ ਕੌਂਕੇ ਦੀਆਂ ਖੁੱਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਹਨ। ਇਸ ਵਿਚਲੀਆਂ ਬਹੁਤੀਆਂ ਕਵਿਤਾਵਾਂ ਸਿੰਬਾਲਿਕ ਹਨ, ਭਾਵ ਆਮ ਪਾਠਕ ਨੂੰ ਇਉਂ ਲੱਗਦਾ ਹੈ ਕਿ ਉਹ ਕਿਸੇ ਵਿਅਕਤੀ, ਪਸ਼ੂ, ਪੰਛੀ ਜਾਂ ਵਸਤੂ ਬਾਰੇ ਗੱਲ ਕਰ ਰਿਹਾ ਹੈ, ਪ੍ਰੰਤੂ ਉਸਦੀ ਕਵਿਤਾ ਉਨ੍ਹਾਂ ਵਸਤਾਂ ਰਾਹੀਂ ਸਮਾਜ ਵਿਚ ਵਾਪਰ ਰਹੀਆਂ ਕੁਰੀਤੀਆਂ ਦੇ ਗ਼ਲਤ ਪ੍ਰਭਾਵਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰ ਰਿਹਾ ਹੁੰਦਾ ਹੈ। ਉਦਾਹਰਣ ਲਈ 'ਇੱਕ ਬਲ਼ਦੀ ਦੁਪਹਿਰ', 'ਬੋਲਣ ਦਿਉ ਉਸਨੂੰ', 'ਅਜਗਰ', 'ਬਿਸਾਤ' ਅਤੇ 'ਵਿਰਲਾਪ', 'ਮਾਂ ਦਾ ਚਿਹਰਾ' 'ਵੈਂਟੀਲੇਟਰ 'ਤੇ ਲੱਗੇ ਰਿਸ਼ਤੇ', 'ਅੰਦਰ ਮਰਿਆ ਬਸੰਤ', 'ਇੱਕ ਲਾਵਾਰਿਸ ਸਾਈਕਲ' ਆਦਿ ਕਵਿਤਾਵਾਂ। ਅਮਰਜੀਤ ਕੌਂਕੇ ਨੇ ਹਰ ਇੱਕ ਗੰਭੀਰ ਵਿਸ਼ੇ/ਮੁੱਦੇ 'ਤੇ ਕਵਿਤਾਵਾਂ ਲਿਖਕੇ ਲੋਕਾਈ ਨੂੰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਅਜੇ ਵੀ ਸੰਭਲ ਜਾਓ ਸਮਾਂ ਤੁਹਾਡੇ ਕੋਲ ਹੈ, ਤੁਸੀਂ ਆਪਣੇ ਸੱਭਿਆਚਾਰ ਤੇ ਸੰਸਕ੍ਰਿਤੀ ਨੂੰ ਬਚਾ ਲਓ, ਇਕ ਵਾਰ ਸਮਾਂ ਹੱਥੋਂ ਨਿਕਲਿਆ ਮੁੜਕੇ ਹੱਥ ਨਹੀਂ ਆਉਣਾ। ਸਮਾਜਿਕ ਤਾਣੇ-ਬਾਣੇ ਦਾ ਕੋਈ ਅਜਿਹਾ ਵਿਸ਼ਾ/ਮੁੱਦਾ/ਘਟਨਾ ਨਹੀਂ, ਜਿਸ ਬਾਰੇ ਉਸਨੇ ਕਵਿਤਾ ਨਾ ਲਿਖੀ ਹੋਵੇ। ਚਲੰਤ ਮਾਮਲਿਆਂ ਜਿਨ੍ਹਾਂ ਵਿਚ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਮਸਲੇ ਸ਼ਾਮਲ ਹੁੰਦੇ ਹਨ, ਉਨ੍ਹਾਂ ਬਾਰੇ ਉਸਦੀ ਕਲਮ ਆਪ ਮੁਹਾਰੇ ਲਿਖਣ ਲਈ ਉਤਸਕ ਹੋ ਜਾਂਦੀ ਹੈ। ਉਨ੍ਹਾਂ ਦੇ ਪ੍ਰਤੀਕਰਮ ਉਸਦੀਆਂ ਕਵਿਤਾਵਾਂ ਵਿਚ ਵੇਖੇ ਜਾ ਸਕਦੇ ਹਨ।




ਸੰਪਰਕ : ਅਮਰਜੀਤ ਕੌਂਕੇ
98773-58869,
97810-33133
160 ਪੰਨਿਆਂ, 300 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਪ੍ਰਤੀਕ ਪਬਲੀਕੇਸ਼ਨਜ਼ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।
ਸੰਪਰਕ: ਅਮਰਜੀਤ ਕੌਂਕੇ:
9814231698,
9877358869

ਆਧੁਨਿਕਤਾ ਦੇ ਯੁਗ ਵਿਚ ਮਨੁੱਖ ਅਸੰਵੇਦਨਸ਼ੀਲ ਹੋ ਗਿਆ ਹੈ। ਆਪਸੀ ਸਹਿਯੋਗ, ਸਹਿਨਸ਼ੀਲਤਾ, ਇਨਸਾਨੀਅਤ, ਕਦਰਾਂ-ਕੀਮਤਾਂ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਈਆਂ ਹਨ। ਇਸਤਰੀਆਂ ਸਦੀਆਂ ਤੋਂ ਮਨੁੱਖੀ ਹੱਕਾਂ ਤੋਂ ਵਾਂਝੀਆਂ ਕੀਤੀਆਂ ਹੋਈਆਂ, ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਨਹੀਂ, ਘਰਾਂ ਵਿਚ ਕੈਦ ਸਨ ਪ੍ਰੰਤੂ ਸਮੇਂ ਦੀ ਕਰਵਟ ਨਾਲ ਹੁਣ ਉਹ ਆਜ਼ਾਦੀ ਨਾਲ ਉਡਾਰੀਆਂ ਮਾਰਨ ਯੋਗ ਹੋ ਗਈਆਂ ਹਨ। ਉਹ ਸਾਰੀ ਉਮਰ ਸਹੁਰੇ ਪਰਿਵਾਰ ਵਿਚ ਗੁਜ਼ਾਰਦੀ, ਬੱਚੇ ਪੈਦਾ ਕਰਦੀ ਤੇ ਫਿਰ ਪਾਲਦੀ, ਕਮਾਉਂਦੀ ਹੈ, ਪ੍ਰੰਤੂ ਉਸਨੂੰ ਕੱਫਣ ਵੀ ਮਾਪਿਆਂ ਤੋਂ ਲੈਣਾ ਪੈਂਦਾ ਹੈ। ਇਹ ਔਰਤ ਦੀ ਤ੍ਰਾਸਦੀ ਹੈ। ਬਚਪਨ ਵਿਚ ਕੁੜੀਆਂ ਖਿੜੀਆਂ ਰਹਿੰਦੀਆਂ ਹਨ ਪ੍ਰੰਤੂ ਵਿਆਹ ਤੋਂ ਬਾਅਦ ਬਹੁਤ ਸਾਰੀਆਂ ਅਨੇਕਾਂ ਮੁਸ਼ਕਲਾਂ ਨਾਲ ਜੂਝਦੀਆਂ ਮੁਰਝਾ ਜਾਂਦੀਆਂ ਹਨ। ਇਹ ਅਮਰਜੀਤ ਕੌਂਕੇ ਦੀਆਂ ਕਵਿਤਾਵਾਂ ਤਿੱਖੇ ਵਿਅੰਗ ਮਾਰਦੀਆਂ ਹਨ। ਅਮਰਜੀਤ ਕੌਂਕੇ ਦੀਆਂ ਕਵਿਤਾਵਾਂ ਕਰੋਨਾ ਦੇ ਸਮੇਂ ਦੀ ਤ੍ਰਾਸਦੀ, ਗ਼ਰੀਬੀ ਦੀ ਸਮੱਸਿਆ, ਮਾਨਵੀ ਕਦਰਾਂ-ਕੀਮਤਾਂ ਦੀ ਗਿਰਾਵਟ, ਅਖੌਤੀ ਪ੍ਰਗਤੀ ਆਦਿ ਦਾ ਨਮੂਨਾ ਪੇਸ਼ ਕਰਦੀਆਂ ਹਨ।

ਆਧੁਨਿਕਤਾ ਦੇ ਯੁਗ ਵਿਚ ਮਨੁੱਖ ਅਸੰਵੇਦਨਸ਼ੀਲ ਹੋ ਗਿਆ ਹੈ। ਆਪਸੀ ਸਹਿਯੋਗ, ਸਹਿਨਸ਼ੀਲਤਾ, ਇਨਸਾਨੀਅਤ, ਕਦਰਾਂ-ਕੀਮਤਾਂ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਈਆਂ ਹਨ। ਇਸਤਰੀਆਂ ਸਦੀਆਂ ਤੋਂ ਮਨੁੱਖੀ ਹੱਕਾਂ ਤੋਂ ਵਾਂਝੀਆਂ ਕੀਤੀਆਂ ਹੋਈਆਂ, ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਨਹੀਂ, ਘਰਾਂ ਵਿਚ ਕੈਦ ਸਨ ਪ੍ਰੰਤੂ ਸਮੇਂ ਦੀ ਕਰਵਟ ਨਾਲ ਹੁਣ ਉਹ ਆਜ਼ਾਦੀ ਨਾਲ ਉਡਾਰੀਆਂ ਮਾਰਨ ਯੋਗ ਹੋ ਗਈਆਂ ਹਨ। ਉਹ ਸਾਰੀ ਉਮਰ ਸਹੁਰੇ ਪਰਿਵਾਰ ਵਿਚ ਗੁਜ਼ਾਰਦੀ, ਬੱਚੇ ਪੈਦਾ ਕਰਦੀ ਤੇ ਫਿਰ ਪਾਲਦੀ, ਕਮਾਉਂਦੀ ਹੈ, ਪ੍ਰੰਤੂ ਉਸਨੂੰ ਕੱਫਣ ਵੀ ਮਾਪਿਆਂ ਤੋਂ ਲੈਣਾ ਪੈਂਦਾ ਹੈ। ਇਹ ਔਰਤ ਦੀ ਤ੍ਰਾਸਦੀ ਹੈ। ਬਚਪਨ ਵਿਚ ਕੁੜੀਆਂ ਖਿੜੀਆਂ ਰਹਿੰਦੀਆਂ ਹਨ ਪ੍ਰੰਤੂ ਵਿਆਹ ਤੋਂ ਬਾਅਦ ਬਹੁਤ ਸਾਰੀਆਂ ਅਨੇਕਾਂ ਮੁਸ਼ਕਲਾਂ ਨਾਲ ਜੂਝਦੀਆਂ ਮੁਰਝਾ ਜਾਂਦੀਆਂ ਹਨ। ਇਹ ਅਮਰਜੀਤ ਕੌਂਕੇ ਦੀਆਂ ਕਵਿਤਾਵਾਂ ਤਿੱਖੇ ਵਿਅੰਗ ਮਾਰਦੀਆਂ ਹਨ। ਅਮਰਜੀਤ ਕੌਂਕੇ ਦੀਆਂ ਕਵਿਤਾਵਾਂ ਕਰੋਨਾ ਦੇ ਸਮੇਂ ਦੀ ਤ੍ਰਾਸਦੀ, ਗ਼ਰੀਬੀ ਦੀ ਸਮੱਸਿਆ, ਮਾਨਵੀ ਕਦਰਾਂ-ਕੀਮਤਾਂ ਦੀ ਗਿਰਾਵਟ, ਅਖੌਤੀ ਪ੍ਰਗਤੀ ਆਦਿ ਦਾ ਨਮੂਨਾ ਪੇਸ਼ ਕਰਦੀਆਂ ਹਨ। ਸਿਆਸੀ ਢਾਂਚੇ ਵਿਚ ਭ੍ਰਿਸ਼ਟਾਚਾਰ ਦੀ ਚਰਮ ਸੀਮਾ, ਮਾਨਵਤਾ ਲਈ ਖ਼ਤਰੇ ਦੀ ਘੰਟੀ ਬਣੀ ਹੋਈ ਹੈ। ਮੀਡੀਆ ਦੀ ਲਾਪ੍ਰਵਾਹੀ ਅਤੇ ਮਰੀਆਂ ਹੋਈਆਂ ਜ਼ਮੀਰਾਂ ਸਮਾਜਿਕ ਤਾਣੇ-ਬਾਣੇ 'ਤੇ ਲਾਹਣਤ ਹਨ। ਵਾਤਵਰਨ ਵਿਚ ਆਇਆ ਨਿਘਾਰ, ਜੰਗਲਾਂ ਦੀ ਕਟਾਈ, ਪਾਣੀ ਦੀ ਦੁਰਵਰਤੋਂ, ਹਵਾ, ਪਾਣੀ ਤੇ ਮਿੱਟੀ ਦਾ ਦੂਸ਼ਤ ਹੋਣਾ, ਲੁੱਟਾਂ-ਖੋਹਾਂ, ਪਰਵਾਸ, ਧੋਖੇ, ਫ਼ਰੇਬ ਪੂੰਜੀਪਤੀ, ਜੰਗਾਂ ਅਤੇ ਲਾਲਚ ਮਨੁੱਖੀ ਮਾਨਸਿਕਤਾ ਦੀ ਕਮਜ਼ੋਰੀ ਦੀਆਂ ਨਿਸ਼ਾਨੀਆਂ ਹਨ। ਇਨ੍ਹਾਂ ਦੇ ਵਿਰੋਧ ਵਜੋਂ ਇਕ-ਨਾ-ਇੱਕ ਦਿਨ ਲੋਕ ਉਠਣਗੇ। ਵਿਕਾਸ ਦੇ ਨਾਮ 'ਤੇ ਸਤਿਆਨਾਸ ਕੀਤਾ ਜਾ ਰਿਹਾ ਹੈ। ਇਸ ਕਾਵਿ ਸੰਗ੍ਰਹਿ ਦੇ ਸਿਰਲੇਖ ਵਾਲੀ ਕਵਿਤਾ 'ਇਸ ਧਰਤੀ 'ਤੇ ਰਹਿੰਦਿਆਂ' ਬਹੁਤ ਹੀ ਸੰਵੇਦਨਸ਼ੀਲ ਤੇ ਭਾਵਨਾਤਮਿਕ ਕਵਿਤਾ ਹੈ, ਜਿਸ ਵਿਚ ਸ਼ਾਇਰ ਨੇ ਸਾਹਿਤਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਸੁਜੱਗਤਾ ਨਾਲ ਨਿਭਾਉਣ ਦੀ ਤਾਕੀਦ ਕੀਤੀ ਹੈ। ਜੇਕਰ ਉਨ੍ਹਾਂ ਆਪਣੀ ਜ਼ਿੰਮੇਵਾਰੀ ਸੰਜੀਦਗੀ ਨਾਲ ਨਾ ਨਿਭਾਈ, ਤਾਂ ਉਹ ਅਕ੍ਰਿਤਘਣ ਸਾਬਤ ਹੋਣਗੇ ਤੇ ਸਮਾਜ ਉਨ੍ਹਾਂ ਨੂੰ ਮੁਆਫ਼ ਨਹੀਂ ਕਰੇਗਾ। ਸਾਹਿਤਕਾਰਾਂ ਦੀ ਕਲਮ ਇਨਕਲਾਬ ਲਿਆ ਸਕਦੀ ਹੈ। ਇਤਿਹਾਸ ਗਵਾਹ ਹੈ ਕਿ ਕਲਮ ਵਿਚ ਤਲਵਾਰ ਨਾਲੋਂ ਵੀ ਜ਼ਿਆਦਾ ਅਥਾਹ ਸ਼ਕਤੀ ਹੁੰਦੀ ਹੈ, ਜਿਹੜੀ ਰਾਜ ਭਾਗ ਬਦਲਣ ਦੀ ਸਮਰੱਥਾ ਰੱਖਦੀ ਹੈ। ਪੁਰਾਣੀਆਂ ਵਿਰਾਸਤੀ ਪ੍ਰੰਪਰਾਵਾਂ, ਖੇਡਾਂ, ਚਿੱਠੀਆਂ, ਰਿਸ਼ਤਿਆਂ ਦਾ ਨਿੱਘ, ਸਾਰਾ ਕੁਝ ਨੈੱਟ ਅਤੇ ਸੋਸ਼ਲ ਮੀਡੀਆ ਨੇ ਵਟਸਅਪ ਤੇ ਫੇਸਬੁੱਕ ਰਾਹੀਂ ਆਪਣੀ ਲਪੇਟ ਵਿਚ ਲੈ ਲਿਆ ਹੈ। ਇਹ ਸਾਡੇ ਸੱਭਿਆਚਾਰ ਨੂੰ ਖ਼ੋਰਾ ਲੱਗਣ ਦੀ ਨਿਸ਼ਾਨੀ ਹੈ। ਇਨਸਾਨ ਦਾ ਦਿਮਾਗ ਲੰਬੀ ਦੌੜ ਲਗਾ ਰਿਹਾ ਹੈ, ਇਨਸਾਨ ਨੂੰ ਆਪਣੇ ਦਿਮਾਗ ਦੀ ਯੋਗ ਵਰਤੋਂ ਕਰਨੀ ਚਾਹੀਦੀ ਹੈ। ਮਨੁੱਖ ਦੇ ਕਈ ਰੂਪ ਹਨ, ਪ੍ਰੰਤੂ ਹਉਮੈ ਨੂੰ ਤਿਲਾਂਜਲੀ ਦੇ ਕੇ ਮਾਨਵਤਾ ਦੀ ਭਲਾਈ ਵੱਲ ਰੁੱਖ ਕਰਨਾ ਚਾਹੀਦਾ ਹੈ। ਆਪਣੀ ਲਿਆਕਤ ਤੋਂ ਕੰਮ ਲੈ ਕੇ ਫ਼ੈਸਲੇ ਆਪ ਲੈਣੇ ਚਾਹੀਦੇ ਹਨ, ਦੁਨੀਆਂ ਦੋਮੂੰਹੀ ਹੈ। ਜਿਹੜਾ ਮਨੁੱਖ ਸਮੇਂ ਦੀ ਕਦਰ ਨਹੀਂ ਕਰਦਾ, ਉਹ ਭਟਕਦਾ ਹੀ ਰਹਿੰਦਾ ਹੈ, ਸਮੇਂ ਦੀ ਅਹਿਮੀਅਤ ਨੂੰ ਸਮਝਣਾ ਸਫ਼ਲਤਾ ਦੀ ਕੁੰਜੀ ਹੈ। ਮਨੁੱਖ ਵੱਲੋਂ ਨਫ਼ਰਤਾਂ ਦੇ ਬੀਜ ਬੀਜਕੇ ਸਮਾਜ ਦੀ ਬਿਹਤਰੀ ਨਹੀਂ ਹੋ ਸਕਦੀ, ਲੋਕਾਂ ਨੂੰ ਇਨਸਾਨੀਅਤ ਦੀ ਪਛਾਣ ਨਹੀਂ। ਉਹ ਆਪਣੀ ਪਛਾਣ ਵੀ ਨਹੀਂ ਕਰਦੇ ਸਾਰੀ ਉਮਰ ਕਲਪੀ ਜਾਂਦੇ ਹਨ। ਉਨ੍ਹਾਂ ਦੀ ਕਹਿਣੀ ਤੇ ਕਰਨੀ ਦਾ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਵਿਖਾਵਾ ਕੁਝ ਹੋਰ ਕਰਦੇ ਹਨ, ਇਸ ਤਰ੍ਹਾਂ ਕਰਕੇ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਰਹੇ ਹੁੰਦੇ ਹਨ। ਪਰਵਾਸ ਦਾ ਸੰਤਾਪ ਹਮੇਸ਼ਾ ਹਿਰਦੇ ਵਿਚ ਤਕਲੀਫ ਦਿੰਦਾ ਰਹਿੰਦਾ ਹੈ। ਯਾਦਾਂ ਸਾਡਾ ਸਰਮਾਇਆ ਹਨ। ਸਾਵਣ ਤੇ ਬਰਸਾਤ ਦਾ ਆਨੰਦ ਅਮੀਰ ਲੋਕਾਂ ਲਈ ਹੈ, ਪ੍ਰੰਤੂ ਗ਼ਰੀਬਾਂ ਨੂੰ ਰੋਜ਼ ਰੋਟੀ ਦੇ ਲਾਲੇ ਪੈ ਜਾਂਦੇ ਹਨ, ਕਿਉਂਕਿ ਦਿਹਾੜੀ ਮਰ ਜਾਂਦੀ ਹੈ ਤੇ ਉਨ੍ਹਾਂ ਦੇ ਘਰ ਚੋਣ ਲੱਗ ਜਾਂਦੇ ਹਨ। ਮੌਸਮ ਦੇ ਬਦਲਣ ਨਾਲ ਉਨ੍ਹਾਂ ਨੂੰ ਰੋਜ਼ੀ ਰੋਟੀ ਦਾ ਕਿੱਤਾ ਬਦਲਕੇ ਹੋਰ ਕੋਈ ਜੁਗਾੜ ਕਰਨਾ ਪੈਂਦਾ ਹੈ। ਨੌਕਰੀ ਮਨੁੱਖ ਨੂੰ ਝਮੇਲਿਆਂ, ਚਿੰਤਾਵਾਂ ਤੇ ਕੰਮ ਦੇ ਭਾਰ ਥੱਲੇ ਦੱਬ ਲੈਂਦੀ ਹੈ। ਸੇਵਾ ਮੁਕਤੀ ਦੀ ਜ਼ਿੰਦਗੀ ਦਾ ਲੁਤਫ਼ ਲੈਣ ਦਾ ਮੌਕਾ ਦਿੰਦੀ ਹੈ। ਮਨੁੱਖ ਨੂੰ ਐਵੇਂ ਡਰ ਬਣਿਆਂ ਰਹਿੰਦਾ ਹੈ ਕਿ ਕੁਝ ਚੰਗਾ ਮਾੜਾ ਨਾ ਹੋ ਜਾਵੇ, ਪ੍ਰੰਤੂ ਇਹ ਇੱਕ ਵਹਿਮ ਹੁੰਦਾ ਹੈ। ਕੁਝ ਲੋਕ ਸਮਝਦੇ ਹਨ ਕਿ ਉਨ੍ਹਾਂ ਤੋਂ ਬਿਨਾ ਦੁਨੀਆਂ ਦਾ ਕੀ ਬਣੇਗਾ, ਸੰਸਾਰ ਨੇ ਏਸੇ ਤਰ੍ਹਾਂ ਚਲਦੇ ਰਹਿਣਾ ਹੈ, ਕਿਸੇ ਦੇ ਜਾਣ ਨਾਲ ਕੋਈ ਫਰਕ ਨਹੀਂ ਪੈਂਦਾ ਪ੍ਰੰਤੂ ਜਿਸਦੇ ਇੱਕ ਵਾਰ ਬਣ ਜਾਓ ਸਦਾ ਸੰਬੰਧ ਬਰਕਰਾਰ ਰੱਖੋ। ਹਾਲਾਤ ਜ਼ਰੂਰ ਬਦਲਦੇ ਰਹਿੰਦੇ ਹਨ। ਇਨਸਾਨ ਆਪਣੇ ਗੁਨਾਹਾਂ ਕਰਕੇ ਝੂਰਦਾ ਹੋਇਆ ਉਦਾਸੀ ਦੇ ਆਲਮ ਵਿਚ ਪਹੁੰਚ ਜਾਂਦਾ ਹੈ। ਗੁਨਾਹਾਂ ਦਾ ਕਰਜ਼ ਲਾਹੁਣ ਲਈ ਪਛਤਾਵਾ ਕਰਦਾ ਰਹਿੰਦਾ ਹੈ। ਮਨੁੱਖ ਨਾਲੋਂ ਕੁੱਤਿਆਂ ਦੀ ਅਹਿਮੀਅਤ ਵੱਧ ਗਈ ਹੈ। ਰਿਸ਼ਤੇ ਸਿਰਫ਼ ਕਾਗਜ਼ੀ ਰਹਿ ਗਏ ਹਨ। ਇਸ ਤੋਂ ਇਲਾਵਾ ਕਵੀ ਨੇ ਮਨੁੱਖ ਦੇ ਬਚਪਨ ਤੋਂ ਲੈ ਕੇ ਜ਼ਿੰਦਗੀ ਦੇ ਬਦਲਦੇ ਰੰਗਾਂ ਬਾਰੇ ਲਿਖਦਿਆਂ ਦੱਸਿਆ ਹੈ ਕਿ ਬਚਪਨ ਵਿਚ ਅਧਿਆਪਕਾਂ ਦੇ ਡਰ, ਫਿਰ ਪਿਆਰ ਦੀਆਂ ਪੀਂਘਾਂ ਦਾ ਤੌਖਲਾ, ਰੋਜ਼ਗਾਰ ਦੇ ਚਕਰ, ਵਿਆਹ ਤੋਂ ਬਾਅਦ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦਾ ਰੋਜ਼ਗਾਰ, ਵਿਆਹ ਤੇ ਬੁਢਾਪੇ ਵਿਚ ਔਲਾਦ ਦੇ ਪਰਿਵਾਰਾਂ ਦੀਆਂ ਜ਼ਿੰਮੇਵਾਰੀਆਂ ਨੂੰਹਾਂ ਦੇ ਨਖ਼ਰਿਆਂ ਆਦਿ ਦਾ ਦਰਦ ਬਣਿਆਂ ਰਹਿੰਦਾ ਹੈ। ਭਾਵ ਸਾਰੀ ਉਮਰ ਬੇਚੈਨੀ ਵਿਚ ਗੁਜ਼ਰਦੀ ਹੈ। ਸੇਵਾਮੁਕਤੀ ਤੇ ਦਿਨ ਵਿਚ ਫਿਰ ਪਰਿਵਾਰ ਦੇ ਝਮੇਲੇ ਤੇ ਸਵੇਰੇ ਸ਼ਾਮ ਬਣ-ਠਣ ਕੇ ਸੈਰ ਦੇ ਸਮੇਂ ਦੁੱਖ-ਸੁੱਖ ਦੋਸਤਾਂ ਨਾਲ ਸਾਂਝ ਕਰਕੇ ਦਿਲ ਹੌਲੇ ਕੀਤੇ ਜਾਂਦੇ ਹਨ। ਪਿਆਰ ਦੇ ਢਕੌਂਸਲੇ ਲੋਕ ਬਹੁਤ ਕਰਦੇ ਹਨ ਪ੍ਰੰਤੂ ਰੂਹ ਦਾ ਪਿਆਰ ਟਾਵਾਂ ਟੱਲਾ ਹੀ ਕਰਦਾ ਹੈ। ਪਿਆਰ ਦੇ ਨਾਮ 'ਤੇ ਜਿਸਮਾਂ ਦਾ ਵਿਓਪਾਰ ਹੋ ਰਿਹਾ ਹੈ। ਪਿਆਰ ਦਾ ਪੈਂਡਾ ਬੜਾ ਕਠਿਨ ਹੁੰਦਾ ਹੈ, ਅਨੇਕਾਂ ਦੁਸ਼ਾਵਰੀਆਂ ਰਸਤਾ ਰੋਕੀ ਖੜ੍ਹੀਆਂ ਹੁੰਦੀਆਂ ਹਨ। ਮਨੁੱਖ ਦੇ ਦਿਮਾਗ ਵਿਚ ਅਵਚੇਤਨ ਤੌਰ 'ਤੇ ਬਹੁਤ ਕੁਝ ਸਮੋਇਆ ਹੁੰਦਾ ਹੈ। ਉਹ ਯਾਦਾਂ ਵੀ ਮਨੁੱਖ ਦਾ ਸਰਮਾਇਆ ਹੁੰਦੀਆਂ ਹਨ, ਉਨ੍ਹਾਂ ਦੇ ਸਹਾਰੇ ਹੀ ਆਨੰਦਮਈ ਜੀਵਨ ਗੁਜ਼ਰਦਾ ਰਹਿੰਦਾ ਹੈ। ਝੂਠ, ਬੇਈਮਾਨੀ, ਲਾਲਚ ਅਤੇ ਠੱਗੀ ਠੋਰੀ ਦੀ ਸਿੱਖਿਆ ਦੇਣ ਨਾਲ ਸਮਾਜਿਕ ਤਾਣਾ-ਬਾਣਾ ਗੰਧਲਾ ਹੋ ਜਾਵੇਗਾ, ਅਜਿਹੀਆਂ ਹਰਕਤਾਂ ਕਰਨ ਵਾਲਿਆਂ ਨੂੰ ਕਵੀ ਸੁਚੇਤ ਕਰਦਾ ਹੈ। ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਅਮਰਜੀਤ ਕੌਂਕੇ ਤੋਂ ਹੋਰ ਸਾਰਥਿਕ ਸਾਹਿਤ ਦੀ ਸਿਰਜਨਾ ਦੀ ਆਸ ਕੀਤੀ ਜਾ ਸਕਦੀ ਹੈ।

# ਕਮਜ਼ੋਰ ਸੱਚਾਈ ਅਤੇ ਮਜ਼ਬੂਤ ਝੂਠਾਂ ਦੀ ਲੜਾਈ (ਇੱਕ ਆਧੁਨਿਕ ਸਮੱਸਿਆ)

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ।
ਪੰਜਾਬ ਮੇਲUSA






ਮੌਜੂਦਾ ਯੁੱਗ ਵਿਚ ਜਾਣਕਾਰੀ ਦਾ ਬਹੁਤ ਵੱਧ ਪ੍ਰਬੰਧ ਹੈ, ਕਮਜ਼ੋਰ ਸੱਚਾਈਆਂ ਅਤੇ ਮਜ਼ਬੂਤ ਝੂਠਾਂ ਦੇ ਵਿਚਕਾਰ ਦੀ ਲੜਾਈ ਸਾਡੇ ਸਮੇਂ ਦੀ ਇੱਕ ਪਰਿਭਾਸ਼ਾ ਬਣ ਗਈ ਹੈ। ਜਿਵੇਂ ਜਾਲੀ ਜਾਣਕਾਰੀ ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਖਬਰਾਂ ਦੇ ਚੈਨਲਾਂ 'ਤੇ ਤੇਜ਼ੀ ਨਾਲ ਫੈਲਦੀ ਹੈ, ਸੱਚ ਅਤੇ ਝੂਠ ਨੂੰ ਪਛਾਣਨਾ ਲੋਕਾਂ ਲਈ ਵੱਡੀ ਚੁਣੌਤੀ ਬਣ ਗਿਆ ਹੈ। ਇਹ ਲੜਾਈ ਨਾ ਸਿਰਫ ਵਿਅਕਤੀਗਤ ਵਿਸ਼ਵਾਸਾਂ ਨੂੰ ਆਕਾਰ ਦਿੰਦੀ ਹੈ, ਸਗੋਂ ਸਮਾਜਿਕ ਨਿਯਮਾਂ, ਰਾਜਨੀਤਿਕ ਦ੍ਰਿਸ਼ਟੀਕੋਣਾਂ ਅਤੇ ਜਨ ਸਿਹਤ ਨੂੰ ਵੀ ਪ੍ਰਭਾਵਿਤ ਕਰਦੀ ਹੈ।

## ਜਾਲੀ ਜਾਣਕਾਰੀ ਦਾ ਉਭਾਰ

ਜਾਲੀ ਜਾਣਕਾਰੀ ਕੋਈ ਨਵੀਂ ਘਟਨਾ ਨਹੀਂ ਹੈ; ਪ੍ਰੰਤੂ ਡਿਜ਼ੀਟਲ ਯੁੱਗ ਨੇ ਇਸਦੀ ਪਹੁੰਚ ਅਤੇ ਪ੍ਰਭਾਵ ਨੂੰ ਵਧਾ ਦਿੱਤਾ ਹੈ। ਪਿਊ ਰਿਸਰਚ ਸੈਂਟਰ ਦੁਆਰਾ ਕੀਤੀ ਇੱਕ ਹਾਲੀਆ ਅਧਿਐਨ ਵਿਚ ਦਰਸਾਇਆ ਗਿਆ ਹੈ ਕਿ ਤਕਰੀਬਨ 64% ਅਮਰੀਕੀ ਇਹ ਮੰਨਦੇ ਹਨ ਕਿ ਨਕਲੀ ਖਬਰਾਂ ਦੀਆਂ ਕਹਾਣੀਆਂ ਬੁਨਿਆਦੀ ਤੱਥਾਂ ਬਾਰੇ ਗਲਤਫਹਿਮੀ ਪੈਦਾ ਕਰਦੀਆਂ ਹਨ। ਇਹ ਗਲਤਫਹਮੀ ਅਕਸਰ ਮਜ਼ਬੂਤ ਝੂਠਾਂ ਦੀ ਸਵੀਕਾਰਤਾ ਵਿਚ ਪਹੁੰਚ ਜਾਂਦੀ ਹੈ, ਐਸੇ ਬਿਆਨ ਜੋ ਵਿਸ਼ਵਾਸ ਅਤੇ ਵਿਸ਼ਵਾਸ ਨਾਲ ਪੇਸ਼ ਕੀਤੇ ਜਾਂਦੇ ਹਨ, ਜੋ ਕਿ ਆਪਣੇ ਸੱਚਾਈ ਦੀ ਕਮੀ ਦੇ ਬਾਵਜੂਦ, ਹੋਰਾਂ ਨੂੰ ਪ੍ਰਭਾਵਿਤ ਕਰਦੇ ਹਨ।

"ਮਜ਼ਬੂਤ ਝੂਠ ਆਮ ਤੌਰ 'ਤੇ ਜ਼ਿਆਦਾ ਆਕਰਸ਼ਕ ਹੁੰਦੇ ਹਨ ਕਿਉਂਕਿ ਇਹ ਭਾਵਨਾਵਾਂ ਅਤੇ ਪਹਿਲਾਂ ਤੋਂ ਮੌਜੂਦ ਵਿਸ਼ਵਾਸਾਂ ਨਾਲ ਗੂੰਜਦੇ ਹਨ," ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਵਿਚ ਸੰਚਾਰ ਵਿਸ਼ਾ ਮਾਹਿਰ ਡਾ. ਸਰਾਹ ਮਿਟਚੇਲ ਦੱਸਦੀਆਂ ਹਨ। "ਇਨ੍ਹਾਂ ਨੂੰ ਐਸੇ ਤਰੀਕੇ ਨਾਲ ਪੈਕੇਜ ਕੀਤਾ ਜਾ ਸਕਦਾ ਹੈ, ਜੋ ਯਕੀਨੀ ਲੱਗਦਾ ਹੈ, ਖਾਸ ਕਰਕੇ ਜਦੋਂ ਇਨ੍ਹਾਂ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਹੈ।"

## ਕਮਜ਼ੋਰ ਸੱਚਾਈਆਂ

ਇਸਦੇ ਵਿਰੁੱਧ, ਕਮਜ਼ੋਰ ਸੱਚਾਈਆਂ – ਐਸੇ ਬਿਆਨ ਜੋ ਕਿ ਸ਼ਾਇਦ ਤੱਥਾਤਮਕ ਹੁੰਦੇ ਹਨ ਪਰ ਮਜ਼ਬੂਤ ਝੂਠਾਂ ਦੇ ਭਾਵਨਾਤਮਕ ਭਾਰ ਜਾਂ ਮਨੋਹਰ ਕਹਾਣੀ ਦੀ ਘਾਟ ਹੁੰਦੀ ਹੈ, ਪ੍ਰਾਪਤ ਕਰਨ ਵਿਚ ਮੁਸ਼ਕਿਲ ਹੁੰਦੇ ਹਨ। ਇਨ੍ਹਾਂ ਸੱਚਾਈਆਂ ਨੂੰ ਅਕਸਰ ਸੰਦਰਭ, ਨੁਅੰਸ, ਅਤੇ ਆਲੋਚਨਾਤਮਕ ਸੋਚ ਦੀ ਲੋੜ ਹੁੰਦੀ ਹੈ, ਜੋ ਕਿ ਲੋਕਾਂ ਲਈ ਸੰਵੇਦਨਸ਼ੀਲ ਸਿਰਲੇਖਾਂ ਅਤੇ ਆਕਰਸ਼ਕ ਧੁਨੀਆਂ ਦੇ ਨਾਲ ਭਰਪੂਰ ਜਾਣਕਾਰੀ ਦੇ ਸਮੁੰਦਰ ਵਿਚ ਮੁਸ਼ਕਿਲ ਹੋ ਸਕਦੀ ਹੈ।

ਉਦਾਹਰਨ ਵਜੋਂ, ਕੋਵਿਡ-19 ਮਹਾਮਾਰੀ ਦੌਰਾਨ ਟੀਕੇ ਦੀ ਪ੍ਰਭਾਵਸ਼ੀਲਤਾ ਬਾਰੇ ਵਿਗਿਆਨਕ ਡਾਟਾ ਅਕਸਰ ਸੰਵੇਦਨਸ਼ੀਲ ਦਾਅਵਿਆਂ ਦੇ ਦੁਆਰਾ ਢੱਕਿਆ ਗਿਆ। ਜਦੋਂ ਕਿ ਅਧਿਐਨ ਦਰਸਾਉਂਦੇ ਹਨ ਕਿ ਟੀਕੇ ਗੰਭੀਰ ਬਿਮਾਰੀ ਦੇ ਖਤਰੇ ਨੂੰ ਬਹੁਤ ਘਟਾਉਂਦੇ ਹਨ ਪਰ ਸੰਭਾਵਿਤ ਹਾਨਿਕਾਰਕ ਪ੍ਰਭਾਵਾਂ ਦੇ ਆਲੇ-ਦੁਆਲੇ ਡਰ ਦੇ ਭਾਵਨਾ ਨੇ ਬਹੁਤ ਸਾਰੇ ਲੋਕਾਂ ਨੂੰ ਜਾਲੀ ਜਾਣਕਾਰੀ ਨੂੰ ਸਵੀਕਾਰ ਕਰਨ ਲਈ ਉਤਸ਼ਾਹਿਤ ਕੀਤਾ।

## ਸਮਾਜ 'ਤੇ ਪ੍ਰਭਾਵ

ਇਸ ਲੜਾਈ ਦੇ ਨਤੀਜੇ ਗੰਭੀਰ ਹਨ। ਰਾਜਨੀਤੀ ਦੀ ਧਰੁਵੀਕਰਨ ਤੋਂ ਲੈ ਕੇ ਜਨ ਸਿਹਤ ਦੇ ਸੰਕਟ ਤੱਕ, ਮਜ਼ਬੂਤ ਝੂਠਾਂ ਦੇ ਮੁਕਾਬਲੇ ਵਿਚ ਕਮਜ਼ੋਰ ਸੱਚਾਈਆਂ ਦੀ ਪਕੜ ਦੇ ਗਹਿਰੇ ਨਤੀਜੇ ਹਨ। ਦੁਨੀਆਂ ਭਰ ਵਿਚ ਹਾਲੀਆ ਚੋਣਾਂ ਵਿਚ ਜਾਲੀ ਜਾਣਕਾਰੀ ਮੁਹਿੰਮਾਂ ਨੇ ਜਨਤਾ ਦੀ ਰਾਏ ਨੂੰ ਬਦਲਣ ਵਿਚ ਕਾਮਯਾਬੀ ਹਾਸਲ ਕੀਤੀ, ਜਿਸ ਨਾਲ ਐਸੇ ਉਮੀਦਵਾਰ ਚੁਣੇ ਗਏ, ਜੋ ਝੂਠੇ ਨੈਰੇਟਿਵਾਂ ਨੂੰ ਵਧਾਉਂਦੇ ਹਨ। ਇਸ ਤੋਂ ਇਲਾਵਾ, ਸਾਜ਼ਿਸ਼ ਦੇ ਥਿਓਰੀਆਂ—ਅਕਸਰ ਮਜ਼ਬੂਤ ਝੂਠਾਂ 'ਤੇ ਆਧਾਰਿਤ – ਸੰਸਥਾਵਾਂ 'ਤੇ ਵਿਸ਼ਵਾਸ ਦੇ ਘਾਟ ਨੂੰ ਉਤਪੰਨ ਕਰਦੀਆਂ ਹਨ, ਜਿਸ ਵਿਚ ਸਰਕਾਰਾਂ, ਮੀਡੀਆ ਅਤੇ ਸਿਹਤ ਪ੍ਰਣਾਲੀਆਂ ਸ਼ਾਮਲ ਹਨ। ਇਹ ਵਿਸ਼ਵਾਸ ਜਲਵਾਯੂ ਬਦਲਾਅ ਅਤੇ ਟੀਕਾਕਰਨ ਦੀ ਹਿਚਕੀ ਨੂੰ ਹੱਲ ਕਰਨ ਵਾਲੀਆਂ ਕੋਸ਼ਿਸ਼ਾਂ ਨੂੰ ਮੁਸ਼ਕਿਲ ਬਣਾਉਂਦਾ ਹੈ।

## ਜਾਲੀ ਜਾਣਕਾਰੀ ਦਾ ਮੁਕਾਬਲਾ

ਇਸ ਵੱਧ ਰਹੀ ਸਮੱਸਿਆ ਦਾ ਮੁਕਾਬਲਾ ਕਰਨ ਲਈ ਵੱਖ-ਵੱਖ ਖੇਤਰਾਂ ਤੋਂ ਕੋਸ਼ਿਸ਼ਾਂ ਸਾਹਮਣੇ ਆਈਆਂ ਹਨ। ਤੱਥ-ਚੈੱਕਿੰਗ ਸੰਸਥਾਵਾਂ ਜਾਲੀ ਦਾਅਵਿਆਂ ਨੂੰ ਖੰਡਿਤ ਕਰਨ ਅਤੇ ਸਹੀ ਜਾਣਕਾਰੀ ਨੂੰ ਪ੍ਰੋਤਸਾਹਿਤ ਕਰਨ ਲਈ ਬੇਅੰਤ ਕੋਸ਼ਿਸ਼ਾਂ ਕਰ ਰਹੀਆਂ ਹਨ। ਲੋਕਾਂ ਵਿਚ ਮੀਡੀਆ ਲਿਟਰੇਸੀ ਵਧਾਉਣ ਲਈ ਸਿੱਖਣ ਸਿਖਾਉਣ ਦੇ ਪ੍ਰੋਗ੍ਰਾਮ ਲਾਗੂ ਕੀਤੇ ਜਾ ਰਹੇ ਹਨ, ਜਿਸ ਨਾਲ ਵਿਅਕਤੀਆਂ ਨੂੰ ਸਰੋਤਾਂ ਦੀ ਆਲੋਚਨਾ ਕਰਨ ਅਤੇ ਸੱਚਾਈ ਨੂੰ ਧੋਖੇ ਤੋਂ ਪਛਾਨਣ ਦੀ ਸਮਰੱਥਾ ਮਿਲਦੀ ਹੈ।

ਸੋਸ਼ਲ ਮੀਡੀਆ ਪਲੇਟਫਾਰਮ ਵੀ ਜਾਲੀ ਜਾਣਕਾਰੀ ਦੇ ਫੈਲਾਅ ਨੂੰ ਘਟਾਉਣ ਲਈ ਕਦਮ ਚੁੱਕ ਰਹੇ ਹਨ। ਟਵਿੱਟਰ, ਫੇਸਬੁੱਕ ਅਤੇ ਇੰਸਟਾਗ੍ਰਾਮ ਨੇ ਗਲਤ ਸਮੱਗਰੀ ਨੂੰ ਫਲੈਗ ਕਰਨ ਅਤੇ ਵਰਤੋਂਕਾਰਾਂ ਨੂੰ ਵਾਧੂ ਸੰਦਰਭ ਪ੍ਰਦਾਨ ਕਰਨ ਦੇ ਉਪਾਅ ਕੀਤੇ ਹਨ। ਹਾਲਾਂਕਿ ਆਲੋਚਕ ਦੱਸਦੇ ਹਨ ਕਿ ਇਹ ਕੋਸ਼ਿਸ਼ਾਂ ਅਕਸਰ ਰੋਜ਼ਾਨਾ ਪੈਦਾ ਹੋ ਰਹੀ ਸਮੱਗਰੀ ਦੀ ਭਾਰੀ ਮਾਤਰਾ ਕਾਰਨ ਕਮਜ਼ੋਰ ਰਹਿੰਦੀਆਂ ਹਨ।

## ਵਿਅਕਤੀਆਂ ਦੀ ਭੂਮਿਕਾ

ਆਖਿਰਕਾਰ ਕਮਜ਼ੋਰ ਸੱਚਾਈਆਂ ਅਤੇ ਮਜ਼ਬੂਤ ਝੂਠਾਂ ਦੇ ਵਿਚਕਾਰ ਦੀ ਲੜਾਈ ਵਿਚ ਵਿਅਕਤੀਆਂ ਤੋਂ ਸਰਗਰਮੀ ਭਰੀ ਭਾਗੀਦਾਰੀ ਦੀ ਲੋੜ ਹੈ। "ਸਾਨੂੰ ਇਕ ਸ਼ੰਕੇ ਦੇ ਸੱਭਿਆਚਾਰ ਦਾ ਵਿਕਾਸ ਕਰਨਾ ਚਾਹੀਦਾ ਹੈ, ਨਾ ਕੇਵਲ ਉਹ ਜਾਣਕਾਰੀ ਜੋ ਅਸੀਂ ਨਾ ਮਨਜ਼ੂਰ ਕਰਦੇ ਹਾਂ ਪਰ ਸਾਰੀ ਜਾਣਕਾਰੀ ਵਿਰੁੱਧ," ਡਾ. ਮਿਟਚੇਲ ਸੁਝਾਉਂਦੀਆਂ ਹਨ। "ਸਰੋਤਾਂ 'ਤੇ ਪ੍ਰਸ਼ਨ ਪੁੱਛ ਕੇ ਅਤੇ ਵੱਖ-ਵੱਖ ਨਜ਼ਰੀਆਂ ਦੀ ਖੋਜ ਕਰਕੇ, ਅਸੀਂ ਦੁਬਾਰਾ ਸੱਚਾਈ ਵੱਲ ਸੰਘਰਸ਼ ਕਰਨ ਦੀ ਸ਼ੁਰੂਆਤ ਕਰ ਸਕਦੇ ਹਾਂ।" ਜਿਵੇਂ ਸਮਾਜ ਇਸ ਚੱਲ ਰਹੀ ਲੜਾਈ ਨਾਲ ਜੂਝਦਾ ਹੈ, ਇਹ ਮਹੱਤਵਪੂਰਣ ਹੈ ਕਿ ਵਿਅਕਤੀ ਚੌਕਸ ਅਤੇ ਸ਼ਾਮਲ ਰਹਿਣ। ਜਾਲੀ ਜਾਣਕਾਰੀ ਦੇ ਖਿਲਾਫ ਲੜਾਈ ਕੇਵਲ ਤੱਥਾਂ ਲਈ ਨਹੀਂ; ਇਹ ਗੱਲਬਾਤ ਦੀ ਇਮਾਨਦਾਰੀ ਅਤੇ ਲੋਕਤੰਤਰ ਦੀ ਬੁਨਿਆਦ ਲਈ ਇੱਕ ਲੜਾਈ ਹੈ।

ਇਸ ਜਾਣਕਾਰੀ ਯੁੱਧ ਦੇ ਯੁੱਗ ਵਿਚ, ਕਮਜ਼ੋਰ ਸੱਚਾਈਆਂ ਅਤੇ ਮਜ਼ਬੂਤ ਝੂਠਾਂ ਦੇ ਵਿਚਕਾਰ ਦੀ ਲੜਾਈ ਸਾਡੇ ਸੰਸਾਰ ਨੂੰ ਜਾਰੀ ਰੱਖੇਗੀ। ਸਮਰਥਨ ਵਾਲੇ ਸੋਚ ਨੂੰ ਪਹਿਲ ਦਿੱਤਾ ਜਾਣਾ ਅਤੇ ਸੱਚਾਈ ਪ੍ਰਤੀ ਵਫਾਦਾਰੀ ਦਾ ਵਿਕਾਸ ਕਰਨਾ, ਅਸੀਂ ਇਸ ਸੁਖਦਾਇਕ ਦ੍ਰਿਸ਼ਟੀਕੋਣ ਦਾ ਸਾਹਮਣਾ ਕਰ ਸਕਦੇ ਹਾਂ ਅਤੇ ਇਕੱਠੇ ਹੋ ਕੇ ਮਜ਼ਬੂਤ ਹੋ ਸਕਦੇ ਹਾਂ।

# ਹੋਇ ਨਿਮਾਨਾ ਜਗ ਰਹਹੁ

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲUSA



ਸਿੱਖ ਵਿਚਾਰਧਾਰਾ ਵਿਚ ਨਿਮਰਤਾ ਨੂੰ ਮਨੁੱਖੀ ਜੀਵਨ ਦਾ ਅਹਿਮ ਗੁਣ ਮੰਨਿਆ ਗਿਆ ਹੈ। ਇਹ ਨਿਮਰਤਾ ਹੀ ਗੁਰਸਿੱਖੀ ਜੀਵਨ ਦਾ ਆਧਾਰ ਹੈ। ਇਹ ਵੀ ਦੱਸਿਆ ਕਿ ਨਿਮਰਤਾ ਕੇਵਲ ਵਿਖਾਵੇ ਦੀ ਨਹੀਂ, ਸਗੋਂ ਦਿਲੋਂ/ਮਨੋਂ ਹੋਣੀ ਚਾਹੀਦੀ ਹੈ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜਦੋਂ ਮਨੁੱਖ ਆਪਣੇ ਅੰਦਰੋਂ ਹੰਕਾਰ ਹਉਮੈ ਨੂੰ ਖ਼ਤਮ ਕਰ ਦੇਵੇਗਾ। ਇਹੀ ਕਾਰਨ ਹੈ ਕਿ ਗੁਰਬਾਣੀ ਵਿਚ ਹਉਮੈ ਨੂੰ ਮਾਰਨ ਜਾਂ ਤਿਆਗਣ ਪੁਰ ਖ਼ਾਸਾ ਜ਼ੋਰ ਦਿੱਤਾ ਗਿਆ ਹੈ, ਤਾਂ ਕਿ ਮਨੁੱਖ ਇਸ ਜਗ/ਸੰਸਾਰ ਵਿਚ ਨਿਮਾਣਾ ਹੋ ਕੇ ਵਿਚਰੇ ਅਤੇ ਅਜਿਹਾ ਕਰਨ ਨਾਲ ਉਸ ਨੂੰ ਸਮੂਹ ਮਨੁੱਖਾ ਜਾਤੀ ਵਿਚ ਪ੍ਰਮਾਤਮਾ ਵਿਦਮਾਨ ਦਿਖਾਈ ਦੇਣ ਲੱਗ ਪਵੇਗਾ। ਗੁਰੂ ਅਰਜਨ ਪਾਤਸ਼ਾਹ ਜੀ ਦਾ ਫ਼ੁਰਮਾਣ ਹੈ:

ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥

ਇਸ ਲਈ ਸਾਨੂੰ ਆਪਣੇ ਅੰਦਰੋਂ ਹਉਮੈ/ਮੈਂ ਜਾਂ ਹੰਕਾਰ ਦੀ ਭਾਵਨਾ ਖ਼ਤਮ ਕਰਨੀ ਹੋਵੇਗੀ। ਇਹ ਹੰਕਾਰ ਕਿਸੇ ਵੀ ਗੱਲ ਦਾ ਹੋ ਸਕਦਾ ਹੈ ਆਪਣੇ ਗਿਆਨ ਦਾ, ਸੋਝੀ ਦਾ, ਵੱਧ ਕਿਤਾਬਾਂ/ਗ੍ਰੰਥ ਪੜ੍ਹੇ ਹੋਣ ਦਾ, ਸੁਹਣੇ ਹੋਣ ਦਾ, ਆਪਣੇ ਰੁਤਬੇ ਦਾ, ਆਪਣੀ ਜਾਤ। -ਬਰਾਦਰੀ ਦਾ ਆਦਿ।

ਆਓ ਤੁਹਾਨੂੰ ਰਾਜਾ ਬਿਕ੍ਰਮਾਦਿੱਤ ਦੀ ਜੀਵਨ ਵਿਚ ਇੱਕ ਘਟਨਾ ਦੱਸਦਾ ਹਾਂ। ਕਹਿੰਦੇ ਨੇ ਇੱਕ ਵਾਰ ਦੀ ਗੱਲ ਹੈ, ਇੱਕ ਵਿਅਕਤੀ ਇੱਕ ਰਾਜ-ਭਾਗ ਵਿਚ ਘੁੰਮਦਾ-ਫਿਰਦੇ ਆਇਆ ਅਤੇ ਰਸਤਾ ਭੁੱਲ ਗਿਆ। ਅਚਾਨਕ ਉਸਨੂੰ ਇੱਕ ਵਿਅਕਤੀ ਦਿੱਸਿਆ, ਜਿਸ ਨੇ ਸਰਕਾਰੀ ਵਰਦੀ ਪਹਿਨੀ ਹੋਈ ਸੀ। ਉਹ ਵਿਅਕਤੀ ਉਸ ਆਦਮੀ ਕੋਲ ਗਿਆ, ਜੋ ਸ਼ਾਇਦ ਕੋਈ ਸਰਕਾਰੀ ਅਧਿਕਾਰੀ ਸੀ ਅਤੇ ਪੁੱਛਣ ਲੱਗਿਆ ਕਿ, 'ਮੈਂ ਪ੍ਰਦੇਸੀ ਹਾਂ ਅਤੇ ਰਸਤਾ ਭੁੱਲ ਗਿਆ ਹਾਂ, ਕ੍ਰਿਪਾ ਕਰਕੇ ਮੈਨੂੰ ਫਲਾਣੇ ਟਿਕਾਣੇ ਬਾਰੇ ਦੱਸਿਓ ਕਿ ਮੈਂ ਕਿਸ ਪਾਸੇ ਜਾਵਾਂ?' ਤਾਂ ਉਹ ਅਧਿਕਾਰੀ ਹੰਕਾਰ ਵਿਚ ਆਖਣ ਲੱਗਾ, 'ਤੈਨੂੰ ਦਿੱਸਦਾ ਨਹੀਂ, ਮੈਂ ਇੱਕ ਸਰਕਾਰੀ ਅਧਿਕਾਰੀ ਹਾਂ, ਲੋਕਾਂ ਨੂੰ ਰਸਤੇ ਦੱਸਦੇ ਫਿਰਨਾ ਮੇਰਾ ਕੰਮ ਨਹੀਂ ਹੈ।' ਤਾਂ ਉਹ ਰਾਹੀ ਨਿਮਰਤਾ ਸਹਿਤ ਆਖਣ ਲੱਗਿਆ, ਕਿ ਜੇਕਰ ਕੋਈ ਵੱਡਾ ਸਰਕਾਰੀ ਅਧਿਕਾਰੀ ਵੀ ਕਿਸੇ ਯਾਤਰੀ ਨੂੰ ਰਸਤਾ ਦੱਸ ਦੇਵੇ, ਤਾਂ ਇਸ ਵਿਚ ਕੋਈ ਬੁਰਾਈ ਨਹੀਂ ਹੈ। ਖ਼ੈਰ! ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਤੁਸੀਂ ਕਿਸ ਅਹੁਦੇ 'ਤੇ ਹੋ?' ਤਾਂ ਉਹ ਸਰਕਾਰੀ ਅਧਿਕਾਰੀ ਗੁੱਸੇ ਵਿਚ ਆਖਣ ਲੱਗਿਆ, 'ਕੀ ਤੂੰ ਅੰਨ੍ਹਾ ਹੈਂ? ਤੈਨੂੰ ਮੇਰੀ ਵਰਦੀ ਤੋਂ ਪਛਾਣ ਨਹੀਂ ਹੋਈ ਕਿ ਮੈਂ ਕੌਣ ਹਾਂ?' ਤਾਂ ਰਾਹੀ ਕਹਿਣ ਲੱਗਾ ਕੀ ਤੁਸੀਂ ਮਹੱਲ ਦੇ ਰੱਖਿਅਕ ਹੋ?' ਤਾਂ ਜੁਵਾਬ ਆਇਆ, 'ਨਹੀਂ! ਉਸ ਤੋਂ ਵੀ ਉੱਪਰ ਦੇ ਅਹੁਦੇ 'ਤੇ ਹਾਂ।' ਤਾਂ ਰਾਹੀ ਨੇ ਕਿਹਾ, 'ਫਿਰ ਤੁਸੀਂ ਸ਼ਾਹੀ ਰੱਖਿਅਕ ਹੋਵੋਗੇ?' ਤਾਂ ਅਧਿਕਾਰੀ ਬੋਲਿਆ, 'ਨਹੀਂ! ਉਸ ਤੋਂ ਵੀ ਉੱਪਰ ਹਾਂ।' ਤਾਂ ਰਾਹੀ ਨੇ ਮੁੜ ਕਿਹਾ, 'ਫਿਰ ਤਾਂ ਤੁਸੀਂ ਸੈਨਾਪਤੀ ਹੋਵੋਗੇ?' ਤਾਂ ਅਧਿਕਾਰੀ ਨੇ ਕਿਹਾ, 'ਹਾਂ! ਮੈਂ ਮਹੱਲ ਦਾ ਸੈਨਾਪਤੀ ਹਾਂ। ਹੁਣ ਤੂੰ ਸਹੀ ਪਛਾਣਿਆ ਹੈ ਕਿ ਮੈਂ ਇੱਕ ਸੈਨਾਪਤੀ ਹਾਂ, ਪਰ ਤੂੰ ਕੌਣ ਏਂ, ਜੋ ਇੰਨੇ ਸਵਾਲ ਪੁੱਛ ਰਿਹਾ ਹੈਂ?

ਤਾਂ ਉਹ ਰਾਹੀ ਆਖਣ ਲੱਗਾ ਕਿ ਮੈਂ ਵੀ ਇੱਕ ਸਰਕਾਰੀ ਅਧਿਕਾਰੀ ਹਾਂ। ਇਹ ਸੁਣ ਕੇ ਸਰਕਾਰੀ ਅਧਿਕਾਰੀ ਦਾ ਹੰਕਾਰ ਕੁਝ ਘੱਟ ਹੋਇਆ। ਹੁਣ ਸੈਨਾਪਤੀ ਸਵਾਲ ਪੁੱਛਣ ਲੱਗਿਆ, 'ਕੀ ਤੁਸੀਂ ਸੈਨਿਕ ਹੈ?' ਤਾਂ ਰਾਹੀ ਬੋਲਿਆ, 'ਨਹੀਂ, ਉਸ ਤੋਂ ਵੀ ਉੱਪਰ।' ਇਹ ਸੁਣ ਅਧਿਕਾਰੀ ਘਬਰਾ ਗਿਆ ਅਤੇ ਪੁੱਛਣ ਲੱਗਿਆ, 'ਤਾਂ ਫਿਰ ਕੋਈ ਮੰਤਰੀ ਹੋ?' ਤਾਂ ਰਾਹੀ ਨੇ ਜਵਾਬ ਦਿੱਤਾ, 'ਨਹੀਂ! ਸਾਰੇ ਸਰਕਾਰੀ ਅਧਿਕਾਰੀਆਂ ਤੋਂ ਉੱਪਰ ਹਾਂ।'

ਜਦ ਅਧਿਕਾਰੀ ਨੇ ਧਿਆਨ ਨਾਲ ਤੱਕਿਆ ਤਾਂ ਪਤਾ ਲੱਗਾ ਕਿ ਉਸਦੇ ਸਾਹਮਣੇ ਖ਼ੁਦ ਰਾਜਾ ਵਿਕ੍ਰਮਾਦਿੱਤ ਖੜ੍ਹੇ ਸਨ। ਜੋ ਭੇਸ ਬਦਲ ਕੇ ਆਪਣੀ ਪ੍ਰਜਾ/ਰਿਆਇਆ ਦਾ ਹਾਲ ਜਾਣਨ ਲਈ ਨਿਕਲੇ ਹੋਏ ਸਨ। ਉਹ ਸਰਕਾਰੀ ਅਧਿਕਾਰੀ ਰਾਜਾ ਦੇ ਪੈਰਾਂ ਉਪਰ ਡਿੱਗ ਪਿਆ ਅਤੇ ਗਿੜਗੜਾਉਂਦਾ ਹੋਇਆ ਮੁਆਫ਼ੀ ਮੰਗਣ ਲੱਗਿਆ।

ਤਾਂ ਹੀ ਸਿਆਣੇ ਕਹਿੰਦੇ ਨੇ, 'ਹੰਕਾਰਿਆ ਸੋ ਮਾਰਿਆ' ਜਾਂ 'ਹੰਕਾਰ ਦਾ ਸਿਰ ਨੀਵਾਂ' ਆਦਿ। ਇਸ ਲਈ ਸਾਨੂੰ ਕਿਸੇ ਵੀ ਤਰ੍ਹਾਂ ਦੇ ਹੰਕਾਰ ਤੋਂ ਹਮੇਸ਼ਾਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੁਰੂ ਅਰਜਨ ਪਾਤਸ਼ਾਹ ਜੀ ਸਮਝਾਉਂਦੇ ਹਨ ਕਿ, ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥ ਇਸ ਹਉਮੈ ਦੇ ਸਿੱਟੇ ਅਤੇ ਪ੍ਰਭਾਵ ਹਮੇਸ਼ਾਂ ਭੈੜੇ ਹੀ ਹੁੰਦੇ ਹਨ। ਗੁਰੂ ਨਾਨਕ ਪਾਤਸ਼ਾਹ ਜੀ ਨੇ ਸਮਝਾਇਆ ਹੈ ਕਿ ਹਉਮੈ ਤੋਂ ਕਦੇ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ, ਕਿਉਂਕਿ ਇਹ ਮਨਮਤ ਜਾਂ ਹਉਮੈ ਝੂਠੀ ਮਿਥਿਆ ਹੈ। ਸੱਚ ਕੇਵਲ ਪ੍ਰਮਾਤਮਾ ਹੈ। ਜੋ ਵਿਅਕਤੀ ਆਪਣੀ ਸੁਤੰਤਰ ਸੱਤਾ ਮੰਨਣ ਲੱਗ ਪੈਂਦੇ ਹਨ, ਉਹ ਦਵੈਤ-ਭਾਵ ਕਰਕੇ ਨਸ਼ਟ ਹੋ ਜਾਂਦੇ ਹਨ। ਹਉਮੈ ਤੋਂ ਮੁਕਤ ਹੋ ਕੇ ਸਾਧਨਾ ਉਹੀ ਕਰ ਸਕਦਾ ਹੈ, ਜਿਸ ਦੇ ਭਾਗਾਂ ਵਿਚ ਲਿਖਿਆ ਗਿਆ ਹੈ: ਹਉਮੈ ਕਰਤਿਆ ਨਹ ਸੁਖੁ ਹੋਇ॥ ਮਨਮਤਿ ਝੂਠੀ ਸਚਾ ਸੋਇ॥ ਸਗਲ ਬਿਗੂਤੇ ਭਾਵੈ ਦੋਇ॥ ਸੋ ਕਮਾਵੈ ਧੁਰਿ ਲਿਖਿਆ ਹੋਇ॥' ਇਸ ਲਈ ਆਓ! ਆਪਣੀ ਹਉਮੈ ਨੂੰ ਤਿਆਗਣ ਲਈ ਯਤਨਸ਼ੀਲ ਹੋਈਏ ਅਤੇ ਨਿਮਰ ਭਾਵ ਧਾਰਨ ਕਰੀਏ। ਗੁਰਬਾਣੀ ਦਾ ਸੰਦੇਸ਼ ਹੈ ਕਿ, 'ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥' ਭਾਵ ਜਿਹੜਾ ਮਨੁੱਖ ਆਪਣੇ ਆਪ ਨੂੰ ਨੀਵਾਂ ਸਮਝਦਾ ਹੈ, ਉਹੀ ਸਾਰਿਆਂ ਨਾਲੋਂ ਵੱਡਾ ਗਿਣਿਆ ਜਾਂਦਾ ਹੈ।

# ਵੋਟਰਾਂ ਦਾ ਸ਼ੁੱਧੀਕਰਨ ਅਤੇ ਨਾਗਰਿਕਤਾ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





2020 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਇੱਕ ਫ਼ੀਸਦੀ ਵੋਟਾਂ ਦੇ ਫੇਰਬਦਲ ਨਾਲ ਸਰਕਾਰ ਦਾ ਗਣਿਤ ਬਦਲ ਗਿਆ ਸੀ। ਕਈ ਵਿਧਾਨ ਸਭਾ ਸੀਟਾਂ ਉਤੇ ਉਮੀਦਵਾਰਾਂ ਦੀ ਜਿੱਤ ਕੁਝ ਸੈਂਕੜੇ ਵੋਟਾਂ ਤੱਕ ਸੀਮਤ ਸੀ। ਇਸ ਕਰਕੇ ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਵਿਧਾਨ ਸਭਾ ਚੋਣਾਂ 'ਚ ਮਹਿਜ਼ 4 ਕੁ ਮਹੀਨੇ ਪਹਿਲਾਂ ਵੋਟਰ ਸੂਚੀਆਂ ਦੀ ਸੁਧਾਈ ਜਾਂ ਪੁਨਰ-ਨਿਰੀਖਣ ਦਾ ਕੰਮ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਚੋਣ ਕਮਿਸ਼ਨ ਦੀ ਇਸ ਕਾਰਵਾਈ ਨਾਲ ਦੇਸ਼ ਭਰ 'ਚ ਬਵਾਲ ਮਚਿਆ ਹੋਇਆ ਹੈ। ਬਿਹਾਰ 'ਚ ਸਿਆਸੀ ਪਾਰਟੀਆਂ ਪ੍ਰੇਸ਼ਾਨ ਹਨ। ਬਿਹਾਰ ਵਿਚ ਪੁਨਰ ਨਿਰੀਖਣ ਦੇ ਨਾਂਅ 'ਤੇ ਅੱਧੇ-ਅਧੂਰੇ ਫਾਰਮ ਭਰਵਾਕੇ, ਫਾਰਮ ਦੀ ਕਾਪੀ ਪ੍ਰਾਰਥੀ ਨੂੰ ਨਾ ਦੇ ਕੇ, ਮੀਡੀਆ ਵਿਚ ਅਪੁਸ਼ਟ ਖ਼ਬਰਾਂ ਲੀਕ ਕਰਕੇ ਭਾਰਤੀ ਚੋਣ ਕਮਿਸ਼ਨ ਅਧਿਕਾਰੀ ਕੀ ਕਾਨੂੰਨ ਨਹੀਂ ਤੋੜ ਰਹੇ? ਕੀ ਇਹ "ਵੱਡੇ ਹਾਕਮਾਂ" ਵੱਲੋਂ ਮਿਲੇ ਦਿਸ਼ਾ-ਨਿਰਦੇਸ਼ ਤਾਂ ਨਹੀਂ? ਕੀ ਇਹ ਚੋਣ ਜਿੱਤਣ ਲਈ ਨਵੀਂ ਕਿਸਮ ਦੀ ਕਵਾਇਦ ਤਾਂ ਨਹੀਂ?

ਸਾਲ 1952, 1961, 1983, 1992, 2002, ਅਤੇ 2004 ਵਿਚ ਵੱਖ-ਵੱਖ ਸੂਬਿਆਂ ਵਿਚ ਅਜਿਹੀ ਵੋਟਰ ਸੁਧਾਈ ਹੋਈ ਸੀ। ਬਿਹਾਰ ਵਿਚ ਇਹ ਸੁਧਾਈ 2003 ਵਿਚ ਹੋਈ। ਪਰ ਹੁਣ ਅਚਾਨਕ ਨਾਗਰਿਕਤਾ ਪਛਾਣ ਦੇ ਨਾਂਅ 'ਤੇ ਪੁਨਰ ਮੁਲਾਂਕਣ ਕਰਵਾਉਣਾ, ਉਹ ਵੀ ਵੋਟਾਂ 'ਚ ਥੋੜ੍ਹਾ ਸਮਾਂ ਰਹਿਣ 'ਤੇ ਕੀ ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਹੈ? ਕੀ ਇਹ ਨਾਗਰਿਕਤਾ ਹੱਕ 'ਚ ਬਿਨ੍ਹਾਂ ਵਜ੍ਹਾ ਦਖ਼ਲ ਨਹੀਂ?

ਭ੍ਰਿਸ਼ਟ ਤਰੀਕੇ ਨਾਲ ਵੋਟਰ ਲਿਸਟ ਵਿਚ ਨਾਂਅ ਸ਼ਾਮਲ ਕਰਵਾਉਣਾ ਜਾਂ ਸਹੀ ਵੋਟਰਾਂ ਦਾ ਨਾਂਅ ਕਟਵਾਉਣਾ, ਕੀ ਗਲਤ ਨਹੀਂ ਹੈ? ਜਵਾਬ ਹੋਏਗਾ, ਬਿਲਕੁਲ ਗਲਤ ਹੈ। ਬਿਹਾਰ ਦੀ ਵੋਟਰ ਲਿਸਟ ਸੰਬੰਧੀ ਹੰਗਾਮੇ ਦੇ ਦੌਰਾਨ ਚੰਦਰ ਬਾਬੂ ਨਾਇਡੂ ਨੇ ਆਂਧਰਾ ਪ੍ਰਦੇਸ਼ ਅਤੇ ਦੂਜੇ ਰਾਜਾਂ ਵਿਚ ਚੋਣਾਂ ਤੋਂ ਕਾਫ਼ੀ ਸਮਾਂ ਪਹਿਲਾਂ ਵਿਗਿਆਨਕ ਤਰੀਕੇ ਨਾਲ ਸਹੀ ਵੋਟਰਾਂ ਦੀ ਪਛਾਣ ਦੀ ਮੰਗ ਕੀਤੀ ਹੈ। ਦੂਜੇ ਪਾਸੇ ਅਸਾਮ ਦੇ ਮੁੱਖ ਮੰਤਰੀ ਹਿੰਮਤ ਵਿਸਵਾ ਸ਼ਰਮਾ ਨੇ ਐੱਨ.ਆਰ.ਸੀ. ਦਾ ਰਾਗ ਛੇੜਕੇ ਸੰਵਿਧਾਨਿਕ ਮਾਮਲੇ 'ਚ ਪੇਚੀਦਗੀ ਵਧਾ ਦਿੱਤੀ ਹੈ।

ਪੱਛਮੀ ਦੇਸ਼ਾਂ ਵਿਚ ਨਾਗਰਿਕਤਾ ਦਾ ਸਖ਼ਤ ਨਿਯਮ ਹੈ, ਲੇਕਿਨ ਭਾਰਤ ਵਿਚ ਨਾਗਰਿਕਤਾ ਦਾ ਮਾਮਲਾ ਸੰਸਦੀ ਅਸਫਲਤਾ, ਸੱਤਾ ਦੀ ਸਿਆਸਤ ਅਤੇ ਪ੍ਰਸ਼ਾਸ਼ਨਿਕ ਭ੍ਰਿਸ਼ਟਾਚਾਰ ਦੀ ਬਲੀ ਚੜ੍ਹ ਰਿਹਾ ਹੈ। ਇਸ ਰੌਲੇ-ਘਚੋਲੇ ਵਿਚ ਨਾਗਰਿਕਤਾ ਸਿੱਧ ਕਰਨ ਦੀ ਜ਼ਿੰਮੇਵਾਰੀ ਕਿਸ ਦੀ ਹੈ, ਬਾਰੇ ਵੀ ਬਹਿਸ ਛਿੜ ਪਈ ਹੈ। ਕੀ ਨਾਗਰਿਕਤਾ ਸਿੱਧ ਕਰਨ ਦੀ ਜ਼ਿੰਮੇਵਾਰੀ ਭਾਰਤੀ ਚੋਣ ਕਮਿਸ਼ਨ ਦੀ ਹੈ?

ਪਿਛਲੇ ਹਫ਼ਤੇ ਸੁਪਰੀਮ ਕੋਰਟ ਵੱਲੋਂ ਬਿਹਾਰ ਵਿਚ ਵੋਟਾਂ ਦੀ ਸੁਧਾਈ ਦੀ ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਨੂੰ ਸੰਵਿਧਾਨਿਕ ਕਰਾਰ ਦਿੱਤਾ ਗਿਆ ਹੈ ਅਤੇ ਇਸਨੂੰ ਬਿਹਾਰ ਵਿਚ ਅਭਿਆਸ ਜਾਰੀ ਰੱਖਣ ਲਈ ਕਿਹਾ ਹੈ। ਭਾਰਤੀ ਚੋਣ ਕਮਿਸ਼ਨ ਨੇ ਦਾਅਵਾ ਕੀਤਾ ਹੈ ਕਿ ਬਿਹਾਰ ਵਿਚ ਵੱਡੀ ਗਿਣਤੀ ਵਿਚ ਨੇਪਾਲ, ਬੰਗਲਾਦੇਸ਼ ਅਤੇ ਮਿਆਂਮਾਰ ਦੇ ਨਾਗਰਿਕਾਂ ਦਾ ਪਤਾ ਲੱਗਾ ਹੈ, ਜਿਨ੍ਹਾਂ ਵੋਟਾਂ ਬਣਾਈਆਂ ਸਨ ਤੇ ਹੁਣ ਇਨ੍ਹਾਂ ਦੇ ਨਾਂ ਕੱਟੇ ਜਾਣਗੇ। ਚੋਣ ਕਮਿਸ਼ਨ ਨੇ ਇਹ ਐਲਾਨ ਵੀ ਕੀਤਾ ਹੈ ਕਿ ਉਹ ਅੰਤ ਵਿਚ ਦੇਸ਼-ਭਰ 'ਚ ਵੋਟਰ ਸੂਚੀਆਂ ਦੀ ਡੂੰਘਾਈ ਨਾਲ ਸਮੀਖਿਆ ਕਰੇਗਾ, ਤਾਂ ਜੋ ਵਿਦੇਸ਼ੀ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਜਨਮ ਸਥਾਨ ਦੀ ਜਾਂਚ ਕਰਕੇ ਵੋਟਰ ਸੂਚੀਆਂ 'ਚੋਂ ਕੱਟਿਆ ਜਾਵੇ।

**ਪੱਛਮੀ ਦੇਸ਼ਾਂ ਵਿਚ ਨਾਗਰਿਕਤਾ ਦਾ ਸਖ਼ਤ ਨਿਯਮ ਹੈ, ਲੇਕਿਨ ਭਾਰਤ ਵਿਚ ਨਾਗਰਿਕਤਾ ਦਾ ਮਾਮਲਾ ਸੰਸਦੀ ਅਸਫਲਤਾ, ਸੱਤਾ ਦੀ ਸਿਆਸਤ ਅਤੇ ਪ੍ਰਸ਼ਾਸ਼ਨਿਕ ਭ੍ਰਿਸ਼ਟਾਚਾਰ ਦੀ ਬਲੀ ਚੜ੍ਹ ਰਿਹਾ ਹੈ। ਇਸ ਰੌਲੇ-ਘਚੋਲੇ ਵਿਚ ਨਾਗਰਿਕਤਾ ਸਿੱਧ ਕਰਨ ਦੀ ਜ਼ਿੰਮੇਵਾਰੀ ਕਿਸ ਦੀ ਹੈ, ਬਾਰੇ ਵੀ ਬਹਿਸ ਛਿੜ ਪਈ ਹੈ। ਕੀ ਨਾਗਰਿਕਤਾ ਸਿੱਧ ਕਰਨ ਦੀ ਜ਼ਿੰਮੇਵਾਰੀ ਭਾਰਤੀ ਚੋਣ ਕਮਿਸ਼ਨ ਦੀ ਹੈ? ਪਿਛਲੇ ਹਫ਼ਤੇ ਸੁਪਰੀਮ ਕੋਰਟ ਵੱਲੋਂ ਬਿਹਾਰ ਵਿਚ ਵੋਟਾਂ ਦੀ ਸੁਧਾਈ ਦੀ ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਨੂੰ ਸੰਵਿਧਾਨਿਕ ਕਰਾਰ ਦਿੱਤਾ ਗਿਆ ਹੈ ਅਤੇ ਇਸਨੂੰ ਬਿਹਾਰ ਵਿਚ ਅਭਿਆਸ ਜਾਰੀ ਰੱਖਣ ਲਈ ਕਿਹਾ ਹੈ। ਭਾਰਤੀ ਚੋਣ ਕਮਿਸ਼ਨ ਨੇ ਦਾਅਵਾ ਕੀਤਾ ਹੈ ਕਿ ਬਿਹਾਰ ਵਿਚ ਵੱਡੀ ਗਿਣਤੀ ਵਿਚ ਨੇਪਾਲ, ਬੰਗਲਾਦੇਸ਼ ਅਤੇ ਮਿਆਂਮਾਰ ਦੇ ਨਾਗਰਿਕਾਂ ਦਾ ਪਤਾ ਲੱਗਾ ਹੈ, ਜਿਨ੍ਹਾਂ ਵੋਟਾਂ ਬਣਾਈਆਂ ਸਨ ਤੇ ਹੁਣ ਇਨ੍ਹਾਂ ਦੇ ਨਾਂ ਕੱਟੇ ਜਾਣਗੇ।**

ਦੇਸ਼ ਦੀਆਂ ਵਿਰੋਧੀ ਪਾਰਟੀਆਂ ਨੇ ਸੁਪਰੀਮ ਕੋਰਟ 'ਚ ਪਟੀਸ਼ਨਾਂ ਦਾਇਰ ਕੀਤੀਆਂ ਹਨ। ਕੇਸਾਂ ਦੀ ਸੁਣਵਾਈ 28 ਜੁਲਾਈ ਸੁਪਰੀਮ ਕੋਰਟ 'ਚ ਨੀਅਤ ਹੈ। ਵਿਰੋਧੀ ਧਿਰ ਦੀਆਂ ਪਟੀਸ਼ਨਾਂ 'ਚ ਦਾਅਵਾ ਕੀਤਾ ਗਿਆ ਕਿ ਇਹ ਪੂਰਾ ਅਮਲ, ਯੋਗ ਨਾਗਰਿਕਾਂ ਨੂੰ ਉਨ੍ਹਾਂ ਦੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰ ਦੇਵੇਗਾ। ਸੰਵਿਧਾਨ ਦੀ ਧਾਰਾ-5 ਜਨਮ ਅਤੇ ਜਨਮ ਸਥਾਨ ਦੇ ਅਧਾਰ 'ਤੇ ਆਪਣੇ ਆਪ ਨਾਗਰਿਕਤਾ ਦਿੰਦੀ ਹੈ ਅਤੇ ਧਾਰਾ-326 ਇਸਦੀ ਲਗਾਤਾਰਤਾ ਪੱਕਿਆਂ ਕਰਦੀ ਹੈ। ਜਨਮ ਅਤੇ ਜਨਮ ਸਥਾਨ ਨੂੰ ਲੈ ਕੇ ਜੇਕਰ ਕੋਈ ਵਿਵਾਦ ਹੈ, ਤਾਂ ਇਹ ਸੂਬੇ ਦੀ ਜ਼ਿੰਮੇਵਾਰੀ ਹੈ, ਨਾ ਕਿ ਨਾਗਰਿਕਾਂ ਦੀ ਕਿ ਉਹ ਇਹ ਸਿੱਧ ਕਰੇ ਕਿ ਫਲਾਣਾ ਬੰਦਾ ਭਾਰਤ ਦਾ ਨਾਗਰਿਕ ਹੈ ਕਿ ਨਹੀਂ। ਅਸੀਂ ਨਾਗਰਿਕਤਾ ਦੇ ਲਈ ਸੰਬੰਧਤ ਸੂਬੇ ਦੇ ਸਾਹਮਣੇ ਅਰਜ਼ੀ ਨਹੀਂ ਦੇ ਸਕਦੇ ਅਤੇ ਇਹ ਨਾਗਰਿਕਤਾ ਜੀਵਨ ਭਰ ਰਹਿੰਦੀ ਹੈ। ਫਿਰ ਉਸ ਤੋਂ ਬਾਅਦ ਨਾਗਰਿਕਤਾ ਦੇ ਮਾਮਲੇ 'ਤੇ ਕਿਸੇ ਵੀ ਸੂਬੇ 'ਤੇ ਵਿਵਾਦ ਦੇ ਲਈ ਕੇਂਦਰ ਦਾ ਗ੍ਰਹਿ ਵਿਭਾਗ ਹੈ, ਜਿਸਨੂੰ ਦੇਸ਼ ਦੀ ਸੁਪਰੀਮ ਕੋਰਟ ਨੇ ਸਪੱਸ਼ਟ ਰੂਪ 'ਚ ਸਾਰੀਆਂ ਪਟੀਸ਼ਨਾਂ ਦੀ ਸੁਣਵਾਈ ਦੌਰਾਨ ਸਪੱਸ਼ਟ ਕਰ ਦਿੱਤਾ ਹੈ ਕਿ ਅਪਰਾਧ ਨਿਆਂ ਸ਼ਾਸਤਰ ਵਿਚ ਅਪਰਾਧ ਸਿੱਧ ਕਰਨ ਦੀ ਜ਼ਿੰਮੇਵਾਰੀ ਆਰੋਪ ਲਾਉਣ ਵਾਲੇ ਦੀ ਹੈ, ਨਾ ਕਿ ਜਿਸ ਉਤੇ ਆਰੋਪ ਲੱਗਦਾ ਹੈ ਉਸਦੀ। ਜੇਕਰ ਕੋਈ ਵਿਅਕਤੀ ਪਿਛਲੀਆਂ ਆਮ ਚੋਣਾਂ ਵਿਚ ਵੋਟਰ ਸੀ, ਤਾਂ ਉਸ ਨੂੰ ਫਿਰ ਕੁਝ ਚੁਣੇ ਹੋਏ ਸਬੂਤਾਂ, ਕਾਗਜ਼ਾਂ ਪੱਤਰਾਂ ਦੇ ਆਧਾਰ 'ਤੇ ਆਪਣਾ ਵੋਟਰ ਹੋਣ ਦਾ ਅਧਿਕਾਰ ਸਿੱਧ ਕਰਨ ਲਈ ਕਹਿਣਾ ਧਾਰਾ-326 ਦੀ ਉਲੰਘਣਾ ਹੈ।

ਨਾਗਰਿਕਤਾ ਦੇ ਮਾਮਲੇ 'ਚ ਕੁਝ ਬਿੰਦੂਆਂ ਨੂੰ ਸਮਝਣ ਦੀ ਲੋੜ ਹੈ। ਸਾਲ 1951 ਵਿਚ ਮਰਦਮਸ਼ੁਮਾਰੀ ਦੇ ਅਨੁਸਾਰ ਪਹਿਲਾ ਰਾਸ਼ਟਰੀ ਨਾਗਰਿਕ ਰਜਿਸਟਰ (ਐੱਨ.ਆਰ.ਸੀ.) ਬਣਿਆ। ਪਰ ਉਸ ਤੋਂ ਬਾਅਦ ਇਹ ਅਪਡੇਟ ਨਹੀਂ ਹੋ ਸਕਿਆ। ਨਾਗਰਿਕਤਾ ਕਾਨੂੰਨ ਦੇ ਅਨੁਸਾਰ 2003 ਵਿਚ ਐੱਨ.ਆਰ.ਸੀ. ਸੋਧਾਂ ਨੂੰ ਲਾਗੂ ਕਰਨ ਦੀ ਮੁਹਿੰਮ 2019 ਵਿਚ ਸੁਪਰੀਮ ਕੋਰਟ ਦੇ ਠੰਡੇ ਬਸਤੇ 'ਚ ਚਲੀ ਗਈ। ਅਸਾਮ ਸਮਝੌਤਾ ਲਾਗੂ ਕਰਨ ਲਈ ਨਾਗਰਿਕਤਾ ਕਾਨੂੰਨ 'ਚ ਜੋੜੀ ਗਈ ਧਾਰਾ 6-ਏ ਨੂੰ ਸੁਪਰੀਮ ਕੋਰਟ ਦੀ ਸੰਵਿਧਾਨਿਕ ਬੈਂਚ ਨੇ ਪਿਛਲੇ ਸਾਲ ਸਹੀ ਠਹਿਰਾਇਆ। ਪਰ ਸੁਪਰੀਮ ਕੋਰਟ ਵੱਲੋਂ ਨਾਗਰਿਕਤਾ ਨਾਲ ਜੁੜੇ ਅਨੇਕਾਂ ਪੈਂਡਿੰਗ ਪਏ ਮਾਮਲਿਆਂ ਦੀ ਸੁਣਵਾਈ ਅਤੇ ਫ਼ੈਸਲਿਆਂ ਲਈ ਸੁਪਰੀਮ ਕੋਰਟ ਕਈ ਸਾਲਾਂ ਤੋਂ ਸੰਵਿਧਾਨਿਕ ਬੈਂਚ ਹੀ ਨਹੀਂ ਬਣਾ ਸਕੀ। ਭਾਵੇਂ ਕਿ ਹੁਣ ਬਿਹਾਰ ਵਿਚ ਵੋਟਰ ਸੂਚੀਆਂ ਦੀ ਸੱਚਾਈ ਜਾਨਣ ਲਈ ਚੋਣਾਂ ਤੋਂ ਪਹਿਲਾਂ ਪੁਨਰ ਨਿਰੀਖਣ ਕਰਵਾਉਣ ਲਈ ਚੋਣ ਕਮਿਸ਼ਨ ਨੂੰ ਨਸੀਹਤ ਦਿੱਤੀ ਹੈ।

ਜਨਸੰਖਿਆ ਦਾ ਕਾਨੂੰਨ 1948 ਵਿਚ ਬਣਿਆ। ਲੇਕਿਨ ਰਾਸ਼ਟਰੀ ਜਨਸੰਖਿਆ ਰਜਿਸਟਰ (ਐੱਨ.ਆਰ.ਸੀ.) ਦੇ ਲਈ 2003 ਵਿਚ ਜਾ ਕੇ ਨਿਯਮ ਬਣੇ। ਉਸਦੇ ਅਨੁਸਾਰ ਭਾਰਤ ਵਿਚ ਸਾਰੇ ਨਿਵਾਸੀਆਂ ਲਈ ਐੱਨ.ਸੀ.ਆਰ. ਵਿਚ ਰਜਿਸਟਰੇਸ਼ਨ ਜ਼ਰੂਰੀ ਹੈ। 2010 ਵਿਚ ਪਹਿਲਾਂ ਐੱਨ.ਸੀ.ਆਰ. ਤਿਆਰ ਹੋਣ ਦੇ ਪੰਜ ਸਾਲ ਬਾਅਦ ਅਪਡੇਟ ਕੀਤਾ ਗਿਆ। ਲੇਕਿਨ ਆਧਾਰ ਕਾਰਡ ਦੇ ਵਾਂਗਰ ਐੱਨ.ਸੀ.ਆਰ. ਵਿਚ ਵੇਰਵਾ ਹੋਣਾ ਨਾਗਰਿਕਤਾ ਦਾ ਅਧਿਕਾਰਕ ਸਬੂਤ ਨਹੀਂ ਹੈ।

ਸੀ.ਏ.ਏ. (ਨਾਗਰਿਕਤਾ ਸੰਸ਼ੋਧਨ ਕਾਨੂੰਨ) ਨੂੰ ਦਸੰਬਰ 2019 ਵਿਚ ਮਨਜ਼ੂਰੀ ਮਿਲੀ। ਉਸਦੇ ਅਨੁਸਾਰ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾਦੇਸ਼ ਤੋਂ ਗ਼ੈਰ-ਮੁਸਲਿਮ, ਧਾਰਮਿਕ ਘੱਟ ਗਿਣਤੀ ਸ਼ਰਨਾਰਥੀਆਂ ਨੂੰ ਭਾਰਤ ਵਿਚ ਨਾਗਰਿਕਤਾ ਮਿਲ ਸਕਦੀ ਹੈ। ਉਸ ਕਾਨੂੰਨ ਦੇ ਅਨੁਸਾਰ ਸ਼ਰਨਾਰਥੀ ਨੂੰ ਨਾਗਰਿਕਤਾ ਲੈਣ ਲਈ ਭਾਰਤ ਵਿਚ ਰਿਹਾਇਸ਼ ਦੇ ਸਬੂਤ ਦੇ ਤੌਰ 'ਤੇ 20 ਕਿਸਮ ਦੇ ਦਸਤਾਵੇਜ਼ਾਂ ਵਿਚੋਂ ਇੱਕ ਅਤੇ ਗੁਆਂਢੀ ਦੇਸ਼ਾਂ ਦੇ ਰਿਹਾਇਸ਼ ਦੇ ਸਬੂਤਾਂ ਦੇ ਤੌਰ 'ਤੇ 9 ਵਿਚੋਂ ਇੱਕ ਦਸਤਾਵੇਜ਼ ਦੇਣ ਦੀ ਜ਼ਰੂਰਤ ਹੈ।

ਸੀ.ਏ.ਏ. ਅਤੇ ਰੋਹੰਗੇ ਸ਼ਰਨਾਰਥੀਆਂ ਦੇ ਮਾਮਲੇ ਸੁਪਰੀਮ ਕੋਰਟ ਵਿਚ ਲਮਕੇ ਪਏ ਹਨ। ਇਸ ਲਈ ਵੋਟਰ ਲਿਸਟ ਵਿਚ ਪਛਾਣ ਦੇ ਬਾਵਜੂਦ ਵਿਦੇਸ਼ੀ ਲੋਕਾਂ ਦੇ ਖਿਲਾਫ਼ ਉਨ੍ਹਾਂ ਨੂੰ ਦੇਸ਼ ਨਿਕਾਲੇ ਦੀ ਕਾਰਵਾਈ ਲਈ ਗ੍ਰਹਿ ਮੰਤਰਾਲਾ ਹੀ ਐਕਸ਼ਨ ਲੈ ਸਕਦਾ ਹੈ।

ਸੁਪਰੀਮ ਕੋਰਟ ਨੇ ਅਗਸਤ 2013 ਵਿਚ ਕਿਹਾ ਸੀ ਕਿ ਆਧਾਰ ਕਾਰਡ ਦੇ ਜ਼ਰੂਰੀ ਨਾ ਹੋਣ ਬਾਰੇ ਭਾਰਤ ਸਰਕਾਰ ਮੀਡੀਆ 'ਚ ਪ੍ਰਚਾਰ ਕਰੇ ਪਰ ਅਦਾਲਤ ਦੇ ਅਨੇਕਾਂ ਹੁਕਮਾਂ ਦੇ ਬਾਵਜੂਦ ਸਰਕਾਰ ਨੇ ਆਧਾਰ ਕਾਰਡ ਨੂੰ ਪਿਛਲੇ ਦਰਵਾਜ਼ੇ ਰਾਹੀਂ ਜ਼ਰੂਰੀ ਬਣਾ ਦਿੱਤਾ। ਜਾਂਚ ਤੋਂ ਬਿਨ੍ਹਾਂ ਨਿੱਜੀ ਏਜੰਸੀਆਂ ਰਾਹੀਂ ਬਣਾਏ ਗਏ ਆਧਾਰ ਕਾਰਡ ਹੁਣ ਸਰਕਾਰ ਤੋਂ ਬਿਨ੍ਹਾਂ ਭਾਰਤੀ ਚੋਣ ਕਮਿਸ਼ਨ ਦੇ ਗਲੇ ਦੀ ਹੱਡੀ ਬਣੇ ਹੋਏ ਹਨ।

ਸੁਪਰੀਮ ਕੋਰਟ ਦੇ ਪੁਰਾਣੇ ਫ਼ੈਸਲੇ ਅਨੁਸਾਰ ਵੋਟਰ ਲਿਸਟ ਦੀ ਆੜ ਵਿਚ ਚੋਣ ਕਮਿਸ਼ਨ ਨਾਗਰਿਕਤਾ ਦੀ ਪੜਤਾਲ ਨਹੀਂ ਕਰ ਸਕਦਾ। ਐੱਨ.ਆਰ.ਸੀ. ਅਤੇ ਨਾਗਰਿਕਤਾ ਦਾ ਮਾਮਲਾ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਦੇ ਅਧੀਨ ਹੈ। 18 ਸਾਲ ਦੀ ਉਮਰ ਤੋਂ ਉਪਰ ਨਾਗਰਿਕਾਂ ਦੇ ਨਾਂ ਵੋਟਰ ਲਿਸਟ ਵਿਚ ਸ਼ਾਮਲ ਕਰਨ ਦੇ ਬਾਰੇ ਵਿਚ ਚੋਣ ਕਮਿਸ਼ਨ ਨੂੰ ਸੰਵਿਧਾਨ ਅਨੁਸਾਰ ਪੂਰੇ ਹੱਕ ਹਨ। ਬਿਨ੍ਹਾਂ ਸ਼ੱਕ ਆਜ਼ਾਦਾਨਾ, ਪਾਰਦਰਸ਼ੀ ਅਤੇ ਨਿਰਪੱਖ ਤਰੀਕੇ ਨਾਲ ਵੋਟਰ ਲਿਸਟ ਦਾ ਸ਼ੁੱਧੀਕਰਨ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ। ਪਰ ਨਾਗਰਿਕਤਾ ਚੋਣ ਜਾਂ ਰੱਦ ਕਰਨ ਦਾ ਅਧਿਕਾਰ ਚੋਣ ਕਮਿਸ਼ਨ ਕੋਲ ਨਹੀਂ ਹੈ।

ਜੇਕਰ ਚੋਣ ਕਮਿਸ਼ਨ ਆਪਣੀ ਇਸ ਸੰਵਿਧਾਨਿਕ ਸੀਮਾ ਦੀ ਉਲੰਘਣਾ ਕਰਦੀ ਹੈ, ਤਾਂ ਉਸਨੂੰ ਆਪਣੇ ਮਕਸਦ ਨੂੰ ਪੂਰਿਆਂ ਕਰਨ ਲਈ ਕਾਨੂੰਨੀ ਕਦਮ ਚੁੱਕਣੇ ਪੈ ਸਕਦੇ ਹਨ ਅਤੇ ਸੁਪਰੀਮ ਕੋਰਟ ਨੂੰ ਵੀ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਨਾਲ ਇਹ ਦੇਖਣਾ ਹੋਏਗਾ ਕਿ ਚੋਣ ਕਮਿਸ਼ਨ ਇਸ ਮਾਮਲੇ ਵਿਚ ਆਪਣੀ ਸੀਮਾ ਤੋਂ ਬਾਹਰ ਤਾਂ ਨਹੀਂ ਜਾ ਰਿਹਾ।

ਬਿਹਾਰ ਤੋਂ ਬਾਅਦ ਪੰਜ ਹੋਰ ਰਾਜਾਂ ਆਸਾਮ, ਕੇਰਲ, ਪੁਡੂਚੇਰੀ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿਚ ਵਿਧਾਨ ਸਭਾ ਚੋਣਾਂ 2026 'ਚ ਹੋਣੀਆਂ ਹਨ, ਇਸ ਸਮੇਂ ਦੌਰਾਨ ਵੋਟਰ ਸੂਚੀਆਂ ਦੇ ਸ਼ੁੱਧੀਕਰਨ ਅਤੇ ਨਾਗਰਿਕਤਾ ਦਾ ਮਸਲਾ ਪੂਰੀ ਤਰ੍ਹਾਂ ਭਖਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਚੋਣਾਂ 'ਚ ਜਿੱਤ-ਹਾਰ ਹੁਣ ਕੁਝ ਵੋਟਾਂ ਦੇ ਫ਼ਰਕ ਤੱਕ ਸੀਮਤ ਹੁੰਦੀ ਜਾ ਰਹੀ ਹੈ, ਜਿਵੇਂ ਕਿ ਪਿਛਲੀ ਵਿਧਾਨ ਸਭਾ ਚੋਣਾਂ 'ਚ ਬਿਹਾਰ 'ਚ ਹੋਇਆ ਸੀ।

ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ (ਯੂ.ਐੱਸ.ਏ.)
510-415-9377
ਪੰਜਾਬ ਮੇਲ USA



# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

## ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼



ਜੀਵਨ ਜਾਂਚ ਦੇ ਰਾਹ ਦਸੇਰੇ ਗੁਰੂਆਂ ਦੇ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ 'ਤੇ ਪਾਪ ਦੀ ਅਤਿ ਹੋ ਜਾਵੇ, ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ, ਜੋ ਤੱਪਦੇ ਸੰਸਾਰ ਵਿਚ ਠੰਢ ਵਰਤਾਉਂਦਾ ਹੈ। ਮਨੁੱਖੀ ਮਨਾਂ ਨੂੰ ਸ਼ਾਂਤ ਕਰਦਾ ਹੈ। ਸਿੱਖ ਗੁਰੂ ਕਾਲ ਵਿਚ ਦਸ ਗੁਰੂਆਂ ਦੀ ਇੱਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ-ਉਤਸ਼ਾਹ ਵਿਚ ਦੀਨ-ਦਯਾ ਹਿੱਤ ਬੀਰ-ਰੱਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਨ੍ਹਾਂ ਦੀ ਸਿਆਣਪ ਨੂੰ ਵੇਖ ਕੇ ਬਾਲ-ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ।

ਆਪ ਜੀ ਦਾ ਆਗਮਨ ਸਾਵਣ ਵਦੀ 10 ਸੰਮਤ 1713 ਅਗਸਤ 7 ਜੁਲਾਈ 1656 ਨੂੰ ਸੀਸ-ਮਹੱਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿਰਾਏ ਸਾਹਿਬ ਜੀ ਦੇ ਗ੍ਰਹਿ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ 1661 ਨੂੰ ਗੁਰਗੱਦੀ 'ਤੇ ਵਿਰਾਜਮਾਨ ਹੋਏ।

ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਏ ਸਾਹਿਬ ਜੀ ਨੂੰ ਹਿਦਾਇਤ ਕੀਤੀ ਸੀ ਕਿ ਗੁਰਗੱਦੀ 'ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੇ ਜਥੇਬੰਧਕ ਹਥਿਆਰਬੰਦ ਬਣਾਇਆ। ਸੰਗਤਾਂ ਦੇ ਹੌਂਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿੱਥੇ ਜ਼ੁਲਮ ਨਾਲ, ਜਬਰੀ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਵੱਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਹੀ ਸਿੱਖ ਧਰਮ ਅਪਣਾਉਣਗੇ। ਮੁਗਲ ਬਾਦਸ਼ਾਹ ਔਰੰਗਜੇਬ ਬਹਾਨੇ ਨਾਲ ਸਿੱਖਾਂ ਦੀ ਤਾਕਤ ਨੂੰ ਪਰਖਣਾ ਚਾਹੁੰਦਾ ਸੀ। ਉਸ ਨੇ ਧਰਮ ਗ੍ਰੰਥ ਦੇ ਸ਼ੰਕਿਆਂ ਦੇ ਬਹਾਨੇ, ਗੁਰੂ ਹਰਿਰਾਇ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮਰਾਏ ਜੀ ਨੂੰ ਹਿਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸ਼ਚੈ 'ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸੁਆਲ ਕੀਤਾ ਕਿ ਤੁਹਾਡੇ ਗ੍ਰੰਥ ਵਿਚ 'ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਸਿੱਧੀ ਇਸਲਾਮ ਦੀ ਹੱਤਕ ਨਹੀਂ ਹੈ? ਬਾਬਾ ਰਾਮਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿੱਟੀ ਬੇਈਮਾਨ ਦੀ ਲਫਜ਼ ਹੈ। ਬਾਣੀਕਾਰ ਵੱਲੋਂ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿਰਾਏ ਸਾਹਿਬ ਜੀ ਨੂੰ ਪਤਾ ਲੱਗਾ ਕਿ ਬਾਣੀ ਦੀ ਤੁੱਕ ਬਦਲਣ ਦੀ ਅਵੱਗਿਆ ਹੋਈ ਹੈ, ਤਾਂ ਉਨ੍ਹਾਂ ਨੇ ਆਪਣੇ ਦ੍ਰਿੜ੍ਹ ਇਰਾਦੇ ਨਾਲ ਫੈਸਲਾ ਕੀਤਾ ਕਿ ਬਾਬਾ ਰਾਮਰਾਇ ਜੀ ਗੁਰਗੱਦੀ ਦੇ ਲਾਇਕ ਨਹੀਂ ਹੈ।

ਧਰਮ ਪ੍ਰਤੀ ਇਸ ਦ੍ਰਿੜ੍ਹਤਾ ਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਬਾਬਾ ਰਾਮਰਾਇ ਜੀ ਨੇ ਆਪਣਾ ਹੱਕ ਗੁਰਗੱਦੀ 'ਤੇ ਬਣਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ, ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ-ਦਰਬਾਰੇ ਵਿਚੋਂ ਮਿਰਜਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸ ਰਾਮ ਨੂੰ 50 ਘੋੜਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ ਵਿਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਦੀਵਾਨ ਨੂੰ ਕਿਹਾ ਕਿ ਉਹ ਬਾਦਸ਼ਾਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ।

ਤਦ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਬੇਨਤੀ ਭੇਜੀ, ਤਾਂ ਤੁਰੰਤ ਰਜ਼ਾਮੰਦ ਹੋ ਗਏ। ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਜੀ 'ਪੰਜਖੋਰਾ' ਪਿੰਡ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲ ਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਬਣੀ ਫਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਤੁਸੀਂ ਮੇਰੇ ਨਾਲ ਸ਼ਾਸਤਰ-ਹੱਥ ਕਰ ਲਉ। ਗੀਤਾ ਦੇ ਅਰਥ ਕਰਕੇ ਸੁਣਾਉ। ਗੁਰੂ ਜੀ ਨੇ ਪੰਡਿਤ ਨੂੰ ਸਮਝਾਇਆ ਕਿ ਗੁਰੂ ਦੀ ਸਮਰੱਥਾ ਅਰਥ ਕਰਨਾ ਹੀ ਨਹੀਂ, ਸਗੋਂ ਜੀਵਨ ਨੂੰ ਸਾਵੀਂ-ਪੱਧਰੀ ਰਾਹ 'ਤੇ ਤੋਰਨਾ ਹੈ। ਮਨੁੱਖ ਵਿਚ ਅਗਿਆਨਤਾ ਦਾ ਨਾਸ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ। ਉਸ ਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ੍ਹ ਹੈ। ਤਾਂ ਜੋ ਧਾਰਮਿਕ, ਰਾਜਨੀਤਿਕ, ਵਿਦਿਅਕ ਤੇ ਵਿਹਾਰਕ ਸੋਝੀ ਨਾਲ ਆਪਣਾ ਜੀਵਨ ਸੰਵਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਉ, ਤੁਹਾਨੂੰ ਤੁਹਾਡਾ ਉੱਤਰ ਮਿਲ ਜਾਵੇਗਾ। ਪੰਡਿਤ ਲੰਗਰਾਂ ਦੀ ਜਲ ਦੀ ਸੇਵਾ ਕਰਦੇ ਛੱਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਿਤ ਨੇ ਜੋ ਵੀ ਪੁੱਛਿਆ, ਛੱਜੂ ਨੇ ਉਸ ਦਾ ਉੱਤਰ ਦੇ ਦਿੱਤਾ, ਕਿਉਂਕਿ ਉਹ ਲੰਗਰਾਂ ਦੀ ਸੇਵਾ ਕਰਦਾ ਬਾਣੀ ਸੁਣਦਾ ਤੇ ਗੁਣਗੁਣਾਉਂਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ 'ਚ ਜਿੱਥੇ ਅੱਜਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ, ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜ਼ੇਬ ਨੇ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਰਾਜਾ ਜੈ ਸਿੰਘ ਦੀ ਰਾਣੀ ਨੂੰ ਤੌਖਲਾ ਹੋਇਆ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ? ਜੇਕਰ ਸਮਰੱਥ ਗੁਰੂ ਹੈ, ਤਾਂ ਮੈਨੂੰ ਢੂੰਡ ਕੇ ਦੱਸ ਦੇਵੇ ਕਿ ਸਵਾਗਤ ਕਰਨ ਵਾਲੀਆਂ ਵਿਚ ਮੈਂ ਕਿੱਥੇ ਹਾਂ? ਗੁਰੂ ਪਾਤਿਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ-ਡੋਲ ਵੇਖ ਕੇ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ। ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤਿ ਨੂੰ ਸਰੀਰ ਪੱਖੋਂ ਜਾਂ ਉਮਰ ਪੱਖੋਂ ਨਹੀਂ ਪਰਖਿਆ ਜਾ ਸਕਦਾ।

ਸੰਨ 1663 ਦੇ ਦੌਰਾਨ ਜਦੋਂ ਗੁਰੂ ਜੀ ਦਿੱਲੀ ਵਿਚ ਸਨ, ਤਾਂ ਹੈਜਾ ਚੇਚਕ ਦੀ ਮਹਾਂਮਾਰੀ ਫੈਲ ਗਈ। ਗੁਰਦੇਵ ਆਪ ਲੋਕਾਂ ਦੇ ਘਰ-ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆਣ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿਚ ਆਪਣੀ ਬਾਲ ਉਮਰ ਦੀ ਪ੍ਰਵਾਹ ਵੀ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿਚ ਘਬਰਾਹਟ ਹੋ ਗਈ। ਪਰ ਪਾਤਿਸ਼ਾਹ ਨੇ ਇਸ ਨੂੰ ਰੱਬੀ ਰਮਜ਼ ਦੱਸਿਆ। ਸੰਗਤਾਂ ਨੂੰ ਧੀਰਜ ਵਿਚ ਰਹਿਣ ਲਈ ਕਿਹਾ। ਆਪਣਾ ਸੱਚਖੰਡ ਜਾਣ ਦਾ ਸਮਾਂ ਵੇਖ ਕੇ ਹੁਕਮ ਸੁਣਾਇਆ ਕਿ ਅਗਲਾ ਗੁਰੂ 'ਬਾਬਾ ਬਕਾਲਾ' ਭਾਵ ਸੀ ਕਿ ਗੁਰੂ 'ਬਾਬਾ ਬਕਾਲਾ' ਰਹਿੰਦਾ ਹੈ। ਆਪ ਜੀ 3 ਵਿਸਾਖ ਸੰਗਤ 1721 ਮੁਤਾਬਕ 30 ਮਾਰਚ, 1664 ਨੂੰ ਜੋਤੀ ਜੋਤਿ ਸਮਾਂ ਗਏ। ਆਪ ਜੀ ਦੀ ਵਿਦਾਇਗੀ ਮੌਜੂਦਾ ਗੁਰਦੁਆਰਾ 'ਬਾਲਾ ਸਾਹਿਬ' ਦਿੱਲੀ ਵਿਖੇ ਹੋਈ।

ਵਰਣਨਯੋਗ ਹੈ ਕਿ ਆਪ ਬਾਲ ਉਮਰੇ ਹੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ, ਜੋਤਿ ਹੈ। ਸਪੱਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ, ਗੁਰੂ ਜੋਤਿ ਨਾਲ ਉਮਰ ਦਾ ਕੋਈ ਸੰਬੰਧ ਨਹੀਂ। ਢਾਈ ਸਾਲ ਦੀ ਗੁਰਤਾ ਵਿਚ ਗੁਰਦੇਵ ਨੇ ਬੜੀ ਸਿਆਣਪ, ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਜ਼ਿੰਮੇਵਾਰੀ ਨਿਭਾਈ। ਉਨ੍ਹਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰ੍ਹਾਂ ਜਾਰੀ ਰੱਖਿਆ। ਉਨ੍ਹਾਂ ਦੇ ਹੋਰ ਪਰਉਪਕਾਰਾਂ ਵਿਚ ਜਦ ਭਾਈ ਕਲਿਆਣ ਦੀ ਧਰਮਸ਼ਾਲਾ (ਮਹੱਲਾ ਦਿਲਵਾਲੀ ਸਿੰਘਾ) ਦਿੱਲੀ ਵਿਖੇ ਡੇਰੇ ਲਾਏ, ਤਾਂ ਉਥੇ ਲੋਕ ਬੜੇ ਗਰੀਬ ਸਨ। ਪੀਣ ਲਈ ਸਾਫ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ। ਬੜਾ ਹੀ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ। ਥਾਂ-ਥਾਂ ਸਾਫ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫਕੀਰ ਵੀ ਗੁਰਾਂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ-ਸੁੱਚੀ ਕਿਰਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਸਿੱਖ ਗੁਰੂਆਂ ਨੇ ਬੇਗਰਜ਼, ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ।

ਧਰਮ ਪ੍ਰਤੀ ਇਸ ਦ੍ਰਿੜ੍ਹਤਾ ਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਬਾਬਾ ਰਾਮਰਾਇ ਜੀ ਨੇ ਆਪਣਾ ਹੱਕ ਗੁਰਗੱਦੀ 'ਤੇ ਬਣਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ, ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ-ਦਰਬਾਰੇ ਵਿਚੋਂ ਮਿਰਜਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸ ਰਾਮ ਨੂੰ 50 ਘੋੜਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ ਵਿਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਦੀਵਾਨ ਨੂੰ ਕਿਹਾ ਕਿ ਉਹ ਬਾਦਸ਼ਾਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ।

# ਅਮਰ ਕਥਾਵਾਂ (ਬਾਲ ਕਹਾਣੀਆਂ)

# ਸਭ ਤੋਂ ਮਹਾਨ ਕੌਣ?

-ਸੁਖਦੇਵ ਸਿੰਘ ਸ਼ਾਂਤ
ਸ਼ਰਲਟ (ਇਡੀਆਨਾ) ਯੂ.ਐੱਸ.ਏ.
ਫੋਨ ਨੰਬਰ : 001-317-406-0002
ਵਟਸਐਪ ਨੰਬਰ : +91-98149-01254
ਪੰਜਾਬ ਮੇਲ USA



ਈਸਾਈ ਧਰਮ ਦੇ ਬਾਨੀ ਈਸਾ ਮਸੀਹ ਜੀ ਨੂੰ ਉਨ੍ਹਾਂ ਦੇ ਚੇਲੇ ਅਕਸਰ ਪ੍ਰਸ਼ਨ ਕਰਦੇ ਰਹਿੰਦੇ ਸਨ। ਇੱਕ ਵਾਰ ਉਨ੍ਹਾਂ ਨੂੰ ਇੱਕ ਚੇਲੇ ਨੇ ਪ੍ਰਸ਼ਨ ਕੀਤਾ, "ਆਪ ਜੀ ਦੀ ਨਜ਼ਰ ਵਿਚ ਸਭ ਤੋਂ ਮਹਾਨ ਕੌਣ ਹੈ?"

ਈਸਾ ਮਸੀਹ ਜੀ ਨੇ ਸਾਮ੍ਹਣੇ ਥੋੜ੍ਹੀ ਵਿੱਥ 'ਤੇ ਖੜ੍ਹੇ ਇੱਕ ਬੱਚੇ ਵੱਲ ਇਸ਼ਾਰਾ ਕਰਦਿਆਂ ਕਿਹਾ, "ਉਸ ਬੱਚੇ ਨੂੰ ਮੇਰੇ ਕੋਲ ਲੈ ਕੇ ਆਓ।" ਉਹ ਬੱਚਾ ਬਹੁਤ ਛੋਟਾ ਸੀ। ਤਿੰਨ-ਚਾਰ ਸਾਲ ਦਾ ਹੋਏਗਾ। ਇੱਕ ਚੇਲਾ ਉੱਠਿਆ। ਬੱਚੇ ਦੀ ਉਂਗਲ ਫੜ ਕੇ ਉਹ ਉਸ ਨੂੰ ਈਸਾ ਜੀ ਕੋਲ ਲੈ ਆਇਆ।

ਉਸ ਬੱਚੇ ਦੇ ਹੱਥ ਵਿਚ ਕੋਈ ਖਿਡੌਣਾ ਫੜਿਆ ਹੋਇਆ ਸੀ। ਉਹ ਉਸ ਖਿਡੌਣੇ ਵਿਚ ਮਸਤ ਸੀ। ਖੇਡ ਰਹੇ ਬੱਚੇ ਵੱਲ ਦੇਖ ਕੇ ਈਸਾ ਜੀ ਨੇ ਚੇਲੇ ਵੱਲੋਂ ਕੀਤੇ ਗਏ ਪ੍ਰਸ਼ਨ ਦਾ ਉੱਤਰ ਦਿੰਦਿਆਂ ਕਿਹਾ, "ਮੇਰੀ ਨਜ਼ਰ ਵਿਚ ਇਹ ਛੋਟਾ ਜਿਹਾ ਬੱਚਾ ਸਭ ਤੋਂ ਮਹਾਨ ਹੈ।"

ਉੱਤਰ ਸੁਣ ਕੇ ਸਾਰੇ ਚੇਲੇ ਹੈਰਾਨ ਹੋ ਗਏ। ਉਨ੍ਹਾਂ ਵਿਚੋਂ ਇੱਕ ਚੇਲੇ ਨੇ ਪੁੱਛ ਹੀ ਲਿਆ, "ਜੀ, ਇਹ ਬੱਚਾ ਤਾਂ ਹਾਲੇ ਬਹੁਤ ਛੋਟਾ ਹੈ। ਇਸ ਨੂੰ ਤਾਂ ਅਜੇ ਧਰਮ ਦੀ ਵੀ ਕੋਈ ਸਮਝ ਨਹੀਂ ਹੈ। ਨਾ ਹੀ ਇਸ ਨੇ ਕੋਈ ਵਿੱਦਿਆ ਪ੍ਰਾਪਤ ਕੀਤੀ ਹੈ। ਇਸ ਨੇ ਅਜਿਹਾ ਕੀ ਕੀਤਾ ਹੈ, ਜਿਸ ਕਰ ਕੇ ਆਪ ਜੀ ਇਸ ਨੂੰ ਸਭ ਤੋਂ ਮਹਾਨ ਕਹਿ ਰਹੇ ਹੋ?"

ਈਸਾ ਜੀ ਮੁਸਕਰਾ ਕੇ ਬੋਲੇ, "ਦੇਖੋ ਇਹ ਬੱਚਾ ਕਿੰਨਾ ਬੇਪ੍ਰਵਾਹ ਹੈ। ਮੈਂ ਇਸ ਦੀ ਪ੍ਰਸ਼ੰਸਾ ਕੀਤੀ ਹੈ। ਇਸ ਨੂੰ ਸਭ ਤੋਂ ਵੱਧ ਮਹਾਨ ਕਿਹਾ ਹੈ। ਮੇਰੇ ਇਹ ਕਹਿਣ ਦਾ ਉਸ 'ਤੇ ਕੋਈ ਅਸਰ ਨਹੀਂ ਹੋਇਆ। ਉਹ ਆਪਣੇ ਖਿਡੌਣੇ ਵਿਚ ਹੀ ਮਸਤ ਹੈ। ਕੋਈ ਪ੍ਰਸ਼ੰਸਾ ਦਾ ਲੋਭ ਨਹੀਂ। ਕੋਈ ਹੰਕਾਰ ਨਹੀਂ। ਇਸ ਵਿਚ ਕੋਈ ਵਲ-ਛਲ ਨਹੀਂ। ਇਸ ਦਾ ਮਨ ਕੋਰੀ ਸਲੇਟ ਵਾਂਗ ਪਾਕ-ਪਵਿੱਤਰ ਹੈ। ਪ੍ਰਮਾਤਮਾ ਇਸ ਤਰ੍ਹਾਂ ਦੇ ਭੋਲੇਪਨ 'ਤੇ ਹੀ ਖੁਸ਼ ਹੁੰਦਾ ਹੈ। ਇਸੇ ਕਰਕੇ ਮੈਂ ਇਸ ਬੱਚੇ ਨੂੰ ਸਭ ਤੋਂ ਮਹਾਨ ਕਿਹਾ ਹੈ।"

ਚੇਲਿਆਂ ਨੂੰ ਭੋਲੇਪਨ ਦੇ ਗੁਣ ਦੀ ਸਮਝ ਆ ਗਈ। ਭੋਲੇਪਨ ਵਿਚ ਨਾ ਕੋਈ ਈਰਖਾ ਹੁੰਦੀ ਹੈ ਅਤੇ ਨਾ ਹੀ ਕਿਸੇ ਨਾਲ ਨਫ਼ਰਤ। ਭਗਤ ਧੰਨਾ ਜੀ ਦਾ ਭੋਲਾਪਨ ਸੰਸਾਰ-ਪ੍ਰਸਿੱਧ ਹੈ। ਭਗਤ ਕਬੀਰ ਜੀ ਵੀ ਕਹਿੰਦੇ ਹਨ, "ਭੋਲੇ ਭਾਇ ਮਿਲੈ ਰਘੁਰਾਇਆ।" ਭੋਲੇਪਨ ਦਾ ਗੁਣ ਕੇਵਲ ਬਚਪਨ ਦਾ ਹੀ ਗੁਣ ਨਹੀਂ ਹੁੰਦਾ। ਇਹ ਗੁਣ ਵੱਡੀ ਉਮਰ ਵਾਲਿਆਂ ਵਿਚ ਵੀ ਹੋ ਸਕਦਾ ਹੈ। ਮਹਾਨ ਬਣਨ ਲਈ ਨਿਮਰਤਾ ਅਤੇ ਮਿਠਾਸ ਜ਼ਰੂਰੀ ਹੈ। ਇਹ ਗੁਣ ਵੀ ਭੋਲੇਪਨ ਵਿਚ ਹੀ ਹੁੰਦੇ ਹਨ।

## ਇੱਕ-ਬਚਨੀ ਸਿੱਖ

ਸਿੱਖ ਧਰਮ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਪਾਰ ਦੇ ਕੰਮ ਨੂੰ ਵੀ ਬੜਾ ਉਤਸ਼ਾਹਿਤ ਕੀਤਾ। ਆਪ ਜੀ ਦੇ ਦੋ ਸ਼ਰਧਾਲੂ ਸਿੱਖ ਭਾਈ ਨੰਦਾ ਵਿੱਠਲ ਜੀ ਅਤੇ ਭਾਈ ਸ਼ਾਮ ਦਾਸ ਵਢੇਰ ਜੀ ਵੀ ਵਪਾਰ ਦੇ ਕੰਮ ਵਿਚ ਲੱਗੇ ਹੋਏ ਸਨ। ਉਹ ਕੁਰਕਸ਼ੇਤਰ ਦੇ ਕੋਲ ਥਾਨੇਸਰ ਸ਼ਹਿਰ ਵਿਚ ਰਹਿੰਦੇ ਸਨ।

ਇੱਕ ਦਿਨ ਇੱਕ ਵਿਅਕਤੀ ਉਨ੍ਹਾਂ ਸਿੱਖਾਂ ਕੋਲੋਂ ਇਕ ਕੰਬਲ ਖਰੀਦਣ ਆਇਆ। ਉਨ੍ਹਾਂ ਨੇ ਉਸ ਕੰਬਲ ਦਾ ਮੁੱਲ ਦੱਸਿਆ। ਉਸ ਬੰਦੇ ਨੂੰ ਦੱਸਿਆ ਹੋਇਆ ਮੁੱਲ ਬਹੁਤ ਜ਼ਿਆਦਾ ਲੱਗਿਆ।

ਉਸ ਨੇ ਉਨ੍ਹਾਂ ਦੁਕਾਨਦਾਰਾਂ ਨੂੰ ਕਿਹਾ, "ਭਾਈ ਠੀਕ-ਠੀਕ ਮੁੱਲ ਦੱਸੋ। ਤੁਸੀਂ ਕੰਬਲ ਦੀ ਕੀਮਤ ਬਹੁਤ ਵਧਾ ਕੇ ਦੱਸ ਰਹੇ ਓ। ਮੈਨੂੰ ਇਹ ਕੰਬਲ ਬੜਾ ਹੀ ਪਸੰਦ ਆਇਆ ਹੈ। ਮੈਂ ਇਹ ਕੰਬਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਭੇਂਟ ਕਰਨਾ ਚਾਹੁੰਦਾ ਹਾਂ।"

ਉਸ ਗਾਹਕ ਦੇ ਮੂੰਹੋਂ ਗੁਰੂ ਜੀ ਦਾ ਨਾਂਅ ਸੁਣ ਕੇ ਉਹ ਦੋਵੇਂ ਦੁਕਾਨਦਾਰ ਗਦ-ਗਦ ਹੋ ਗਏ। ਭਾਈ ਨੰਦਾ ਜੀ ਬੋਲੇ, "ਧੰਨ ਭਾਗ ਸਾਡੇ। ਤੁਸੀਂ ਗੁਰੂ ਜੀ ਦੇ ਸ਼ਰਧਾਲੂ ਸਿੱਖ ਹੋ। ਅਸੀਂ ਵੀ ਉਨ੍ਹਾਂ ਦੇ ਦਰਸ਼ਨ ਕਰਨ ਅਕਸਰ ਜਾਂਦੇ ਰਹਿੰਦੇ ਹਾਂ। ਅਸੀਂ ਇਹ ਕੰਬਲ ਭੇਂਟ ਕਰਨ ਲਈ ਤੁਹਾਨੂੰ ਮੁਫ਼ਤ ਦੇ ਸਕਦੇ ਹਾਂ।"

ਉਹ ਗਾਹਕ ਵੀ ਅਸੂਲਾਂ ਦਾ ਪੱਕਾ ਸੀ। ਉਸ ਨੇ ਉੱਤਰ ਦਿੱਤਾ, "ਮੈਂ ਤੁਹਾਡੇ ਤੋਂ ਮੁਫ਼ਤ ਵਿਚ ਕੰਬਲ ਲੈ ਕੇ ਭੇਂਟ ਕਿਉਂ ਕਰਾਂ? ਤੁਸੀਂ ਤਾਂ ਮੈਨੂੰ ਇਹ ਦੱਸੋ ਕਿ ਮੁੱਲ ਕਿੰਨਾ ਘੱਟ ਕਰ ਸਕਦੇ ਹੋ?"

ਭਾਈ ਸ਼ਾਮ ਦਾਸ ਜੀ ਨੇ ਦੋ-ਟੁੱਕ ਜਵਾਬ ਦਿੱਤਾ, "ਭਾਈ ਸਾਬ੍ਹ! ਅਸੀਂ ਕਦੇ ਵੀ ਕਿਸੇ ਤੋਂ ਵੱਧ ਮੁੱਲ ਨਹੀਂ ਮੰਗਿਆ। ਜਿੰਨੇ ਦਾ ਕੰਬਲ ਅਸੀਂ ਆਪ ਖਰੀਦਿਆ ਹੈ, ਉਸ ਵਿਚ ਥੋੜ੍ਹਾ ਜਿਹਾ ਅਸੀਂ ਆਪਣਾ ਨਫ਼ਾ ਜੋੜਿਆ ਹੈ। ਉਹੀ ਮੁੱਲ ਤੁਹਾਨੂੰ ਦੱਸਿਆ ਹੈ। ਮੁੱਲ ਤਾਂ ਕੰਬਲ ਦਾ ਇੱਕ ਪੈਸਾ ਵੀ ਘੱਟ ਨਹੀਂ ਹੋ ਸਕਦਾ।"

ਉਸ ਗਾਹਕ ਨੇ ਦੱਸਿਆ ਹੋਇਆ ਮੁੱਲ ਅਦਾ ਕਰ ਦਿੱਤਾ। ਕੰਬਲ ਲੈ ਕੇ ਉਹ ਗੁਰੂ ਜੀ ਪਾਸ ਭੇਂਟ ਕਰਨ ਲਈ ਪਹੁੰਚਿਆ। ਉਸ ਸ਼ਰਧਾਲੂ ਸਿੱਖ ਨੇ ਉਨ੍ਹਾਂ ਦੋਹਾਂ ਦੁਕਾਨਦਾਰਾਂ ਦੀ ਸਾਰੀ ਗੱਲ ਵੀ ਕਹਿ ਸੁਣਾਈ।

ਗੁਰੂ ਜੀ ਬੜੇ ਪ੍ਰਸੰਨ ਹੋਏ। ਉਨ੍ਹਾਂ ਨੇ ਉੱਤਰ ਦਿੱਤਾ, "ਸਾਨੂੰ ਸਾਰਾ ਪਤਾ ਹੈ। ਅਸੀਂ ਤਾਂ ਉਨ੍ਹਾਂ ਦਾ ਨਾਂਅ ਹੀ 'ਇੱਕ-ਬਚਨੀ ਸਿੱਖ' ਪਾਇਆ ਹੋਇਆ ਹੈ। ਉਹ ਸਾਰੇ ਇਲਾਕੇ ਵਿਚ ਸੱਚ ਬੋਲਣ ਅਤੇ ਇੱਕ-ਮੁੱਲ ਦੱਸਣ ਲਈ ਪ੍ਰਸਿੱਧ ਹਨ। ਇਨ੍ਹਾਂ ਗੁਣਾਂ ਕਰਕੇ ਸਾਰੇ ਉਨ੍ਹਾਂ ਦਾ ਸਤਿਕਾਰ ਕਰਦੇ ਹਨ। ਉਹ ਤਾਂ ਸੱਚੇ-ਸੁੱਚੇ ਵਪਾਰੀ ਹਨ।"

ਦੁਕਾਨਦਾਰੀ ਵਿਚ ਆਮ ਤੌਰ 'ਤੇ ਵੱਧ ਮੁੱਲ ਦੱਸ ਕੇ ਫਿਰ ਘੱਟ ਕਰ ਲਿਆ ਜਾਂਦਾ ਹੈ। ਗਾਹਕ ਵੀ ਮੁੱਲ ਘੱਟ ਕਰਵਾ ਕੇ ਖੁਸ਼ ਹੁੰਦੇ ਹਨ। ਇਸ ਤਰ੍ਹਾਂ ਚੀਜ਼ਾਂ ਦੀਆਂ ਅਸਲੀ ਕੀਮਤਾਂ ਦਾ ਭੇਤ ਬਣਿਆ ਰਹਿੰਦਾ ਹੈ। ਗਾਹਕਾਂ ਦੀ ਲੁੱਟ ਵੀ ਹੁੰਦੀ ਰਹਿੰਦੀ ਹੈ। ਇੱਕ-ਮੁੱਲ ਦੱਸਣ ਵਾਲੇ ਦੁਕਾਨਦਾਰ ਅੱਜ ਵੀ ਮੌਜੂਦ ਹਨ। ਅੰਗਰੇਜ਼ੀ ਵਿਚ ਇਨ੍ਹਾਂ ਦੀਆਂ ਦੁਕਾਨਾਂ ਨੂੰ ਫਿਕਸਡ ਪਰਾਈਸ ਸ਼ਾਪਸ(Fixed Price Shops) ਕਿਹਾ ਜਾਂਦਾ ਹੈ। ਇੱਕ-ਮੁੱਲ ਦੱਸਣ ਵਾਲੇ ਦੁਕਾਨਦਾਰ ਸੱਚ ਦਾ ਵਪਾਰ ਕਰਦੇ ਹਨ। ਉਨ੍ਹਾਂ ਨੂੰ ਚੀਜ਼ਾਂ ਦੇ ਮੁੱਲ ਦੱਸਦਿਆਂ ਝੂਠ ਨਹੀਂ ਬੋਲਣਾ ਪੈਂਦਾ। ਸਮਝਦਾਰ ਗਾਹਕ ਇਨ੍ਹਾਂ ਦੁਕਾਨਦਾਰਾਂ ਦੇ ਬੋਲਾਂ 'ਤੇ ਪੂਰਾ ਵਿਸ਼ਵਾਸ ਕਰਦੇ ਹਨ।

## ਡਾਕਟਰ ਦੀ ਲੋੜ

ਇਸਾਈ ਧਰਮ ਦੇ ਬਾਨੀ ਈਸਾ ਮਸੀਹ ਜੀ ਦੁਖੀਆਂ, ਗਰੀਬਾਂ ਅਤੇ ਯਤੀਮਾਂ ਦੇ ਮਸੀਹਾ ਸਨ। ਲੈਵੀ ਕਬੀਲੇ ਦਾ ਇੱਕ ਬੰਦਾ ਪ੍ਰਭਾਵਿਤ ਹੋ ਕੇ ਆਪ ਜੀ ਦਾ ਚੇਲਾ ਬਣ ਗਿਆ। ਉਹ ਟੈਕਸ ਵਸੂਲਣ ਦਾ ਕੰਮ ਕਰਦਾ ਸੀ। ਟੈਕਸ ਵਸੂਲਣ ਵਾਲਿਆਂ ਦੀ ਉਸ ਸਮੇਂ ਲੋਕਾਂ ਵਿਚ ਇੱਜ਼ਤ ਨਹੀਂ ਸੀ। ਲੈਵੀ ਲੋਕਾਂ ਨੂੰ ਨੀਵੇਂ ਸਮਝਿਆ ਜਾਂਦਾ ਸੀ।

ਉਸ ਲੈਵੀ ਬੰਦੇ ਨੇ ਆਪਣੇ ਘਰ ਇੱਕ ਸਮਾਗਮ ਰੱਖਿਆ। ਉੱਥੇ ਟੈਕਸ ਵਸੂਲਣ ਵਾਲੇ ਲੋਕ ਵੱਡੀ ਗਿਣਤੀ ਵਿਚ ਆਏ। ਲੈਵੀ ਕਬੀਲੇ ਦੇ ਆਮ ਲੋਕ ਵੀ ਸਮਾਗਮ ਵਿਚ ਪਹੁੰਚੇ। ਈਸਾ ਮਸੀਹ ਜੀ ਵੀ ਆਪਣੇ ਖਾਸ ਚੇਲਿਆਂ ਨਾਲ ਸਮਾਗਮ ਵਿਚ ਹਾਜ਼ਰ ਹੋਏ।

ਸਮਾਗਮ ਤੋਂ ਬਾਅਦ ਕੁਝ ਧਰਮ-ਪ੍ਰਚਾਰਕ ਈਸਾ ਮਸੀਹ ਜੀ ਪਾਸ ਆਏ। ਉਨ੍ਹਾਂ ਨੇ ਇਤਰਾਜ਼ ਪ੍ਰਗਟ ਕਰਦਿਆਂ ਪੁੱਛਿਆ, "ਤੁਸੀਂ ਇਨ੍ਹਾਂ ਨੀਵੇਂ ਅਤੇ ਮਾੜੇ ਲੋਕਾਂ ਵਿਚ ਕਿਉਂ ਗਏ? ਤੁਸੀਂ ਉਨ੍ਹਾਂ ਦੇ ਨਾਲ ਬੈਠ ਕੇ ਭੋਜਨ ਵੀ ਕੀਤਾ। ਤੁਹਾਨੂੰ ਇਹ ਗੱਲ ਸ਼ੋਭਾ ਨਹੀਂ ਦਿੰਦੀ।"

ਈਸਾ ਮਸੀਹ ਜੀ ਨੇ ਜਵਾਬ ਦੇਣ ਦੀ ਥਾਂ ਧਰਮ-ਪ੍ਰਚਾਰਕਾਂ ਨੂੰ ਹੀ ਪ੍ਰਸ਼ਨ ਕੀਤਾ, "ਮੈਨੂੰ ਪਹਿਲਾਂ ਇਹ ਦੱਸੋ ਕਿ ਡਾਕਟਰ ਦੀ ਲੋੜ ਕਿਹੜੇ ਲੋਕਾਂ ਨੂੰ ਹੁੰਦੀ ਹੈ?"

ਉਨ੍ਹਾਂ ਪ੍ਰਚਾਰਕਾਂ ਵਿਚੋਂ ਇੱਕ ਬੋਲਿਆ, "ਰੋਗੀਆਂ ਨੂੰ।"

ਈਸਾ ਮਸੀਹ ਜੀ ਮੁਸਕਰਾ ਕੇ ਬੋਲੇ, "ਭਾਈ, ਫਿਰ ਮੈਂ ਤਾਂ ਰੋਗੀਆਂ ਕੋਲ ਹੀ ਜਾਣਾ ਸੀ। ਉਨ੍ਹਾਂ ਗਰੀਬਾਂ ਅਤੇ ਨੀਵੇਂ ਸਮਝੇ ਜਾਂਦੇ ਲੋਕਾਂ ਨੂੰ ਹੀ ਮੇਰੀ ਲੋੜ ਹੈ। ਮੈਂ ਉਨ੍ਹਾਂ ਦੀ ਹੀ ਜ਼ਿੰਦਗੀ ਦਾ ਸੁਧਾਰ ਕਰਨਾ ਹੈ। ਮੈਂ ਉਨ੍ਹਾਂ ਦੇ ਹੀ ਦੁੱਖਾਂ ਦਾ ਇਲਾਜ ਕਰਨਾ ਹੈ।"

ਗੁਰੂ, ਪੀਰ, ਪੈਗੰਬਰ ਆਦਿ ਮਹਾਂਪੁਰਸ਼ ਦੁਨੀਆਂ ਵਿਚ ਸੁਧਾਰ ਕਰਨ ਲਈ ਆਉਂਦੇ ਹਨ। ਉਹ ਕਦੇ ਵੀ ਨੀਵੇਂ ਅਤੇ ਮਾੜੇ ਸਮਝੇ ਜਾਂਦੇ ਲੋਕਾਂ ਨੂੰ ਨਫ਼ਰਤ ਨਹੀਂ ਕਰਦੇ। ਉਹ ਪਿਆਰ ਅਤੇ ਹਮਦਰਦੀ ਨਾਲ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਬਦਲ ਦਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੌਡਾ ਰਾਕਸ਼, ਵਲੀ ਕੰਧਾਰੀ ਅਤੇ ਸੱਜਣ ਠੱਗ ਵਰਗੇ ਵਿਅਕਤੀਆਂ ਨੂੰ ਪਿਆਰ ਭਰੇ ਉਪਦੇਸ਼ ਨਾਲ ਸਿੱਧੇ ਰਸਤੇ ਪਾ ਦਿੱਤਾ ਸੀ। ਗਰੀਬਾਂ ਨੂੰ ਲੁੱਟਣ ਵਾਲੇ ਅਮੀਰ ਮਲਕ ਭਾਗੋ ਨੂੰ ਠੁਕਰਾ ਕੇ ਗਰੀਬ ਕਿਰਤੀ ਭਾਈ ਲਾਲੋ ਜੀ ਨੂੰ ਆਪਣੇ ਗਲ ਨਾਲ ਲਾਇਆ ਸੀ। ਗੁਰੂ ਜੀ ਨੇ ਸੱਤ ਵਾਰੀ ਭਾਈ ਲਾਲੋ ਜੀ ਦਾ ਨਾਂਅ ਆਪਣੀ ਬਾਣੀ ਵਿਚ ਵੀ ਲਿਖਿਆ ਹੋਇਆ ਹੈ।

## ਰੋਜ਼ਨਾਮਚਾ

ਸਿੱਖ ਧਰਮ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਈ ਸਿੱਖ ਵਪਾਰ ਦਾ ਕੰਮ ਕਰਦੇ ਸਨ। ਉਨ੍ਹਾਂ ਵਿਚੋਂ ਹੀ ਦੋ ਸਨ ਭਾਈ ਪੁਰੀਆ ਜੀ ਅਤੇ ਭਾਈ ਚੂਹੜ ਜੀ। ਉਹ ਦੋਵੇਂ ਅਕਸਰ ਗੁਰੂ ਜੀ ਪਾਸ ਗੁਰਬਾਣੀ ਦੀ ਸਿੱਖਿਆ ਲੈਣ ਆਉਂਦੇ ਰਹਿੰਦੇ ਸਨ।

ਇੱਕ ਦਿਨ ਦੋਨਾਂ ਸਿੱਖਾਂ ਨੇ ਗੁਰੂ ਜੀ ਪਾਸ ਆਪਣੀ ਮੁਸ਼ਕਲ ਦੱਸੀ, "ਸਾਨੂੰ ਆਪਣੇ ਵਪਾਰ ਦੇ ਕੰਮ ਵਿਚ ਝੂਠ ਬੋਲਣਾ ਪੈਂਦਾ ਹੈ। ਝੂਠ ਬਿਨਾ ਸਾਡਾ ਕੰਮ ਚੱਲਦਾ ਨਹੀਂ। ਆਪ ਜੀ ਕਹਿੰਦੇ ਹੋ ਸੱਚ ਬੋਲੋ। ਅਸੀਂ ਕੀ ਕਰੀਏ? ਬੜੇ ਮਜਬੂਰ ਹਾਂ।"

ਗੁਰੂ ਜੀ ਨੇ ਉੱਤਰ ਦਿੱਤਾ, "ਸਾਡੇ ਕਹੇ 'ਤੇ ਦੋ ਕੰਮ ਹਰ ਰੋਜ਼ ਜ਼ਰੂਰ ਕਰੋ। ਇੱਕ ਤਾਂ ਰੋਜ਼ ਸੰਗਤ ਵਿਚ ਜਾ ਕੇ ਕਥਾ-ਕੀਰਤਨ ਸੁਣਿਆ ਕਰੋ। ਦੂਜਾ ਕੰਮ ਇਹ ਕਰੋ ਕਿ ਜਦੋਂ ਵੀ ਕੋਈ ਝੂਠ ਬੋਲੋ, ਉਸ ਨੂੰ ਇੱਕ ਕਾਪੀ ਵਿਚ ਤਰੀਕ ਪਾ ਕੇ ਲਿਖ ਲਵੋ। ਇੱਕ ਮਹੀਨਾ ਇਹ ਦੋਵੇਂ ਕੰਮ ਕਰੋ। ਫਿਰ ਸਾਡੇ ਕੋਲ ਆਇਓ।"

ਦੋਹਾਂ ਸ਼ਾਹੂਕਾਰਾਂ ਨੇ ਗੁਰੂ ਜੀ ਦੀ ਗੱਲ ਮੰਨਦੇ ਹੋਏ ਇੱਕ ਮਹੀਨਾ ਇਹ ਦੋਵੇਂ ਕੰਮ ਕੀਤੇ। ਮਹੀਨੇ ਬਾਅਦ ਉਹ ਫਿਰ ਗੁਰੂ ਜੀ ਪਾਸ ਆਏ। ਦੋਹਾਂ ਨੇ ਆਪੋ-ਆਪਣੀਆਂ ਕਾਪੀਆਂ ਗੁਰੂ ਜੀ ਨੂੰ ਦਿਖਾਈਆਂ। ਗੁਰੂ ਜੀ ਨੇ ਪਹਿਲਾਂ ਭਾਈ ਪੁਰੀਆ ਜੀ ਨੂੰ ਹੁਕਮ ਕੀਤਾ, "ਪਹਿਲਾਂ ਤੁਸੀਂ ਇਹ ਕਾਪੀ ਪੜ੍ਹ ਕੇ ਸੰਗਤ ਨੂੰ ਸੁਣਾਓ।"

ਭਾਈ ਪੁਰੀਆ ਜੀ ਨੇ ਕਾਪੀ 'ਤੇ ਲਿਖਿਆ ਰੋਜ਼ਨਾਮਚਾ ਪੜ੍ਹਨਾ ਸ਼ੁਰੂ ਕੀਤਾ। ਤਿੰਨ-ਚਾਰ ਦਿਨਾਂ ਦੇ ਝੂਠ ਬੋਲ ਕੇ ਕੀਤੇ ਕੰਮ ਸੰਗਤ ਨੂੰ ਸੁਣਾਏ। ਇਸ ਤੋਂ ਅੱਗੇ ਉਹ ਕਾਪੀ ਪੜ੍ਹ ਹੀ ਨਹੀਂ ਸਕੇ। ਉਨ੍ਹਾਂ ਦਾ ਰੋਣਾ ਨਿਕਲ ਗਿਆ। ਉਹ ਗੁਰੂ ਜੀ ਅਤੇ ਸੰਗਤ ਤੋਂ ਹੱਥ ਜੋੜ ਕੇ ਮੁਆਫ਼ੀ ਮੰਗਣ ਲੱਗੇ। ਭਾਈ ਚੂਹੜ ਜੀ ਵੀ ਮੁਆਫ਼ੀ ਮੰਗਣ ਲਈ ਖੜ੍ਹੇ ਹੋ ਗਏ। ਦੋਹਾਂ ਨੇ ਆਪਣੇ ਕੰਨਾਂ ਨੂੰ ਹੱਥ ਲਾਏ। ਅੱਗੇ ਤੋਂ ਝੂਠ ਬੋਲਣ ਤੋਂ ਤੋਬਾ ਕਰ ਲਈ।

ਭਾਈ ਚੂਹੜ ਜੀ ਬੋਲੇ, "ਗੁਰੂ ਜੀ, ਅਸੀਂ ਘੱਟ ਕਮਾ ਲਵਾਂਗੇ, ਘੱਟ ਖਾ ਲਵਾਂਗੇ ਪਰ ਝੂਠ ਨਹੀਂ ਬੋਲਾਂਗੇ। ਆਪਣਾ ਕਾਰੋਬਾਰ ਸੱਚ ਬੋਲ ਕੇ ਹੀ ਕਰਾਂਗੇ।"

ਗੁਰੂ ਜੀ ਨੇ ਉਨ੍ਹਾਂ ਸਿੱਖਾਂ ਨੂੰ ਫਿਰ ਕਿਹਾ, "ਇਨ੍ਹਾਂ ਕਾਪੀਆਂ 'ਤੇ ਅਜੇ ਵੀ ਲਿਖਣਾ ਜਾਰੀ ਰੱਖਿਓ। ਰੱਬ ਜੀ ਕਿਰਪਾ ਕਰਨਗੇ। ਪੰਜ-ਛੇ ਮਹੀਨਿਆਂ ਵਿਚ ਤੁਹਾਡੀ ਝੂਠ ਬੋਲਣ ਦੀ ਆਦਤ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ।" ਇਸ ਤਰ੍ਹਾਂ ਗੁਰੂ ਜੀ ਨੇ ਸਾਰਿਆਂ ਨੂੰ ਸਵੈ-ਪੜਚੋਲ ਕਰਨ ਦਾ ਰਸਤਾ ਦੱਸਿਆ। ਸਾਨੂੰ ਵੀ ਹਰ ਰੋਜ਼ ਸ਼ਾਮ ਨੂੰ ਇਕੱਲੇ ਬਹਿ ਕੇ ਸਾਰੇ ਦਿਨ ਵਿਚ ਕੀਤੇ ਕੰਮਾਂ ਅਤੇ ਆਪਣੇ ਆਏ ਵਿਚਾਰਾਂ ਵੱਲ ਧਿਆਨ ਮਾਰਨਾ ਚਾਹੀਦਾ ਹੈ। ਇਸ ਤਰ੍ਹਾਂ ਅਸੀਂ ਵੀ ਆਪਣੇ ਬੁਰੇ ਕੰਮਾਂ ਅਤੇ ਬੁਰੇ ਵਿਚਾਰਾਂ ਨੂੰ ਹੌਲੀ-ਹੌਲੀ ਛੱਡ ਦੇਵਾਂਗੇ।

# ਸਵਾਰਥੀ ਜੀਵਨਸ਼ੈਲੀ ਦਾ ਤਿਆਗ ਕਰੋ

-ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
ਮੋ: 98781-11445
ਪੰਜਾਬ ਮੇਲ USA

ਸਾਡੇ ਜੀਵਨ ਦੇ ਚੱਲਦੇ ਪੰਧ ਵਿਚ ਆਪੋਧਾਪੀ ਮਚੀ ਹੋਈ ਹੈ। ਸਵਾਰਥ ਸਾਡੀ ਜ਼ਿੰਦਗੀ ਵਿਚ ਭਾਰੂ ਹੈ। ਸਵਾਰਥ ਮਨੁੱਖ ਦੀ ਹੋਂਦ ਦੇ ਨਾਲ-ਨਾਲ ਚੱਲਦਾ ਹੈ। ਇਸ ਦੇ ਤਾਣੇ-ਬਾਣੇ ਵਿਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਸਮੇਂ ਅਸੀਂ ਸਭ ਕੁੱਝ ਛਿੱਕੇ ਟੰਗ ਕੇ ਆਪਣਾ ਉੱਲੂ ਸਿੱਧਾ ਕਰਦੇ ਹਾਂ, ਦੂਜਾ ਭਾਵੇਂ ਖੂਹ ਵਿਚ ਜਾਵੇ। ਆਪਣੇ ਅੰਦਰ ਸੱਚੇ ਮਨ ਨਾਲ ਝਾਤੀ ਮਾਰਕੇ ਦੇਖੀਏ, ਤਾਂ ਲੱਗਦਾ ਹੈ ਕਿ ਮੈਂ ਵੀ ਸਵਾਰਥੀ ਹਾਂ। ਉਂਝ ਤਾਂ ਸਾਰੀ ਦੁਨੀਆਂ ਸਵਾਰਥੀ ਹੈ ਪਰ ਅਸੀਂ ਵੀ ਉਨ੍ਹਾਂ ਵਿਚੋਂ ਇੱਕ ਹੁੰਦੇ ਹਾਂ। ਸਾਡਾ ਜੀਵਨ ਸਵਾਰਥ ਨਾਲੋਂ ਪਰਸਵਾਰਥੀ ਅਤੇ ਪਰਉਪਕਾਰੀ ਬਣੇ ਤਾਂ ਜੀਵਨ ਸੁਖਾਲਾ ਹੁੰਦਾ ਹੈ। ਮਤਲਬ ਲਈ ਗਧੇ ਨੂੰ ਬਾਪ ਬਣਾਉਣ ਦਾ ਸੰਕਲਪ ਦਰਕਿਨਾਰ ਹੋਣਾ ਚਾਹੀਦਾ ਹੈ। ਸਮਾਜ ਵਿਚ ਆਮ ਦੇਖਿਆ ਜਾਂਦਾ ਹੈ ਕਿ ਸਵਾਰਥੀ ਦੂਰੋਂ ਹੀ ਪਛਾਣਿਆ ਜਾਂਦਾ ਹੈ। ਉਸ ਦੇ ਸਵਾਰਥ ਦੀ ਸਿੱਧੀ ਅਗਲੇ ਉੱਤੇ ਨਿਰਭਰ ਕਰਦੀ ਹੈ। ਸਵਾਰਥੀ ਦੀ ਅੱਖ ਅੰਦਰੋਂ ਜ਼ਰੂਰ ਸ਼ਰਮਾਉਂਦੀ ਹੈ। ਉਸ ਦੀ ਆਦਤ ਪੱਕ ਚੁੱਕੀ ਹੁੰਦੀ ਹੈ। ਅਸੀਂ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਸਮਝਣ ਵਿਚ ਵੀ ਨਾਕਾਮ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਸਮਝਾ ਵੀ ਗਏ ਸਨ, "ਕਿਸੈ ਨਾ ਬਦੈ ਆਪਿ ਅਹੰਕਾਰੀ, ਧਰਮਰਾਇ ਤਿਸੁ ਕਰੇ ਖੁਆਰੀ, ਗੁਰਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ, ਸੋ ਜਨੁ ਨਾਨਕ ਦਰਗਹ ਪਰਵਾਨੁ"

ਸਾਡੇ ਵਿਚ ਇਕ ਦੂਜੇ ਤੋਂ ਅੱਗੇ ਲੰਘਣ ਦੀ ਚਾਹਨਾ ਹੁੰਦੀ ਹੈ। ਸਾਡੀ ਕੋਸਿਸ਼ ਹੁੰਦੀ ਹੈ ਕਿ ਅਸੀਂ ਅਗਲੇ ਨੂੰ ਮਿੱਧ ਕੇ ਅੱਗੇ ਲੰਘੀਏ, ਜਦੋਂ ਕਿ ਇਹ ਅਭਿਆਸ ਗਲਤ ਹੁੰਦਾ ਹੈ। ਸਾਨੂੰ ਆਪਣਾ ਵੱਖਰਾ ਰਸਤਾ ਅਖਤਿਆਰ ਕਰਕੇ ਅੱਗੇ ਲੰਘਣਾ ਚਾਹੀਦਾ ਹੈ। ਇਸ ਧਾਰਨਾ ਵਿਚ ਸਾਡਾ ਸਵਾਰਥ ਅਤੇ ਈਰਖਾ ਲੁਕੀ ਹੈ। ਸਾਇੰਸ ਦੱਸਦੀ ਹੈ ਕਿ ਸਾਹਮਣੇ ਖੜ੍ਹਾ ਬੰਦਾ ਹਲੀਮੀ ਨਾਲ ਪੇਸ਼ ਆਵੇ, ਤਾਂ ਸਵਾਰਥੀ ਬੰਦੇ ਦੇ ਦਿਮਾਗ ਅੰਦਰਲੇ ਸੈਲਫਿਸ਼ ਝੱਟਕੇ ਉਸ ਨੂੰ ਦੂਜੇ ਦਾ ਫਾਇਦਾ ਲੈਣ ਲਈ ਉਕਸਾਉਂਦੇ ਰਹਿੰਦੇ ਹਨ, ਇੰਝ ਸਵਾਰਥੀ ਬੰਦਾ ਦਿਮਾਗ ਵਿਚਲੇ ਸੁਨੇਹਿਆ ਦੇ ਭੰਡਾਰ ਹੇਠ ਦੂਜੇ ਦਾ ਮਾੜਾ ਕਰ ਜਾਂਦਾ ਹੈ। ਆਮ ਲੋਕਾਂ ਵਿਚ ਸਵਾਰਥੀ ਬੰਦੇ ਦੇ ਲੱਛਣ ਇਹ ਹੁੰਦੇ ਹਨ ਕਿ ਬਦਲਾ ਲਊ ਭਾਵਨਾ, ਆਵਾਜ਼ ਨਰਮ ਰੱਖਣੀ, ਕਿੰਤੂ-ਪ੍ਰੰਤੂ ਸਵਿਕਾਰ ਨਾ ਕਰਨਾ, ਝੂਠ ਦੀ ਮੁਹਾਰਤ ਵਗੈਰਾ-ਵਗੈਰਾ। ਸਵਾਰਥ ਅਜਿਹੀ ਚੀਜ਼ ਹੈ, ਜੋ ਬੰਦੇ ਨੂੰ ਆਪਣੇ ਆਪ ਸਿਆਣਾ ਬਣਾ ਦਿੰਦੀ ਹੈ। ਜਿਸ ਨਾਲ ਕੰਮ ਵਾਹ-ਵਾਸਤਾ ਪੈਣ ਦੀ ਆਸ ਹੋਵੇ, ਉਸ ਪ੍ਰਤੀ ਸ਼ਬਦਾਵਲੀ ਬਦਲ ਜਾਂਦੀ ਹੈ। ਉਂਝ ਸਵਾਰਥ ਬੁਰੀ ਆਦਤ ਹੈ, ਇਸ ਨੂੰ ਤਿਆਗ ਕੇ ਖੁਦ ਬਾਹੂਬਲੀ ਬਣਨਾ ਚਾਹੀਦਾ ਹੈ। ਸਵਾਰਥੀ ਆਪਣੇ ਗੁਣ ਤੋਂ ਜਾਣੂ ਹੁੰਦਾ ਹੋਇਆ ਵੀ ਅਨਜਾਣ ਬਣ ਜਾਂਦਾ ਹੈ। ਇਹ ਥਾਮਸ ਕਾਰਲਾਇਲ ਦੇ ਇਸ ਕਥਨ ਨੂੰ ਝੂਠਾ ਕਰ ਦਿੰਦਾ ਹੈ, "ਆਦਮੀ ਦਾ ਸਭ ਤੋਂ ਵੱਡਾ ਔਗਣ ਆਪਣੇ ਕਿਸੇ ਔਗਣ ਤੋਂ ਜਾਣੂ ਨਾ ਹੋਣਾ ਹੈ"। ਮਨੁੱਖ ਬੁਨਿਆਦੀ ਤੌਰ 'ਤੇ ਚੰਗਾ ਹੁੰਦਾ ਹੈ ਪਰ ਸਵਾਰਥ ਭਰਪੂਰ ਜ਼ਿੰਦਗੀ ਇਸ ਦੇ ਆਸ਼ਾਵਾਦੀ ਗੁਣਾਂ ਨੂੰ ਨਿਰਾਸ਼ਾਵਾਦ ਵੱਲ ਧੱਕਣ ਦਾ ਕੰਮ ਕਰਦੀ ਹੈ। ਹਾਂ ਇਕ ਗੱਲ ਜ਼ਰੂਰ ਹੈ ਜੇ ਅਸੀਂ ਸਵਾਰਥੀ ਦੀ ਪਹਿਚਾਣ ਕਰਦੇ ਹਾਂ, ਤਾਂ ਘੱਟੋ-ਘੱਟ ਆਪਣੇ ਆਪ ਨੂੰ ਇਸ ਆਦਤ ਤੋਂ ਦੂਰ ਰੱਖ ਸਕਦੇ ਹਾਂ।


ਮਨੁੱਖ ਉਹੀ ਕੁੱਝ ਕਰਦਾ ਹੈ, ਜੋ ਸੋਚਦਾ ਹੈ। ਸਵਾਰਥ ਦੀ ਲੋੜ ਅਤੇ ਹੋੜ ਰੱਖਣਾ ਅਨੈਤਿਕਤਾ ਅਤੇ ਆਤਮਿਕ ਦੀਵਾਲੀਪਣ ਹੁੰਦਾ ਹੈ, ਇਹ ਹੋਰ ਕਿਸੇ ਕਾਸੇ ਜੋਗਾ ਨਹੀਂ ਰਹਿਣ ਦਿੰਦਾ। ਅੱਜ ਦੇ ਯੁੱਗ ਵਿਚ ਸਵਾਰਥ ਸੱਚਾ ਜਿਹਾ ਅਤੇ ਪਰਸਵਾਰਥ ਝੂਠਾ ਜਿਹਾ ਨਜ਼ਰੀ ਆਉਂਦਾ ਹੈ। ਇਹ ਇਕ ਆਮ ਵਰਤਾਰਾ ਅਤੇ ਆਦਤ ਬਣ ਚੁੱਕੀ ਹੈ। ਇਹ ਬਿਰਤੀ ਅੱਗੇ ਤੋਂ ਅੱਗੇ ਤੁਰੀ ਜਾਂਦੀ ਹੈ। ਸਿਆਣੇ ਕਹਿੰਦੇ ਹਨ, ਨਾ-ਸ਼ੁਕਰੇ ਵਿਅਕਤੀ ਨਾਲੋਂ ਵਫਾਦਾਰ ਕੁੱਤਾ ਪਾਲ ਲਵੋਂ ਤਾਂ ਚੰਗਾ ਹੈ। ਸਵਾਰਥ ਵੇਲੇ ਬੇਹੱਦ ਨਿਮਰਤਾ ਆ ਜਾਂਦੀ ਹੈ, ਬਾਦ ਵਿਚ ਵਿਅਕਤੀ ਆਪਣੀ ਅਸਲ ਜ਼ਿੰਦਗੀ ਵੱਲ ਪਰਤ ਆਉਂਦਾ ਹੈ। ਸਵਾਰਥਨੁਮਾ ਜ਼ਿੰਦਗੀ ਨਾਲ ਜੀਵਨ ਸੁਖਾਲਾ ਨਹੀਂ, ਬਲਕਿ ਪਰਤ ਦਰ ਪਰਤ ਔਖਾ ਹੁੰਦਾ ਹੈ। ਇਹ ਸਮਾਜਿਕ ਤਾਣੇ-ਬਾਣੇ ਨਾਲੋਂ ਤੋੜ ਦਿੰਦਾ ਹੈ। ਆਖਿਰ ਸਵਾਰਥੀ ਸਮਾਜ ਵਿਚ ਮਜ਼ਾਕ ਦਾ ਪਾਤਰ ਰਹਿੰਦਾ ਹੈ। ਅਜਿਹੀ ਪ੍ਰਵਿਰਤੀ ਹਮੇਸ਼ਾ ਅਧੂਰੀ ਰਹਿੰਦੀ ਹੈ ਕਿਉਂਕਿ ਇਕ ਤੋਂ ਬਾਅਦ ਦੂਜੀ ਇੱਛਾ ਖੜ੍ਹੀ ਰਹਿੰਦੀ ਹੈ। ਇਸ ਲਈ ਯਥਾਰਥ ਭਰੀ ਜ਼ਿੰਦਗੀ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਕੁੱਝ ਧਾਰਨਾਵਾਂ ਤਾਂ ਇਹ ਵੀ ਹਨ ਕਿ ਸਮਾਜਿਕ ਪ੍ਰਾਣੀ ਲਈ ਸਵਾਰਥ ਆਪਣਾ ਰਸਤਾ ਆਪ ਅਖਤਿਆਰ ਕਰ ਲੈਂਦਾ ਹੈ। ਜੇ ਕਿਸੇ ਸਵਾਰਥੀ ਦੀ ਪਹਿਚਾਣ ਕਰਨੀ ਹੋਵੇ, ਤਾਂ ਦੂਜੇ ਸਵਾਰਥੀ ਕੋਲ ਉਸ ਦੀ ਵਡਿਆਈ ਕਰਕੇ ਦੇਖੋ, ਸਭ ਕੁੱਝ ਸਾਹਮਣੇ ਆ ਜਾਵੇਗਾ। ਅਸੂਲਾਂ ਲਈ ਲੜਨਾ ਤਾਂ ਸੌਖਾ ਹੈ ਪਰ ਅਸੂਲਾਂ ਅਨੁਸਾਰ ਜ਼ਿੰਦਗੀ ਜਿਊਣਾ ਬਹੁਤ ਔਖਾ ਹੈ। ਸਵਾਰਥ ਦੇ ਨਿਯਮ ਅਤੇ ਸਿਧਾਂਤ ਇਹ ਹਨ ਕਿ ਸਵਾਰਥੀ ਸਵਾਰਥ ਰਹਿਤ ਹੋ ਹੀ ਨਹੀਂ ਸਕਦਾ। ਸਵਾਰਥੀ ਬਨਾਵਟੀ ਮਿੱਤਰਤਾ ਭਰਪੂਰ ਹੁੰਦਾ ਹੈ। ਇਹ ਬਿਰਤੀ ਅਤੇ ਪ੍ਰਵਿਰਤੀ ਸਮਾਜ ਵਿਚ ਨਿਰਾਦਰ ਅਤੇ ਮਜ਼ਾਕ ਕਰਵਾਉਂਦੀ ਹੈ।

ਸਵਾਰਥੀ ਨੂੰ ਪਰਸਵਾਰਥੀ ਅਤੇ ਪਰਸਵਾਰਥੀ ਨੂੰ ਸਵਾਰਥੀ ਕਹਿਣਾ ਸਮਾਜ ਵਿਚ ਵੱਡਾ ਧੋਖਾ ਹੈ। ਹਮੇਸ਼ਾ ਯਥਾਰਥ ਭਰੀ ਜ਼ਿੰਦਗੀ ਹੀ ਨਿੱਖਰ ਕੇ ਸਾਹਮਣੇ ਆਉਂਦੀ ਹੈ। ਸਵਾਰਥ ਕਿਤੇ ਨਾ ਕਿਤੇ ਸਹਿਣਸ਼ੀਲਤਾ ਨੂੰ ਖਾ ਲੈਂਦਾ ਹੈ, ਇਹ ਆਲਸੀ ਬਣਾ ਕੇ ਆਪਣੇ ਆਪ ਨੂੰ ਹਿੰਸਾ ਦੀ ਤਰ੍ਹਾਂ ਕਰ ਲੈਂਦਾ ਹੈ। ਸਵਾਰਥ ਨਾਲ ਪ੍ਰਾਪਤ ਕੀਤੀ ਉੱਜਵਲ ਵਸਤੂ ਮੈਲੀ ਹੀ ਸਮਝੀ ਜਾਂਦੀ ਹੈ। ਸਵਾਰਥੀ 'ਬੀਤ ਗਈ ਉਹ ਬਾਤ ਗਈ' ਦੇ ਸਿਧਾਂਤ ਨੂੰ ਅਪਣਾਉਂਦਾ ਹੈ। ਸਾਡੇ ਸਿਆਣਿਆਂ ਦੀਆਂ ਕਹਾਵਤਾਂ ਪਿੱਛੇ ਇਕ ਲੰਬਾ-ਚੌੜਾ ਤਜ਼ਰਬਾ ਅਤੇ ਇਤਿਹਾਸ ਹੈ, ਤਾਂ ਜਾ ਕੇ ਕਿਸੇ ਫਲਦਾਇਕ ਨਤੀਜੇ 'ਤੇ ਪਹੁੰਚਦਿਆਂ ਹਨ। 'ਗੌਂ ਭਨਾਵੇ ਜੌਂ' ਦੀ ਕਹਾਵਤ ਸਵਾਰਥ ਨੂੰ ਸਿੱਧ ਕਰਦੀ ਹੈ, ਇਸ ਵਿਚ ਬਹੁਤ ਕੁੱਝ ਸਮਾਇਆ ਹੋਇਆ ਹੈ। ਸਵਾਰਥ ਦੀ ਪੂਰਤੀ ਲਈ ਨੱਥੂ ਤੋਂ ਨੱਥਾ ਸਿੰਘ ਬਣ ਸਕਦਾ ਹੈ। ਅਧਿਆਤਮਵਾਦ ਵਿਚ ਪਰਸਵਾਰਥ ਨੂੰ ਸਤਯੁੱਗ ਦਾ ਮੁੱਖ ਲੱਛਣ ਅਤੇ ਸਵਾਰਥ ਨੂੰ ਕਲਯੁੱਗ ਦਾ ਮੁੱਖ ਲੱਛਣ ਕਿਹਾ ਜਾਂਦਾ ਹੈ। ਸਵਾਰਥ ਅਜਿਹੀ ਆਦਤ ਹੈ ਕਿ ਬੰਦੇ ਨੂੰ ਆਪਣੇ ਆਪ ਵਿਚ ਸਿਆਣਾ ਬਣਾ ਦਿੰਦੀ ਹੈ। ਸਵਾਰਥ ਵਿਅਕਤੀ ਦੇ ਚੰਗੇ ਗੁਣਾਂ ਨੂੰ ਖਤਮ ਕਰ ਦਿੰਦਾ ਹੈ। ਹਰ ਮਨੁੱਖ ਦੇ ਸੁਪਨੇ ਹੁੰਦੇ ਹਨ, ਉਨ੍ਹਾਂ ਨੂੰ ਪੂਰਾ ਕਰਨ ਲਈ ਇੱਛਾ ਰੱਖਣੀ ਤਾਂ ਜ਼ਰੂਰੀ ਹੈ ਪਰ ਚਲਾਕੀ ਅਤੇ ਸਵਾਰਥ ਰੱਖ ਕੇ ਦੂਜੇ ਤੋਂ ਪੂਰਤੀ ਦਾ ਆਸ ਨਹੀਂ ਰੱਖਣੀ ਚਾਹਦੀ। ਬਹੁਤੀ ਵਾਰ ਦੇਖਿਆ ਜਾਂਦਾ ਹੈ ਕਿ ਮਨੁੱਖ ਭਾਵੇਂ ਛੋਟਾ ਹੀ ਹੋਵੇ ਪਰ ਉਸ ਦਾ ਸਵਾਰਥ ਬਹੁਤ ਵੱਡਾ ਹੁੰਦਾ ਹੈ। ਸਵਾਰਥ ਲਈ ਸਭ ਨਿਵਦੇ ਹਨ। ਇਸ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਹੁਤ ਪਹਿਲੇ ਸਪੱਸ਼ਟ ਕਰ ਦਿੱਤਾ ਸੀ ਅਤੇ ਸਵਾਰਥੀਪੁਣੇ 'ਤੇ ਕਰਾਰੀ ਚੋਟ ਮਾਰੀ ਸੀ, "ਸਭ ਕੋ ਨਿਵੈ ਆਪ ਕਉ ਪਰ ਕਉ ਨਿਵੈ ਨਾ ਕੋਇ"। ਸਵਾਰਥ ਅਤੇ ਹਿੰਮਤ ਨਾਲ ਕੀਤੀ ਇੱਛਾ ਪੂਰਤੀ ਬਰਾਬਰ ਨਹੀਂ ਹੁੰਦੀ। ਕਿਹਾ ਜਾਂਦਾ ਹੈ, ਜਿਸ ਮਨੁੱਖ ਕੋਲ ਕਾਰਜ ਸਮਰਥਾ ਅਤੇ ਇਮਾਨਦਾਰੀ ਹੈ, ਉਸ ਦੇ ਸਿਦਕ ਨੂੰ ਦਬਾਇਆ ਨਹੀਂ ਜਾ ਸਕਦਾ, ਅਜਿਹੇ ਮਨੁੱਖ ਸਵਾਰਥ ਨੂੰ ਦਰਕਿਨਾਰ ਕਰਕੇ ਆਪਣੀ ਸਮਰਥਾ ਨਾਲ ਇੱਛਾ ਪੂਰਤੀ ਕਰਦੇ ਹਨ। ਆਪਣੀ ਅੰਦਰਲੀ ਪ੍ਰਤਿਭਾ ਨੂੰ ਉਜਾਗਰ ਕਰਕੇ ਸਵਾਰਥ ਨੂੰ ਅੰਦਰੋਂ ਬਾਹਰ ਕੱਢੋ। ਵਧੀਆ ਆਦਤਾਂ ਅਤੇ ਸਾਰਥਕ ਸੁਭਾਅ ਰੱਖੋ। ਸਵਾਰਥ ਦੀ ਉਡੀਕ ਅਤੇ ਝਾਕ ਹਮੇਸ਼ਾ ਲਈ ਆਪਣੇ ਅੰਦਰੋਂ ਕੱਢੋ। ਅਸੂਲਾਂ ਅਨੁਸਾਰ ਜ਼ਿੰਦਗੀ ਜਿਊਣ ਦਾ ਹੁਨਰ ਸਿੱਖੋ, ਇਸ ਨਾਲ ਹੀ ਸਮਾਜ ਵਿਚ ਬੰਦੇ ਦਾ ਇਖਲਾਕ ਉੱਚਾ ਹੁੰਦਾ ਹੈ। ਪ੍ਰਸਿੱਧ ਦਾਰਸ਼ਨਿਕ ਐਡਮਿੰਡ ਵਰਕ ਨੇ ਕਿਹਾ ਸੀ, "ਹੱਕ ਸੱਚ ਅਤੇ ਨੈਤਿਕਤਾ ਦੀ ਲੜਾਈ ਵਿਚ ਜਿੱਤ ਅੰਤ ਨੂੰ ਉਸਦੀ ਹੁੰਦੀ ਹੈ, ਜਿਸ ਦਾ ਇਖਲਾਕ ਉੱਚਾ ਹੋਵੇ"। ਮੁੱਕਦੀ ਗੱਲ ਇਹ ਹੈ ਕਿ ਆਪਣੇ ਅੰਦਰੋਂ ਸਵਾਰਥ ਦੇ ਕੀਟਾਣੂਆਂ ਨੂੰ ਕੱਢ ਕੇ ਪਰਸਵਾਰਥੀ ਅਤੇ ਨਿਰਸਵਾਰਥੀ ਕੀਟਾਣੂ ਪੈਦਾ ਕਰੀਏ, ਤਾਂ ਜੋ ਸਮਾਜ ਵਿਚ ਖੁਸ਼ਹਾਲ ਜੀਵਨ ਜੀਅ ਸਕੀਏ। ਆਓ ਸਵਾਰਥ ਰਹਿਤ ਜ਼ਿੰਦਗੀ ਜਿਊਣ ਦਾ ਸੰਕਲਪ ਲਈਏ।

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ

ਸਰਵਜੀਤ ਸਿੰਘ
ਸੈਕਰਾਮੈਂਟੋ
ਪੰਜਾਬ ਮੇਲ USA





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੈਲੰਡਰ ਮੁਤਾਬਕ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ 4 ਸਾਵਣ, ਸਾਵਣ ਵਦੀ 9 (19 ਜੁਲਾਈ) ਦਿਨ ਸ਼ਨਿੱਚਰਵਾਰ ਨੂੰ ਮਨਾਇਆ ਗਿਆ ਹੈ। ਪਰ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਮੁਤਾਬਕ ਗੁਰੂ ਜੀ ਦਾ ਜਨਮ 8 ਸਾਵਣ, ਸਾਵਣ ਵਦੀ 10, ਸੰਮਤ 1713 ਬਿਕ੍ਰਮੀ ਨੂੰ ਹੋਇਆ ਸੀ।

**Sri Guru Har Krishan ji was born on Sawna vadi 10 (8 Sawan) Bikrami Savamt 1713, (July 7,1656) at Kiratpur Sahib." (sgpc.net)**

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ (dsgmc.in) ਉੱਪਰ ਵੀ ਇਹ ਇਬਾਰਤ ਹੀ ਦਰਜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀ ਗਈ 'ਸਿੱਖ ਇਤਿਹਾਸ ਭਾਗ ੧', ਪ੍ਰੋ. ਕਰਤਾਰ ਸਿੰਘ ਦੀ ਕਿਤਾਬ ਵਿਚ ਗੁਰੂ ਜੀ ਦੀ ਜਨਮ ਤਾਰੀਖ, ਸਾਵਣ ਵਦੀ 10, ਸੰਮਤ 1713 ਮੁਤਾਬਕ, 7 ਜੁਲਾਈ ਸੰਨ 1656 ਦਰਜ ਹੈ। (ਪੰਨਾ 291)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੀ ਛਾਪੀ ਗਈ ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਪੁਸਤਕ, 'ਗੁਰਮਤਿ ਗਿਆਨ ਭਾਗ ਦੂਜਾ' ਵਿਚ ਵੀ 7 ਜੁਲਾਈ 1656 ਈਃ ਦਰਜ ਹੈ। (ਡਾ. ਗੋਗੋਆਣੀ, ਪੰਨਾ : 35) ਇਹ ਸਾਵਣ ਵਦੀ 10 ਬਣਦੀ ਹੈ।

ਪ੍ਰੋ: ਸਾਹਿਬ ਸਿੰਘ ਜੀ ਵੀ ਇਹ ਤਾਰੀਖ, "ਸੋਮਵਾਰ ਦਾ ਦਿਨ, 8 ਸਾਵਣ 1713, ਚੰਦਰਮਾ ਦੇ ਹਿਸਾਬ ਸਾਵਣ ਵਦੀ 10 ਸੀ। ਈਸਵੀ ਸਨ 1656 ਤੇ ਜੁਲਾਈ ਦੀ 7 ਤਰੀਕ" ਹੀ ਲਿਖਦੇ ਹਨ।

ਪ੍ਰਿੰਸੀਪਲ ਸਤਬੀਰ ਸਿੰਘ ਜੀ ਵੀ '7 ਜੁਲਾਈ 1656 ਈ' ਨਾਲ ਸਹਿਮਤ ਹਨ। (ਅਸ਼ਟਮ ਬਲਬੀਰਾ, ਪੰਨਾ 34)

ਡਾ. ਹਰਜਿੰਦਰ ਸਿੰਘ ਦਿਲਗੀਰ, ਮੁਤਾਬਕ "20 ਹਰਿਰਾਇ ਮਾਹ, 1652- ਪ੍ਰਕਾਸ਼ ਪੁਰਬ ਗੁਰੂ ਹਰਿਕ੍ਰਿਸ਼ਨ ਸਾਹਿਬ,"। ਡਾ ਦਿਲਗੀਰ ਨੇ ਸਾਲ 1652 ਈਃ, ਗੁਰੂ ਕੀਆਂ ਸਾਖੀਆਂ ਮੁਤਾਬਕ, 'ਸੰਮਤ ਸਤਰਾਂ ਸੈ ਨਾਵਾਂ ਸਾਵਣ ਵਦੀ ਦਸਮੀ ਕੇ ਦਿਹੁੰ' (ਪੰਨਾ 43) ਲਿਖਿਆ ਹੈ। '20 ਹਰਿਰਾਇ ਮਾਹ, 1652' (20 ਜੁਲਾਈ) ਨੂੰ ਚੰਦ ਮੁਤਾਬਕ ਤਾਂ ਸਾਵਣ ਵਦੀ 10 ਹੀ ਬਣਦੀ ਹੈ ਪਰ, ਸਾਵਣ 19, ਦਿਨ ਮੰਗਲਵਾਰ ਬਣਦਾ ਹੈ।

ਡਾ. ਜਸਬੀਰ ਸਿੰਘ ਸਰਨਾ ਜੀ ਵੀ 20 ਜੁਲਾਈ 1652 ਈਃ ਹੀ ਲਿਖਦੇ ਹਨ"। (ਜੀਵਨ ਪਾਤਸ਼ਾਹੀ ਸੱਤਵੀਂ ਤੇ ਅੱਠਵੀਂ ਪੰਨਾ 59) ਚੰਦ ਦੇ ਕੈਲੰਡਰ ਅਨੁਸਾਰ ਇਹ ਵੀ ਸਾਵਣ ਵਦੀ 10 ਹੀ ਬਣਦੀ ਹੈ।

ਡਾ. ਸੁਖਦਿਆਲ ਸਿੰਘ ਜੀ ਲਿਖਦੇ ਹਨ, "ਗੁਰੂ ਹਰਿ ਕਰਿਸ਼ਨ ਜੀ ਦਾ ਜਨਮ ਨੌ ਸਾਵਣ, ਵਦੀ 10, ਦਿਨ ਬੁੱਧਵਾਰ, ਸੰਮਤ 1713 ਬਿ. ਮੁਤਾਬਕ 7 ਜੁਲਾਈ, 1656 ਈਃ ਨੂੰ ਮਾਤਾ ਕਰਿਸ਼ਨ ਕੌਰ ਦੀ ਪਵਿੱਤਰ ਕੁੱਖ ਵਿਚੋਂ, ਕੀਰਤਪੁਰ ਸਾਹਿਬ ਵਿਖੇ ਹੋਇਆ"। (ਪੰਨਾ 150) ਇਥੇ 9 ਸਾਵਣ ਅਤੇ ਦਿਨ ਬੁੱਧਵਾਰ ਗਲਤ ਹੈ। ਸ਼ਾਇਦ ਇਨ੍ਹਾਂ ਨੇ 'ਤਵਾਰੀਖ਼ ਗੁਰੂ ਖਾਲਸਾ' ਤੋਂ ਤਾਰੀਖ ਲਈ ਹੋਵੇਗੀ।

"ਏਹ ਗੁਰੂ 9 ਸੌਣ ਵਦੀ 10 ਸੰਮਤ 1713 ਬਿਕ੍ਰਮੀ ਤੇ ਸਾਲ 187 ਗੁਰੂ, ਬੁੱਧਵਾਰ ਪੁਨਰਬਸਾ ਨਛੱਤਰ ਛੀ ਘੜੀ ਦਿਨ ਚੜੇ ਗੁਰੂ ਹਰਿਰਾਇ ਜੀ ਦੇ ਘਰ ਮਾਤਾ ਕਿਸ਼ਨ ਕੌਰ ਥੀਂ ਕੀਰਤਪੁਰ ਪ੍ਰਗਟ ਹੋਏ ਸਨ"। (ਤਵਾਰੀਖ਼ ਗੁਰੂ ਖਾਲਸਾ, ਗਿਆਨੀ ਗਿਆਨ ਸਿੰਘ) ਇਥੇ ਦਿਨ, ਨਛੱਤਰ ਅਤੇ ਪ੍ਰਵਿਸ਼ਟੇ ਦਾ ਕੋਈ ਮੇਲ ਨਹੀਂ ਬਣਦਾ। ਪਰ ਇਥੇ ਵੀ 'ਸੌਣ ਵਦੀ 10' ਹੀ ਹੈ, ਜੋ ਕਿ ਸਹੀ ਹੈ।

ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ 'ਸਿੱਖ ਕੈਲੰਡਰ/ਡਾਇਰੀ 1965-66 ਈਃ ਵਿਚ, ਗੁਰੂ ਜੀ ਦੀ ਜਨਮ ਤਾਰੀਖ 8 ਸਾਵਣ, 1713 ਸੰਮਤ, 7 ਜੁਲਾਈ ਸੰਨ 1656 ਈਃ ਦਰਜ ਹੈ।

ਖਾਲਸਾ ਡਾਇਰੀ 1975-76 ਵਿਚ, ਸਾਵਣ ਵਦੀ 10, ਸਾਵਣ ਪ੍ਰਵਿਸ਼ਟੇ 8 ਸੰਮਤ 1713 ਬਿਃ 7 ਜੁਲਾਈ ਸੰਨ 1656 ਈਃ, ਸੋਮਵਾਰ ਦਰਜ ਹੈ।

ਸ਼੍ਰੋਮਣੀ ਡਾਇਰੀ 1991 ਵਿਚ, ਸਾਵਣ ਵਦੀ 10, ਸੰਮਤ 1713 ਬਿਃ 7 ਜੁਲਾਈ ਸੰਨ 1656 ਈਃ ਦਰਜ ਹੈ।

ਸ਼੍ਰੋਮਣੀ ਡਾਇਰੀ 1992, ਸਾਵਣ ਵਦੀ 9 ਸੰਮਤ 1713 ਬਿਃ ਮੁਤਾਬਿਕ 7 ਜੁਲਾਈ ਸੰਨ 1656 ਈਃ। ਇਥੇ ਸਾਵਣ ਵਦੀ 9 ਅਤੇ 7 ਜੁਲਾਈ ਵਿਚੋਂ ਇਕ ਗਲਤ ਹੈ।

ਸ਼੍ਰੋਮਣੀ ਕਮੇਟੀ ਵੱਲੋਂ 2003 ਈਃ ਵਿਚ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਪਿੱਛੋਂ ਇਹ ਦਿਹਾੜਾ ਹਰ ਸਾਲ 8 ਸਾਵਣ (23 ਜੁਲਾਈ) ਨੂੰ ਹੀ ਮਨਾਇਆ ਜਾਂਦਾ ਰਿਹਾ ਹੈ। ਮਾਰਚ 2010 ਈਃ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨੂੰ ਸੋਧ ਦੇ ਨਾਮ ਹੇਠ ਵਿਗਾੜ ਕੇ ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਗਿਆ ਸੀ ਪਰ ਸੰਮਤ 546 ਨਾਨਕਸ਼ਾਹੀ (2014-15) ਤੀਕ ਇਹ ਦਿਹਾੜਾ, 8 ਸਾਵਣ (23 ਜੁਲਾਈ) ਨੂੰ ਮਨਾਇਆ ਜਾਂਦਾ ਰਿਹਾ ਸੀ।

ਸੰਮਤ 547 ਨਾਨਕਸ਼ਾਹੀ (2015-16) ਦੇ ਕੈਲੰਡਰ ਵਿਚ ਇਹ ਦਿਹਾੜਾ 24 ਸਾਵਣ (8 ਅਗਸਤ) ਦਾ ਦਰਜ ਸੀ, ਇਸ ਦਿਨ ਸਾਵਣ ਵਦੀ 9 ਸੀ। ਇਸ ਤੋਂ ਪਿੱਛੋਂ ਇਹ ਦਿਹਾੜਾ ਹਰ ਸਾਲ ਸਾਵਣ ਵਦੀ 9 ਨੂੰ ਮਨਾਇਆ ਜਾਂਦਾ ਹੈ। ਪਰ ਦਰਜ ਪ੍ਰਵਿਸ਼ਟਿਆਂ ਵਿਚ ਕੀਤਾ ਜਾਣ ਕਾਰਨ ਹਰ ਸਾਲ ਪ੍ਰਵਿਸ਼ਟਾ ਬਦਲ ਜਾਂਦਾ ਹੈ।

| ਸੰਮਤ ਨਃ ਸਃ / ਈਃ | | ਧੁਮੱਕੜਸ਼ਾਹੀ ਕੈਲੰਡਰ | ਨਾਨਕਸ਼ਾਹੀ ਕੈਲੰਡਰ | |
|---|---|---|---|---|
| | ਪ੍ਰਵਿਸ਼ਟਾ | ਤਾਰੀਖ | ਪ੍ਰਵਿਸ਼ਟਾ | ਤਾਰੀਖ |
| 548 (16-17) | 13 ਸਾਵਣ | 28 ਜੁਲਾਈ | 8 ਸਾਵਣ | 23 ਜੁਲਾਈ |
| 549 (17-18) | 3 ਸਾਵਣ | 18 ਜੁਲਾਈ | 8 ਸਾਵਣ | 23 ਜੁਲਾਈ |
| 550 (18-19) | 22 ਸਾਵਣ | 6 ਅਗਸਤ | 8 ਸਾਵਣ | 23 ਜੁਲਾਈ |
| 551 (19-20) | 11 ਸਾਵਣ | 26 ਜੁਲਾਈ | 8 ਸਾਵਣ | 23 ਜੁਲਾਈ |
| 552 (20-21) | 31 ਹਾੜ | 14 ਜੁਲਾਈ | 8 ਸਾਵਣ | 23 ਜੁਲਾਈ |
| 553 (21-22) | 18 ਸਾਵਣ | 2 ਅਗਸਤ | 8 ਸਾਵਣ | 23 ਜੁਲਾਈ |
| 554 (22-23) | 7 ਸਾਵਣ | 22 ਜੁਲਾਈ | 8 ਸਾਵਣ | 23 ਜੁਲਾਈ |
| 555 (23-24) | 27 ਹਾੜ | 11 ਜੁਲਾਈ | 8 ਸਾਵਣ | 23 ਜੁਲਾਈ |
| 556 (24-25) | 14 ਸਾਵਣ | 29 ਜੁਲਾਈ | 8 ਸਾਵਣ | 23 ਜੁਲਾਈ |
| 557 (25-26) | 4 ਸਾਵਣ | 19 ਜੁਲਾਈ | 8 ਸਾਵਣ | 23 ਜੁਲਾਈ |

ਉਪਰੋਕਤ ਵਸੀਲਿਆਂ ਦੀ ਵਿਚਾਰ ਤੋਂ 8 ਸਾਵਣ, ਸਾਵਣ ਵਦੀ 10, 7 ਜੁਲਾਈ ਅਤੇ ਦਿਨ ਸੋਮਵਾਰ ਸਾਂਝੇ ਤੌਰ 'ਤੇ ਮਿਲਦੇ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਾਵਣ ਵਦੀ 9 (7 ਸਾਵਣ, 6 ਜੁਲਾਈ ਦਿਨ ਐਤਵਾਰ) ਨੂੰ ਕਿਉਂ ਚੁਣਿਆ ਹੈ ? ਇਸ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਮਾਰਚ 2010 ਈਃ ਵਿਚ ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰਨ ਵੇਲੇ 'ਗੁਰਬਾਣੀ ਪਾਠ ਦਰਪਣ' ਵਿਚ ਦਰਜ ਤਾਰੀਖਾਂ ਨੂੰ ਹੀ ਮੁੱਖ ਰੱਖਿਆ ਗਿਆ ਹੈ। ਜਦੋਂਕਿ ਹੋਰ ਬਹੁਤੀਆਂ ਤਾਰੀਖਾਂ ਵਾਗੂੰ 'ਗੁਰਬਾਣੀ ਪਾਠ ਦਰਪਣ' ਦੀ ਇਹ ਤਾਰੀਖ "1713 ਬਿਃ ਸਾਵਣ ਵਦੀ ਨੌਵੀਂ, ਦਿਨ ਵੀਰਵਾਰ 14 ਜੁਲਾਈ 1656 ਈਃ ਪੁਨਰਵਸੀ ਨਛੱਤਰ" ਵੀ, 'ਗੜਬੜ ਚੌਦਸ' ਹੀ ਹੈ। ਸਾਵਣ ਵਦੀ ਨੌਵੀਂ ਨੂੰ 6 ਜੁਲਾਈ ਦਿਨ ਵੀਰਵਾਰ ਨਹੀਂ, ਐਤਵਾਰ ਸੀ, 14 ਜੁਲਾਈ ਨੂੰ ਵੇਖੀਏ ਤਾਂ ਸਾਵਣ ਸੁਦੀ 3, 15 ਸਾਵਣ ਦਿਨ ਸੋਮਵਾਰ, ਨਛੱਤਰ ਮਘਾ ਸੀ। ਜੇ ਸੱਤਵੇਂ ਨਛੱਤਰ 'ਪੁਨਰਵਸ' ਨੂੰ ਸਹੀ ਮੰਨੀਏ। ਤਾਂ ਉਸ ਦਿਨ 12 ਸਾਵਣ, ਸਾਵਣ ਵਦੀ 15, ਜੁਲਾਈ 11 ਦਿਨ ਸ਼ੁੱਕਰਵਾਰ ਬਣਦਾ ਹੈ। ਜਿਨ੍ਹਾਂ ਦੀ ਆਪਣੀ ਗੜਵੀ ਰੁੜੀ ਫਿਰਦੀ ਹੈ, ਸ਼੍ਰੋਮਣੀ ਕਮੇਟੀ ਉਨ੍ਹਾਂ ਦੇ ਪ੍ਰਭਾਵ ਹੇਠ ਇਤਿਹਾਸਿਕ ਤਾਰੀਖਾਂ ਬਾਰੇ ਫੈਸਲੇ ਕਰਦੀ ਹੈ।

ਖਾਲਸਾ ਜੀ ਜਾਗੋ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਬਾਰਾਮਾਂਹ, ਰੁੱਤੀ ਸਲੋਕ, ਸੂਰਜੀ ਕੈਲੰਡਰ ਹੈ। ਰੁੱਤਾਂ ਦਾ ਸਬੰਧ ਸੂਰਜ ਨਾਲ ਹੈ, ਨਾ ਕਿ ਚੰਦ ਨਾਲ। ਸਾਲ ਦੀ ਲੰਬਾਈ ਭਾਵ ਧਰਤੀ ਦਾ ਸੂਰਜ ਦੁਵਾਲੇ ਇਕ ਚੱਕਰ 365 ਦਿਨਾਂ ਵਿਚ ਪੂਰਾ ਹੁੰਦਾ ਹੈ, ਨਾ ਕਿ 354 ਦਿਨਾਂ ਵਿਚ। ਜੇ ਵੈਸਾਖੀ ਹਰ ਸਾਲ 1 ਵੈਸਾਖ, ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ 8 ਪੋਹ ਅਤੇ 13 ਪੋਹ ਨੂੰ ਮਨਾਏ ਜਾ ਸਕਦੇ ਹਨ, ਤਾਂ ਸਾਰੇ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ ਕਿਉਂ ਨਹੀਂ ਮਨਾਏ ਜਾ ਸਕਦੇ ? ਜੇ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 8 ਸਾਵਣ ਨੂੰ ਮਨਾਇਆ ਜਾਵੇ, ਤਾਂ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ ? ਸ਼੍ਰੋਮਣੀ ਕਮੇਟੀ ਜੇ ਕਿਸੇ ਕਾਰਨ ਵਦੀ-ਸੁਦੀ ਦੇ ਮੱਕੜ ਜਾਲ 'ਚ ਬਾਹਰ ਨਹੀਂ ਨਿਕਲਣਾ ਚਾਹੁੰਦੀ, ਤਾਂ ਘੱਟੋ-ਘੱਟ ਇਹ ਦਿਹਾੜਾ ਅਸਲ ਦਿਨ, ਭਾਵ ਸਾਵਣ ਵਦੀ 10 ਨੂੰ ਤਾਂ ਮਨਾਵੇ। ਇਤਿਹਾਸਕ ਤਾਰੀਖਾਂ ਨੂੰ ਮਨ-ਮਰਜ਼ੀ ਨਾਲ ਬਦਲ ਕੇ, ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ ਕੀ ਸਾਬਿਤ ਕਰਨਾ ਚਾਹੁੰਦੀ ਹੈ ?

*"ਏਹ ਗੁਰੂ 9 ਸੌਣ ਵਦੀ 10 ਸੰਮਤ 1713 ਬਿਕ੍ਰਮੀ ਤੇ ਸਾਲ 187 ਗੁਰੂ, ਬੁੱਧਵਾਰ ਪੁਨਰਬਸਾ ਨਛੱਤਰ ਛੀ ਘੜੀ ਦਿਨ ਚੜੇ ਗੁਰੂ ਹਰਿਰਾਇ ਜੀ ਦੇ ਘਰ ਮਾਤਾ ਕਿਸ਼ਨ ਕੌਰ ਥੀਂ ਕੀਰਤਪੁਰ ਪ੍ਰਗਟ ਹੋਏ ਸਨ"। (ਤਵਾਰੀਖ਼ ਗੁਰੂ ਖਾਲਸਾ, ਗਿਆਨੀ ਗਿਆਨ ਸਿੰਘ) ਇਥੇ ਦਿਨ, ਨਛੱਤਰ ਅਤੇ ਪ੍ਰਵਿਸ਼ਟੇ ਦਾ ਕੋਈ ਮੇਲ ਨਹੀਂ ਬਣਦਾ। ਪਰ ਇਥੇ ਵੀ 'ਸੌਣ ਵਦੀ 10' ਹੀ ਹੈ, ਜੋ ਕਿ ਸਹੀ ਹੈ। ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ 'ਸਿੱਖ ਕੈਲੰਡਰ/ਡਾਇਰੀ 1965-66 ਈਃ ਵਿਚ, ਗੁਰੂ ਜੀ ਦੀ ਜਨਮ ਤਾਰੀਖ 8 ਸਾਵਣ, 1713 ਸੰਮਤ, 7 ਜੁਲਾਈ ਸੰਨ 1656 ਈਃ ਦਰਜ ਹੈ।*

# ਪੰਜਾਬ-ਰਿਹਾਇਸ਼ੀ ਲੋੜਾਂ ਲਈ ਜ਼ਮੀਨ ਇਕੱਠੀ ਕਰਨੀ



ਡਾ. ਅਮਨਪ੍ਰੀਤ ਸਿੰਘ ਬਰਾੜ
96537-90000
ਪੰਜਾਬ ਮੇਲ USA



ਪੰਜਾਬ ਜੋ 1980 ਦਹਾਕੇ ਵਿਚ ਖੇਤੀ ਵਿਚ ਨੰਬਰ ਇੱਕ 'ਤੇ ਸੀ, ਉਦਯੋਗ ਵਿਚ ਨੰਬਰ 2 'ਤੇ। ਇਸ ਨਾਲ ਸੁਭਾਵਕ ਹੈ ਬਾਕੀ ਚੀਜ਼ਾਂ ਜਿਵੇਂ ਕਿ ਰੁਜ਼ਗਾਰ, ਰਹਿਣ-ਸਹਿਣ ਸਭ ਉੱਪਰ ਨੂੰ ਗਿਆ। ਇਸ ਸਮੇਂ ਵਿਚ ਲੋਕਾਂ ਦੇ ਘਰਾਂ ਵਿਚ ਜ਼ਰੂਰੀ ਚੀਜ਼ਾਂ ਦੇ ਨਾਲ-ਨਾਲ ਅਰਾਮਦਾਇਕ ਵਸਤੂਆਂ ਦੀ ਮੰਗ ਵੀ ਵਧੀ। ਉਸ ਸਮੇਂ ਸਰਕਾਰ ਨੇ ਕਈ ਸ਼ਹਿਰਾਂ ਵਿਚ ਇੰਪਰੂਵਮੈਂਟ ਟਰੱਸਟ ਬਣਾਏ ਅਤੇ ਉਨ੍ਹਾਂ ਨੇ ਲੋੜ ਅਨੁਸਾਰ ਸਰਕਾਰੀ ਕਲੋਨੀਆਂ ਕੱਟੀਆਂ। ਇਨ੍ਹਾਂ ਕਲੋਨੀਆਂ ਦਾ ਪੁਖਤਾ ਮਾਸਟਰ ਪਲਾਨ ਨਾਲ ਵਿਕਾਸ ਕੀਤਾ ਗਿਆ। ਪਰ ਇਸ ਵਿਚ ਮੁੱਖ ਸੀ ਕਿ ਮੰਗ ਅਨੁਸਾਰ ਜ਼ਮੀਨ ਐਕਵਾਇਰ ਕਰਕੇ ਇਸ ਨੂੰ ਕੱਟਿਆ ਜਾਂਦਾ ਸੀ। ਇਸ ਸਭ ਵਿਚ ਹੋਰ ਪਾਰ ਦਰਸ਼ਿਤਾ ਲਿਆਉਣ ਅਤੇ ਇਨ੍ਹਾਂ ਦੀਆਂ ਖਾਮੀਆਂ ਨੂੰ ਦੂਰ ਕਰਨ ਲਈ ਪੰਜਾਬ ਰੀਜਨਲ ਟਾਊਨ ਡਿਵੈਲਪਮੈਂਟ ਬੋਰਡ ਐਕਟ 1995 ਬਣਾਇਆ ਗਿਆ। ਇਸ ਬੋਰਡ ਤਹਿਤ ਪੁੱਡਾ, ਗਲਾਡਾ ਵਰਗੀਆਂ ਅਥਾਰਟੀਆਂ ਬਣਾਈਆਂ ਗਈਆਂ। ਪਰ ਅਫਸੋਸ ਕਿ ਕੰਮ ਸੁਧਰਨ ਦੀ ਬਜਾਏ ਵਿਗੜ ਗਿਆ। ਇਸ ਵਿਚ ਮੁੱਖ ਗੱਲ ਸੀ ਕਿ ਜਿਹੜੇ ਸ਼ਹਿਰਾਂ ਦੇ ਪੁਰਾਣੇ ਤੰਗ ਇਲਾਕੇ ਸਨ, ਉਨ੍ਹਾਂ ਨੂੰ ਸੁਧਾਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਸੜਕਾਂ ਇੰਨੀਆਂ ਭੀੜੀਆਂ ਹਨ, ਲੋੜ ਪੈਣ 'ਤੇ ਫਾਇਰਬ੍ਰਿਗੇਡ ਵੀ ਅੰਦਰ ਨਹੀਂ ਜਾਂਦੀ। ਇਸ ਵਿਚ ਪੁਰਾਣੇ ਸ਼ਹਿਰ ਦਾ ਹਾਲ ਤਾਂ ਕੀ ਸੁਧਾਰਨਾ ਸੀ, ਸਗੋਂ ਇਨ੍ਹਾਂ ਅਥਾਰਟੀਆਂ ਦੇ ਨੱਕ ਹੇਠ ਅਣਧਿਕਾਰਤ ਕਲੋਨੀਆਂ ਦਾ ਕੰਮ ਧੜੱਲੇ ਨਾਲ ਚੱਲਿਆ। ਨੌਬਤ ਇਥੋਂ ਤੱਕ ਆ ਗਈ ਕਿ ਨਵੀਆਂ ਕਲੋਨੀਆਂ ਵਿਚ ਵੀ ਸੜਕਾਂ 24 ਫੁੱਟ ਦੀਆਂ ਰਹਿ ਗਈਆਂ। ਇੱਕ-ਇੱਕ ਏਕੜ ਵਿਚ 50-50 ਗਜ਼ ਦੇ ਘਰ ਕੱਟੇ ਗਏ। ਕੀ ਇਹ ਕੰਮ ਨੂੰ ਰੋਕਣ ਦਾ ਫਰਜ਼ ਇਨ੍ਹਾਂ ਅਥਾਰਟੀਆਂ ਦਾ ਨਹੀਂ ਸੀ। ਕਹਿਣ ਦਾ ਭਾਵ ਇਨ੍ਹਾਂ ਨੇ ਆਪਣਾ ਕੰਮ ਤਸੱਲੀਬਖਸ਼ ਨਹੀਂ ਕੀਤਾ। ਹਰ ਸਰਕਾਰ ਨੇ ਸੈਂਕੜੇ ਅਣਅਧਿਕਾਰਤ ਕਲੋਨੀਆਂ ਨੂੰ ਅਧਿਕਾਰਤ ਪਰ ਉਨ੍ਹੀਆਂ ਹੀ ਅਣਅਧਿਕਾਰਤ ਹੋਰ ਖੜ੍ਹੀਆਂ ਹੋ ਜਾਂਦੀਆਂ ਹਨ, ਇਹ ਸਿਲਸਿਲਾ ਲਗਾਤਾਰ ਇਸ ਕਰਕੇ ਚੱਲਦਾ ਹੈ ਕਿ ਵੋਟਾਂ ਵੇਲੇ ਹਰ ਸਰਕਾਰ ਲੋਕਾਂ ਨੂੰ ਰਿਆਇਤਾਂ ਦਿੰਦੀ ਹੈ। ਨਗਰਪਾਲਿਕਾ ਕਮੇਟੀ ਅਤੇ ਕਾਰਪੋਰੇਸ਼ਨਾਂ ਦਾ ਇਨ੍ਹਾਂ ਦੇ ਸੁਧਾਰ ਵੱਲ ਕੋਈ ਧਿਆਨ ਨਹੀਂ। ਇਸ ਵੇਲੇ ਇੱਕ ਹੋਰ ਵੱਡੀ ਸਮੱਸਿਆ ਚੱਲ ਰਹੀ ਸੀ ਕਿ ਜਿੱਥੇ ਵੀ ਜ਼ਮੀਨ ਐਕਵਾਇਰ ਹੁੰਦੀ ਹੈ, ਉਥੇ ਹੀ ਰੌਲਾ ਪੈਂਦਾ ਹੈ, ਖਾਸ ਕਰਕੇ ਮੁਆਵਜ਼ੇ ਦਾ। ਇਸ ਵਿਚ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਰਾਈਟ ਟੂ ਫੇਅਰ ਕੰਪੈਨਸੇਸ਼ਨ ਐਂਡ ਟਰਾਂਸਪਰੈਂਸੀ ਇਨ ਲੈਂਡ ਐਕਊਜ਼ੀਸ਼ਨ ਰੀਹੈਬਲੀਏਸ਼ਨ ਐਂਡ ਰੀਸੈਟਲਮੈਂਟ ਐਕਟ 2013 ਲਿਆਂਦਾ।

ਇਸ 2013 ਦੇ ਲੈਂਡ ਐਕਊਜ਼ੀਸ਼ਨ ਐਕਟ ਵਿਚ ਮੁੱਖ ਗੱਲ ਸੀ ਕਿ ਮੁਆਵਜ਼ਾ ਕਿੰਨਾ ਹੋਵੇਗਾ ਅਤੇ ਉਸ ਨੂੰ ਨਿਰਧਾਰਤ ਕਰਨ ਦੀ ਪ੍ਰਕਿਰਿਆ ਪਾਰਦਰਸ਼ੀ ਹੋਵੇਗੀ। ਇਸ ਵਿਚ ਮੁਆਵਜ਼ਾ ਮਾਰਕੀਟ ਕੀਮਤ ਦਾ ਚਾਰ ਗੁਣਾ ਅਤੇ ਦੋ ਗੁਣਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਨੇ ਦੋ ਹੋਰ ਸ਼ਬਦ ਲਿਆਂਦੇ ਪਹਿਲਾ ਰੀਹੈਬਲੀਟੇਸ਼ਨ ਯਾਨੀ ਉਨ੍ਹਾਂ ਨੂੰ ਸਿੱਖਿਆ ਦੇਣਾ ਕਿ ਕਿਸ ਤਰ੍ਹਾਂ ਤੇ ਕਿੱਥੇ ਕਰਾਈ ਜਾਵੇਗੀ, ਉਸਦਾ ਪੁਖਤਾ ਪਲਾਨ ਹੋਣਾ ਚਾਹੀਦਾ ਹੈ। ਇਸ ਵਿਚ ਇੱਕ ਹੋਰ ਬੜੀ ਵੱਡੀ ਗੱਲ ਸੀ ਕਿ ਜਿਸ ਚੀਜ਼ ਲਈ ਜਗ੍ਹਾ ਲਈ ਉਥੇ ਉਹੋ ਕੁੱਝ ਹੀ ਬਣੇਗਾ, ਉਦਾਹਰਣ ਦੇ ਤੌਰ 'ਤੇ ਜਗ੍ਹਾ ਹਸਪਤਾਲ ਲਈ ਹੈ, ਤਾਂ ਹਸਪਤਾਲ ਹੀ ਬਣੇਗਾ, ਅਗਰ ਤਿੰਨ ਸਾਲਾਂ ਵਿਚ ਹਸਪਤਾਲ ਨਾ ਬਣਿਆ, ਤਾਂ ਉਹ ਜਗ੍ਹਾ ਵਾਪਸ ਉਨ੍ਹਾਂ ਦੇ ਮਾਲਕਾਂ ਨੂੰ ਦਿੱਤੀ ਜਾਵੇਗੀ। ਪਰ ਮੌਜੂਦਾ ਕੇਂਦਰ ਸਰਕਾਰ ਜਦੋਂ 2014 ਵਿਚ ਸੱਤ੍ਹਾ ਵਿਚ ਆਈ, ਤਾਂ ਇਨ੍ਹਾਂ ਨੇ ਇਸ 2013 ਦੇ ਐਕਟ ਵਿਚ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕੀਤੀ। ਹੋਇਆ ਇਹ ਕਿ ਅੱਜ ਵੀ ਇਹ ਐਕਟ ਅੱਧ-ਪਚੱਦਾ ਜਿਸ ਦਾ ਜਿਵੇਂ ਜੀਅ ਕਰਦਾ ਮੋੜ ਦਿੰਦਾ ਹੈ। ਅੱਜ ਵੀ ਮੁਆਵਜ਼ਿਆਂ ਦਾ ਰੌਲਾ ਪਿਆ ਹੋਇਆ ਹੈ। ਇਸ ਮੁਆਵਜੇ ਦੇ ਚੱਕਰ ਤੋਂ ਬਚਣ ਲਈ ਇਹ ਲੈਂਡ ਪੂਲਿੰਗ ਸਕੀਮ ਲਿਆਂਦੀ ਗਈ।

ਇਸ ਸਕੀਮ ਦੇ ਸਰਕਾਰ ਨੂੰ ਫਾਇਦੇ ਕੀ ਹਨ। ਇੱਕ ਤਾਂ ਕਿਸੇ ਨੂੰ ਮੁਆਵਜ਼ਾ ਦੇਣਾ ਹੀ ਨਹੀਂ ਪੈਣਾ, ਯਾਨੀ ਜੋ ਹੋਣਾ ਹੀ ਨਾ ਮੁਮਕਿਨ ਸੀ ਕਿਉਂਕਿ ਸਰਕਾਰੀ ਖਜ਼ਾਨਾ ਡਾਵਾਂਡੋਲ ਅਤੇ ਪੰਜਾਬ ਕਰਜ਼ੇ 'ਤੇ ਚੱਲ ਰਿਹਾ ਹੈ। ਇਸ ਵਿਚ ਘੱਟੋ-ਘੱਟ ਤਿੰਨ ਸਾਲਾਂ ਬਾਅਦ 1 ਏਕੜ (4840 ਗਜ਼) ਮਗਰ ਤਕਰੀਬਨ 1200 ਗਜ ਡਿਵੈਲਪਡ ਜ਼ਮੀਨ ਦੇਣੀ ਹੈ, ਯਾਨੀ 25 ਫੀਸਦੀ ਮੁੜ ਕੇ ਮਾਲਕ ਨੂੰ ਮਿਲੂਗੀ। ਇਸ ਵਿਚ 25 ਫੀਸਦੀ ਹੋਰ ਜੋੜ ਲਈਏ ਜੋ ਸੜਕਾਂ, ਪਾਰਕਾਂ ਦੀ ਵੇਸਟੇਜ਼ ਵਿਚ ਚਲੀ ਜਾਊਗੀ, ਤਾਂ ਤਕਰੀਬਨ ਸਰਕਾਰੀ ਅੰਕੜਿਆਂ ਮੁਤਾਬਕ 2640 ਗਜ਼ ਜ਼ਮੀਨ ਸਰਕਾਰ ਕੋਲ ਬਚੇਗੀ, ਜਿਸ ਨੂੰ ਵੇਚ ਕੇ ਸਰਕਾਰ ਮੁਨਾਫਾ ਕਮਾਏਗੀ। ਇਸ ਬਾਰੇ ਤਾਂ ਕਿਆਸਰਾਈਆਂ ਹੀ ਹਨ, ਕਦੋਂ ਤੇ ਕਿਵੇਂ ਮੁਆਵਜ਼ਾ ਆਵੇਗਾ, ਇਹ ਸਿਰਫ ਹਜੇ ਖਿਆਲੀ ਪਲਾਓ ਹੀ ਹਨ।

**ਦੂਜੀ ਕੀ ਇਹ ਸਕੀਮ ਦਾ ਕਿਸਾਨਾਂ ਨੂੰ ਫਾਇਦਾ ਦਿਊਗੀ:** ਇਸ ਵਿਚ ਕਿਸਾਨਾਂ ਦਾ ਕੋਈ ਫਾਇਦਾ ਨਜ਼ਰ ਨਹੀਂ ਆਉਂਦਾ। ਪਹਿਲੀ ਗੱਲ ਕਿ ਅੱਜ ਕੋਈ ਮੁਆਵਜ਼ਾ ਨਹੀਂ ਮਿਲਣਾ, ਘੱਟੋ-ਘੱਟ ਤਿੰਨ ਸਾਲ ਬਾਅਦ ਪਲਾਟ ਮਿਲਣਗੇ, ਇਹ ਸਮਾਂ ਵੱਧ ਵੀ ਸਕਦਾ ਹੈ ਕਿਉਂਕਿ ਕੋਈ ਵੀ ਸਰਕਾਰੀ ਕੰਮ ਸਮੇਂ ਸਿਰ ਪੂਰਾ ਨਹੀਂ ਹੁੰਦਾ। ਜਿਹੜੇ ਪਲਾਟ ਮਿਲਣਗੇ, ਉਹ ਕਦੋਂ ਤੇ ਕਿਵੇਂ ਵਿਕਣਗੇ, ਇਸ ਬਾਰੇ ਕੋਈ ਪੁਖਤਾ ਨੀਤੀ ਨਹੀਂ। ਇਹ ਉਸ ਵੇਲੇ ਦੀ ਮੰਗ 'ਤੇ ਨਿਰਭਰ ਕਰਦਾ ਹੈ। ਅੱਜ ਜਿਨ੍ਹਾਂ ਦੇ ਘਰ ਉਜੜ ਗਏ, ਉਹ ਤਿੰਨ ਸਾਲ ਕੀ ਕਰਨਗੇ। ਘਰਾਂ ਦਾ ਮੁਆਵਜ਼ਾ 2013 ਦੀ ਲੈਂਡ ਐਕਊਜ਼ਿਸ਼ਨ ਮੁਤਾਬਕ ਦਿੱਤਾ ਜਾਊਗਾ। ਇਸ ਦਾ ਮੁਲਾਂਕਣ ਔਖਾ ਹੋਵੇਗਾ ਕਿਉਂ ਕਿਸੇ ਨੇ ਕੜੀਆਂ ਬਾਲਿਆਂ ਦੀ ਛੱਤ ਪਾਈ ਹੈ ਤੇ ਕਿਸੇ ਦਾ ਪੱਕਾ ਮਕਾਨ, ਕੰਮ ਅੱਜ ਦੋਵਾਂ ਦਾ ਹੀ ਵੱਧੀਆ ਚੱਲੀ ਜਾਂਦਾ ਹੈ। ਇਸ ਤਰ੍ਹਾਂ ਜਿਸ ਕੋਲ ਇੱਕ ਏਕੜ ਹੈ, ਉਹ ਡੇਅਰੀ ਜਾਂ ਸਬਜ਼ੀਆਂ ਬੀਜ ਕੇ ਲੁਧਿਆਣੇ ਵੇਚਦਾ ਹੈ, ਉਹ 30,000/- ਰੁਪਏ ਮਹੀਨਾ ਕਮਾਉਂਦਾ ਹੈ। ਇਸ ਦਾ ਹੋਰ ਵੱਡਾ ਘਾਟਾ ਹੈ ਪਲਾਟ ਮਿਲਣ ਤੋਂ ਬਾਅਦ ਮਾਲਕਾਂ ਨੂੰ ਡਿਵੈਲਪਮੈਂਟ ਚਾਰਜਿਜ਼ ਵੀ ਦੇਣੇ ਪੈਣੇ ਹਨ। ਨਾਲੇ ਵਾਧੂ ਜ਼ਮੀਨ ਗਈ ਨਾਲ ਚਾਰਜਿਜ਼ ਵੀ ਦਿਉ।

ਇਸ ਵਿਚ ਬਹੁਚਰਚਿਤ "ਆਈ ਸਿਟੀ ਮੋਹਾਲੀ" ਦੀ ਉਦਾਹਰਣ ਚਲਦੀ ਹੈ, 7 ਜੁਲਾਈ, 2025 ਦੀ ਹਿੰਦੁਸਤਾਨ ਟਾਈਮਜ਼ ਵਿਚ ਛਪੀ ਖਬਰ ਮੁਤਾਬਕ 8000 ਕਿਸਾਨਾਂ ਵਿਚੋਂ ਸਿਰਫ 15 ਨੇ ਸਹਿਮਤੀ ਦਿੱਤੀ ਹੈ ਲੈਂਡ ਪੂਲਿੰਗ ਲਈ। ਇਸ ਨਾਂਹ ਵਰਗੇ ਰਵੱਈਏ ਦਾ ਮੁੱਖ ਕਾਰਨ ਹੈ ਜਦੋਂ ਆਈ.ਟੀ. ਸਿਟੀ ਅਤੇ ਐਰੋਂ ਕੱਟੀਆਂ ਸਨ, ਤਾਂ ਪਹਿਲਾਂ ਤਾਂ ਸਾਲਾਂ ਦੀ ਜੱਦੋ-ਜਹਿਦ ਤੋਂ ਬਾਅਦ ਪਲਾਟ ਮਿਲੇ ਹਨ, ਜਿਹੜੇ ਮਿਲੇ ਹਨ, ਉਹ ਵੀ ਪੂਰੀ ਤਰ੍ਹਾਂ ਡਿਵੈਲਪਡ ਨਹੀਂ ਹਨ, ਦਿੱਤੇ ਵੀ ਪਿੱਛੇ ਹੱਟਵੇਂ ਹਨ। ਚੰਗੀਆਂ ਤੇ ਡਿਵੈਲਪਡ ਜਗ੍ਹਾ 'ਤੇ ਕਾਰਪੋਰੇਟ ਨੇ ਕਲੋਨੀਆਂ ਬਣਾ ਲਈਆਂ ਅਤੇ ਕਰੋੜਾਂ ਦੇ ਵੇਚ ਰਹੇ ਹਨ। ਯਾਨੀ ਸਸਤੇ ਮਕਾਨ ਅਤੇ ਵਪਾਰਕ ਅਦਾਰਾ ਮਿਲਣ ਦੀ ਆਮ ਆਦਮੀ ਨੂੰ ਉਮੀਦ ਨਾਂਹ ਦੇ ਬਰਾਬਰ ਹੀ ਹੈ।

ਕਿਸੇ ਚੀਜ਼ ਦੀ ਮੰਗ ਲੋਕਾਂ ਦੀ ਲੋੜ ਅਤੇ ਜੇਬ ਅਨੁਸਾਰ ਹੁੰਦੀ ਹੈ। ਜੇਬ ਰੋਜ਼ਗਾਰ ਨਾਲ ਜੁੜੀ ਹੈ। ਨਾ ਤਾਂ ਰੋਜ਼ਗਾਰ ਲੋਕਾਂ ਨੂੰ ਲੋੜ ਅਨੁਸਾਰ ਮਿਲ ਰਿਹਾ ਹੈ ਅਤੇ ਜਿਨ੍ਹਾਂ ਨੂੰ ਮਿਲਿਆ ਹੈ, ਉਨ੍ਹਾਂ ਦੀ ਤਨਖਾਹ ਇੰਨ੍ਹੀ ਥੋੜ੍ਹੀ ਹੈ ਕਿ ਦੋ ਵਕਤ ਦੀ ਰੋਟੀ ਅਤੇ ਬੱਚਿਆਂ ਦੀ ਪੜ੍ਹਾਈ ਹੀ ਪੂਰੀ ਨਹੀਂ ਆਉਂਦੀ। ਪ੍ਰਾਪਰਟੀ ਵੱਲ ਤਾਂ ਕੋਈ ਤਾਂ ਜਾਵੇਗਾ, ਜੇ ਚਾਰ ਪੈਸੇ ਬਚਣਗੇ, ਤਾਂ ਸਰਕਾਰੀ ਨੌਕਰੀ ਮਿਲਦੀ ਨਹੀਂ, ਜਿਹੜੀ ਮਿਲਦੀਆਂ ਉਹ ਵੀ ਠੇਕੇ 'ਤੇ। ਪਿਛਲੇ ਸਮਿਆਂ ਵਿਚ ਪ੍ਰਾਪਰਟੀਆਂ ਵਿੱਕੀਆਂ ਕਿਉਂਕਿ ਤਨਖਾਹਾਂ ਚੰਗੀਆਂ ਸਨ, ਖੇਤੀ ਵਪਾਰ ਅਤੇ ਇੰਡਸਟਰੀ ਵਿਚ ਵੀ ਮੁਨਾਫਾ ਸੀ। ਅੱਜ ਹਰ ਚੀਜ਼ ਮਹਿੰਗਾਈ ਦੀ ਮਾਰ ਝੱਲ ਰਹੀ ਹੈ। ਇਸ ਕਰਕੇ ਪ੍ਰਾਪਰਟੀ ਦੀ ਅਸਲ ਮੰਗ ਬਹੁਤ ਘੱਟ ਹੈ। ਬਹੁਤੇ ਇੰਨਵੈਸਟਮੈਂਟ ਵਾਲੇ ਹੀ ਪ੍ਰਾਪਰਟੀ ਏਧਰ-ਉਧਰ ਕਰਦੇ ਹਨ। ਇਸ ਵੇਲੇ ਸੋਚਣ ਦੀ ਗੱਲ ਤਾਂ ਇਹ ਹੈ ਕਿ ਕੀ ਸਰਕਾਰ ਨੇ ਕੀ ਕੋਈ ਸਰਵੇ ਕਰਵਾਇਆ ਹੈ ਕਿ ਸਾਨੂੰ ਵਾਕਿਆਂ ਹੀ ਐਨੇ ਵੱਡੇ ਪੱਧਰ 'ਤੇ ਘਰ, ਉਦਯੋਗ ਅਤੇ ਵਪਾਰ ਲਈ ਜਗ੍ਹਾ ਇਕੋ ਵਕਤ ਚਾਹੀਦੀ ਹੈ।

ਇਸ ਵੇਲੇ ਮੇਰੇ ਹਿਸਾਬ ਨਾਲ ਸਰਕਾਰ ਨੂੰ ਕਿਸਾਨਾਂ ਤੋਂ ਜ਼ਮੀਨ ਲੈਣ ਦੀ ਬਜਾਏ ਪਹਿਲਾਂ ਜੋ ਕੱਟੀਆਂ ਕਲੋਨੀਆਂ ਹਨ, ਉਨ੍ਹਾਂ ਦਾ ਰਿਮੋਟਸੈਨਸਿੰਗ ਤੋਂ ਸਰਵੇ ਕਰਾਵਾਵੇ ਕਿ ਕਿੰਨੇ ਪਲਾਟ/ਜਗ੍ਹਾ ਖਾਲੀ ਪਏ ਹਨ। ਉਨ੍ਹਾਂ ਨੂੰ ਵਰਤੋਂ ਵਿਚ ਲਿਆਂਦਾ ਜਾਵੇ। ਇਨ੍ਹਾਂ ਕਲੋਨੀਆਂ ਵਿਚ ਜਿਨ੍ਹਾਂ ਦੇ ਪਲਾਟ ਹੋਣ, ਉਨ੍ਹਾਂ ਨੂੰ ਨਿਰਧਾਰਿਤ ਸਮੇਂ ਵਿਚ ਘਰ ਬਣਾਉਣਾ ਲਾਜ਼ਮੀ ਹੋਵੇ। ਇਹ ਚੀਜ਼ ਪਹਿਲਾਂ ਵੀ ਲੁਧਿਆਣਾ ਇੰਪਰੂਵਮੈਂਟ ਟਰੱਸਟ ਦੀਆਂ ਕਲੋਨੀਆਂ ਵਿਚ ਲਾਗੂ ਹੈ। ਜਿਥੇ ਤੱਕ ਘਰਾਂ ਦੀ ਸਮੱਸਿਆ ਦਾ ਸਵਾਲ ਹੈ, ਸਰਕਾਰ ਨੂੰ ਪ੍ਰਾਈਵੇਟ ਖੇਤਰ ਦੀ ਮਦਦ ਲੈਣੀ ਚਾਹੀਦੀ ਹੈ। ਅੱਜ ਦੇ ਕਿਰਾਏ ਦੇ ਕਾਨੂੰਨ ਮਾਲਕ ਦੇ ਹੱਕ ਵਿਚ ਨਹੀਂ ਹਨ। ਜੇ ਮਾਲਕ ਨੂੰ ਮਹਿੰਗਾਈ ਅਨੁਸਾਰ ਕਿਰਾਇਆ ਵਧਾਉਣ ਅਤੇ ਕਿਰਾਇਆ ਨਾ ਦੇਣ ਦੀ ਸੂਰਤ ਵਿਚ ਮਕਾਨ ਖਾਲੀ ਕਰਾਉਣ ਦਾ ਹੱਕ ਮਿਲ ਜਾਵੇ, ਤਾਂ ਪ੍ਰਾਈਵੇਟ ਇੰਨਵੈਸਟਮੈਂਟ ਵਾਲੇ ਜਿਹਨਾਂ ਦੇ ਪਲਾਟ ਖਾਲੀ ਪਏ ਹਨ, ਛੋਟੇ ਘਰਾਂ ਦੀਆਂ ਲਾਈਨਾਂ ਲਗਾ ਕੇ ਝੌਂਪੜੀਆਂ ਖਤਮ ਕਰ ਦੇਣਗੇ।

> *ਇਸ ਸਕੀਮ ਦੇ ਸਰਕਾਰ ਨੂੰ ਫਾਇਦੇ ਕੀ ਹਨ। ਇੱਕ ਤਾਂ ਕਿਸੇ ਨੂੰ ਮੁਆਵਜ਼ਾ ਦੇਣਾ ਹੀ ਨਹੀਂ ਪੈਣਾ, ਯਾਨੀ ਜੋ ਹੋਣਾ ਹੀ ਨਾ ਮੁਮਕਿਨ ਸੀ ਕਿਉਂਕਿ ਸਰਕਾਰੀ ਖਜ਼ਾਨਾ ਡਾਵਾਂਡੋਲ ਅਤੇ ਪੰਜਾਬ ਕਰਜ਼ੇ 'ਤੇ ਚੱਲ ਰਿਹਾ ਹੈ। ਇਸ ਵਿਚ ਘੱਟੋ-ਘੱਟ ਤਿੰਨ ਸਾਲਾਂ ਬਾਅਦ 1 ਏਕੜ (4840 ਗਜ਼) ਮਗਰ ਤਕਰੀਬਨ 1200 ਗਜ ਡਿਵੈਲਪਡ ਜ਼ਮੀਨ ਦੇਣੀ ਹੈ, ਯਾਨੀ 25 ਫੀਸਦੀ ਮੁੜ ਕੇ ਮਾਲਕ ਨੂੰ ਮਿਲੂਗੀ।*

ਪ੍ਰਾਜੈਕਟ ਤਹਿਤ ਬਹੁਤੇ ਕਿਸਾਨਾਂ ਦਾ ਉਜਾੜਾ ਤਹਿ ਹੈ, ਉੱਧਰ ਪੰਜਾਬ ਦੀ ਜਰਖੇਜ਼ ਜ਼ਮੀਨ ਹੌਲੀ-ਹੌਲੀ ਕਾਰਪੋਰੇਟ ਦੇ ਹੱਥ ਆ ਜਾਏਗੀ। ਠੱਗੀ ਹੋਰ ਵੱਧ ਜਾਵੇਗੀ, ਪਹਿਲਾਂ ਹੀ ਅੱਜ ਸ਼ਹਿਰਾਂ ਵਿਚ ਭੂ ਮਾਫੀਆ ਪਸਰਿਆ ਜਾਂਦਾ ਹੈ। ਇਨ੍ਹਾਂ ਦਾ ਕੰਮ ਹੈ ਕਿ ਬੰਦਾ ਵੇਖਣਾ ਜੇ ਐੱਨ.ਆਰ.ਆਈ. ਜਾਂ ਫਿਰ ਕਮਜ਼ੋਰ ਹੈ ਜਾਂ ਆਪਸ ਵਿਚ ਰੌਲਾ ਹੈ, ਉਸਦੇ ਜਾਅਲੀ ਕਾਗਜ਼ ਮਾਲ ਮਹਿਕਮੇ ਨਾਲ ਰਲਕੇ ਤਿਆਰ ਕਰਕੇ ਹਥਿਆਇਆ ਜਾਂਦਾ ਹੈ। ਅਸਲੀ ਮਾਲਕ ਪੁਲਿਸ, ਕਚਿਹਰੀ ਅਤੇ ਸਿਆਸਤਦਾਨਾਂ ਦੇ ਚੱਕਰ ਲਗਾਉਂਦੇ ਰਹਿੰਦੇ ਹਨ। ਇਥੋਂ ਤੱਕ ਕਿ ਕਈ ਪਲਾਟ ਜਿਨ੍ਹਾਂ ਦੀਆਂ ਰਜਿਸਟਰੀਆਂ ਵਿਚ ਪਹਿਲਾਂ ਪੁੱਡਾ ਅਪਰੂਵਡ ਲਿਖਿਆ ਹੈ, ਅੱਜ ਨਕਸ਼ਾ ਬਦਲ ਦਿੱਤਾ ਤੇ ਹੁਣ ਉਸਨੂੰ ਪੁੱਡਾ ਅਪਰੂਵਡ ਨਹੀਂ ਗਿਣਿਆ ਜਾਂਦਾ। ਇਸ ਨੋਟੀਫਿਕੇਸ਼ਨ ਨਾਲ ਨਾ ਤਾਂ ਹੁਣ ਉਨ੍ਹਾਂ ਕਿਸਾਨਾਂ ਦੀ ਜ਼ਮੀਨ ਵਿਕਣੀ ਹੈ ਅਤੇ ਨਾ ਹੀ ਉਸ ਨੂੰ ਗਿਰਵੀ ਰੱਖ ਕੇ ਕਰਜ਼ਾ ਲੇਣ ਜੋਗਾ ਰਹੂਗਾ। ਇਹ ਪਾਲਿਸੀ ਕਿਸਾਨਾਂ ਦੀ ਆਮਦਨ ਖਤਮ ਕਰਨ ਦਾ ਸਭ ਤੋਂ ਵੱਡਾ ਹਥਿਆਰ ਹੈ।

ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਸਕੀਮ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ ਕਿ ਸਾਡੀ ਮੰਗ ਕਿੰਨੀ ਹੈ। ਕੀ ਜੋ ਨਾਜਾਇਜ਼ ਕਲੋਨੀਆਂ ਹਨ, ਜੇ ਸਰਕਾਰ ਉਨ੍ਹਾਂ ਨੂੰ ਠੀਕ ਢੰਗ ਨਾਲ ਡਿਵੈਲਪ ਕਰ ਲਵੇ, ਤਾਂ ਇਹ ਮੰਗ ਪੂਰੀ ਹੁੰਦੀ ਹੈ। ਜੇ ਘੱਟਦੀ ਹੈ ਤਾਂ ਕਿੰਨੀ ਹੋਰ ਦੀ ਲੋੜ ਹੈ। ਇਸ ਨਾਲ ਉਪਜਾਊ ਜ਼ਮੀਨ ਦਾ ਤੇ ਉਥੋਂ ਦੇ ਬਾਸ਼ਿੰਦਿਆਂ ਦਾ ਉਜਾੜਾ ਨਹੀਂ ਹੋਊਗਾ। ਕਿਉਂਕਿ ਮੁੜ ਵਸੇਬੇ ਦੀਆਂ ਜੋ ਸਰਕਾਰੀ ਯੋਜਨਾਵਾਂ ਹਨ, ਉਹ ਜ਼ਮੀਨੀ ਹਕੀਕਤ ਤੋਂ ਕੋਹਾਂ ਦੂਰ ਹਨ। ਇਹ ਨਾ ਹੋਵੇ ਕਿ ਪਹਿਲਾਂ ਹੀ ਨਿਰਾਸ਼ਾ ਅਤੇ ਬੇਰੁਜ਼ਗਾਰੀ ਨਾਲ ਜੂਝਦੇ ਪੰਜਾਬੀਆਂ ਦੀ ਜਵਾਨੀ ਕਿਤੇ ਹੋਰ ਕੁਰਾਹੇ ਪੈ ਜਾਵੇ ।

# ਕਾਂਵੜ ਜਾਂ ਗੁੰਡਾਗਰਦੀ? ਵਿਸ਼ਵਾਸ ਦੇ ਮਾਰਗ ਵਿਚ ਅਨੁਸ਼ਾਸਨ ਦੀ ਲੋੜ ਹੈ

**ਕਾਂਵੜ ਯਾਤਰਾ ਦਾ ਸੁਭਾਅ ਹੁਣ ਵਿਸ਼ਵਾਸ ਤੋਂ ਹਟ ਕੇ ਪ੍ਰਦਰਸ਼ਨ ਅਤੇ ਜਨੂੰਨ ਵੱਲ ਵਧ ਗਿਆ ਹੈ। ਉੱਚੀ ਆਵਾਜ਼ ਵਿਚ ਡੀਜੇ, ਬਾਈਕ ਸਟੰਟ, ਟ੍ਰੈਫਿਕ ਜਾਮ ਅਤੇ ਹਿੰਸਾ ਨੇ ਇਸਨੂੰ ਬਦਨਾਮ ਕਰ ਦਿੱਤਾ ਹੈ। ਇਸ ਦੇ ਉਲਟ, ਰਾਮਦੇਵਰਾ ਵਰਗੀਆਂ ਯਾਤਰਾਵਾਂ ਅਜੇ ਵੀ ਸ਼ਾਂਤ, ਅਨੁਸ਼ਾਸਿਤ ਅਤੇ ਸਮਰਪਿਤ ਹਨ। ਇਸਦਾ ਕਾਰਨ ਸ਼ਰਧਾ ਵਿਚ ਨਿਮਰਤਾ, ਪ੍ਰਸ਼ਾਸਨਿਕ ਅਨੁਸ਼ਾਸਨ ਅਤੇ ਰਾਜਨੀਤਿਕ ਦਖਲਅੰਦਾਜ਼ੀ ਦੀ ਘਾਟ ਹੈ। ਹੁਣ ਸ਼ਰਧਾ ਨੂੰ ਸ਼ਰਧਾ ਹੀ ਰਹਿਣ ਦੇਣ ਦੀ ਲੋੜ ਹੈ - ਅਨੁਸ਼ਾਸਨ, ਸਮਰਪਣ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੇ ਨਾਲ। -ਪ੍ਰਿਯੰਕਾ ਸੌਰਭ**



ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA


ਭਾਰਤ ਵਰਗੇ ਧਾਰਮਿਕ ਦੇਸ਼ ਵਿਚ, ਤੀਰਥ ਯਾਤਰਾਵਾਂ ਅਤੇ ਧਾਰਮਿਕ ਯਾਤਰਾਵਾਂ ਦਾ ਇੱਕ ਡੂੰਘਾ ਸਮਾਜਿਕ, ਸੱਭਿਆਚਾਰਕ ਅਤੇ ਅਧਿਆਤਮਿਕ ਮਹੱਤਵ ਹੈ। ਇਨ੍ਹਾਂ ਯਾਤਰਾਵਾਂ ਦਾ ਉਦੇਸ਼ ਸਵੈ-ਸ਼ੁੱਧਤਾ, ਸਮਰਪਣ ਅਤੇ ਸ਼ਾਂਤੀ ਦੀ ਪ੍ਰਾਪਤੀ ਹੈ। ਪਰ ਹਾਲ ਹੀ ਦੇ ਸਾਲਾਂ ਵਿਚ, ਕੁਝ ਤੀਰਥ ਯਾਤਰਾਵਾਂ, ਖਾਸ ਕਰਕੇ ਕੰਵਰ ਯਾਤਰਾ, ਆਪਣੇ ਮੂਲ ਰੂਪ ਤੋਂ ਭਟਕ ਗਈਆਂ ਹਨ ਅਤੇ ਹਫੜਾ-ਦਫੜੀ, ਸ਼ੋਰ ਅਤੇ ਅਨੁਸ਼ਾਸਨਹੀਣਤਾ ਦਾ ਸਮਾਨਾਰਥੀ ਬਣ ਰਹੀਆਂ ਹਨ।

ਜਿੱਥੇ ਇੱਕ ਪਾਸੇ ਲੱਖਾਂ ਸ਼ਰਧਾਲੂ ਰਾਜਸਥਾਨ ਦੇ ਰਾਮਦੇਵਰਾ ਵਰਗੇ ਸਥਾਨਾਂ 'ਤੇ ਸ਼ਾਂਤੀ ਅਤੇ ਸ਼ਰਧਾ ਨਾਲ ਪ੍ਰਾਰਥਨਾ ਕਰਨ ਲਈ ਸੈਂਕੜੇ ਕਿਲੋਮੀਟਰ ਦੀ ਯਾਤਰਾ ਕਰਦੇ ਹਨ, ਉੱਥੇ ਦੂਜੇ ਪਾਸੇ, ਕੰਵਰ ਯਾਤਰਾ ਦੌਰਾਨ, ਸੜਕਾਂ 'ਤੇ ਕਬਜ਼ੇ, ਡੀਜੇ ਦੀਆਂ ਧੁਨਾਂ 'ਤੇ ਨੱਚਣ, ਟ੍ਰੈਫਿਕ ਜਾਮ, ਭੰਨਤੋੜ ਅਤੇ ਲੜਾਈਆਂ ਦੀਆਂ ਅਕਸਰ ਰਿਪੋਰਟਾਂ ਆਉਂਦੀਆਂ ਰਹਿੰਦੀਆਂ ਹਨ। ਸਵਾਲ ਉੱਠਦਾ ਹੈ - ਕੀ ਵਿਸ਼ਵਾਸ ਦਾ ਅਰਥ ਅਰਾਜਕਤਾ ਹੈ? ਸਿਰਫ਼ ਕੰਵਰੀਆ ਹੀ ਹੰਗਾਮਾ ਕਿਉਂ ਕਰਦੇ ਹਨ, ਜਦੋਂਕਿ ਹੋਰ ਤੀਰਥ ਯਾਤਰਾਵਾਂ ਸ਼ਾਂਤੀਪੂਰਵਕ ਹੁੰਦੀਆਂ ਹਨ?

**ਵਿਸ਼ਵਾਸ ਦਾ ਸੁਭਾਅ: ਨਿਮਰਤਾ ਜਾਂ ਦਿਖਾਵਾ?**

ਭਾਰਤ ਵਿਚ ਧਾਰਮਿਕ ਤੀਰਥ ਯਾਤਰਾਵਾਂ ਦਾ ਇਤਿਹਾਸ ਪੁਰਾਣਾ ਹੈ - ਤੁਰਨਾ, ਵਰਤ ਰੱਖਣਾ, ਨਿਯਮ ਅਤੇ ਤਪੱਸਿਆ ਇਸਦਾ ਮੁੱਖ ਹਿੱਸਾ ਰਹੇ ਹਨ। ਪਰ ਕਾਂਵੜ ਯਾਤਰਾ, ਖਾਸ ਕਰਕੇ ਉੱਤਰੀ ਭਾਰਤ ਦੇ ਕੁਝ ਖੇਤਰਾਂ ਵਿਚ, ਹੁਣ ਸ਼ਕਤੀ ਪ੍ਰਦਰਸ਼ਨ ਵਿਚ ਬਦਲ ਰਹੀ ਹੈ।

ਸ਼ਰਧਾਲੂ ਹੁਣ ਸ਼ਰਧਾਲੂਆਂ ਵਾਂਗ ਘੱਟ ਅਤੇ "ਪ੍ਰਭਾਵਸ਼ਾਲੀ ਸ਼ਿਵ ਭਗਤਾਂ" ਵਾਂਗ ਜ਼ਿਆਦਾ ਦਿਖਾਈ ਦਿੰਦੇ ਹਨ। ਬਾਈਕ 'ਤੇ 10-15 ਲੋਕ, ਡੀਜੇ ਵਜਾਉਂਦੇ ਟਰੱਕ ਅਤੇ ਸ਼ੋਰ ਵਿਚ ਹਰ-ਹਰ ਮਹਾਦੇਵ ਦਾ ਨਾਅਰਾ - ਇਹ ਸਭ ਵਿਸ਼ਵਾਸ ਨਾਲੋਂ ਦਿਖਾਵੇ ਅਤੇ ਧੜੇਬੰਦੀ ਦਾ ਪ੍ਰਤੀਕ ਜਾਪਦਾ ਹੈ।

ਇਸ ਦੇ ਉਲਟ, ਰਾਮਦੇਵਰਾ ਦੀ ਯਾਤਰਾ ਵਿਚ ਕੋਈ ਸੁਰੱਖਿਆ ਖ਼ਤਰਾ ਜਾਂ ਕੋਈ ਸਰਕਾਰੀ ਰਸਮ ਨਹੀਂ ਹੈ, ਫਿਰ ਵੀ ਉੱਥੇ ਅਨੁਸ਼ਾਸਨ ਅਤੇ ਸੇਵਾ ਦਾ ਮਾਹੌਲ ਹੈ। ਅਜਿਹਾ ਕਿਉਂ ਹੈ?

**ਮਰਦਾਨਗੀ ਅਤੇ "ਹਰ ਹਰ ਮਹਾਦੇਵ" ਦਾ ਇੱਕ ਨਵਾਂ ਸੰਸਕਰਣ**



ਅੱਜ ਕਾਂਵੜ ਯਾਤਰਾ ਵਿਚ ਦਿਖਾਈ ਦੇਣ ਵਾਲੀ ਗੁੰਡਾਗਰਦੀ ਸ਼ਰਧਾ ਦਾ ਨਹੀਂ, ਸਗੋਂ ਮਰਦਾਨਗੀ ਦਾ ਰੂਪ ਹੈ। "ਹਰ-ਹਰ ਮਹਾਦੇਵ" ਵਰਗੇ ਪਵਿੱਤਰ ਨਾਅਰੇ ਅਕਸਰ ਹਿੰਸਾ ਅਤੇ ਹਿੰਸਾ ਨਾਲ ਜੁੜੇ ਰਹੇ ਹਨ।

ਇਹ ਮਰਦਾਨਾ ਮਰਦਾਨਗੀ ਦਾ ਇੱਕ ਰੂਪ ਹੈ, ਜਿਸ ਵਿਚ ਸ਼ਰਧਾਲੂ ਬਾਈਕ 'ਤੇ ਸਟੰਟ ਕਰਦਾ ਹੈ, ਉੱਚੀ ਆਵਾਜ਼ ਵਿਚ ਸੰਗੀਤ 'ਤੇ ਨੱਚਦਾ ਹੈ ਅਤੇ ਜੇ ਕੋਈ ਕੁਝ ਕਹਿੰਦਾ ਹੈ, ਤਾਂ ਲੜਾਈ ਵਿਚ ਪੈ ਜਾਂਦਾ ਹੈ।

ਲੋਕ ਆਪਣੇ ਪਰਿਵਾਰਾਂ ਨਾਲ ਅਤੇ ਬਜ਼ੁਰਗਾਂ ਦੇ ਆਸ਼ੀਰਵਾਦ ਨਾਲ ਰਾਮਦੇਵਰਾ ਜਾਂਦੇ ਹਨ। ਉੱਥੋਂ ਦਾ ਉਦੇਸ਼ ਸ਼ਾਂਤੀ, ਸੇਵਾ ਅਤੇ ਦਰਸ਼ਨ ਹੈ, ਨਾ ਕਿ ਸੋਸ਼ਲ ਮੀਡੀਆ ਰੀਲਾਂ ਅਤੇ ਝਾਕੀਆਂ।

**ਪ੍ਰਬੰਧਕੀ ਢਿੱਲ-ਮੱਠ ਅਤੇ ਰਾਜਨੀਤਿਕ ਮਜਬੂਰੀ**

ਪ੍ਰਸ਼ਾਸਨ ਲਈ, ਕਾਂਵੜ ਯਾਤਰਾ ਹੁਣ ਸਿਰਦਰਦ ਦਾ ਵਿਸ਼ਾ ਬਣ ਗਈ ਹੈ, ਆਸਥਾ ਦਾ ਨਹੀਂ। ਸੜਕਾਂ ਬੰਦ ਕਰਨੀਆਂ ਪੈਂਦੀਆਂ ਹਨ, ਸਕੂਲ ਅਤੇ ਕਾਲਜ ਜ਼ਬਰਦਸਤੀ ਬੰਦ ਕਰਨੇ ਪੈਂਦੇ ਹਨ ਅਤੇ ਪੁਲਿਸ ਕੋਲ ਕਾਂਵੜੀਆਂ ਨੂੰ "ਰੋਕਣ" ਦੀ ਹਿੰਮਤ ਨਹੀਂ ਹੈ।

ਇਸ ਪਿੱਛੇ ਇੱਕ ਵੱਡਾ ਕਾਰਨ ਹੈ - ਰਾਜਨੀਤਿਕ ਸਰਪ੍ਰਸਤੀ। ਕੋਈ ਵੀ ਸਰਕਾਰ ਕਾਂਵੜੀਆਂ ਨੂੰ ਗੁੱਸਾ ਨਹੀਂ ਦੇਣਾ ਚਾਹੁੰਦੀ, ਖਾਸ ਕਰਕੇ ਜਦੋਂ ਧਾਰਮਿਕ ਭਾਵਨਾਵਾਂ ਆਪਣੇ ਸਿਖਰ 'ਤੇ ਹੁੰਦੀਆਂ ਹਨ। ਨਤੀਜਾ ਇਹ ਹੁੰਦਾ ਹੈ ਕਿ ਕੁਝ ਸਮਾਜ ਵਿਰੋਧੀ ਤੱਤ ਇਸ ਢਿੱਲ ਦਾ ਫਾਇਦਾ ਉਠਾਉਂਦੇ ਹਨ ਅਤੇ ਪੂਰੇ ਸਮਾਗਮ ਨੂੰ ਬਦਨਾਮ ਕਰਦੇ ਹਨ।

**ਸੋਸ਼ਲ ਮੀਡੀਆ: ਸ਼ਰਧਾ ਜਾਂ ਬ੍ਰਾਂਡਿੰਗ?**

ਅੱਜਕੱਲ੍ਹ, ਕਾਂਵੜ ਯਾਤਰਾ ਦਾ ਇੱਕ ਹੋਰ ਵੱਡਾ ਪਹਿਲੂ ਹੈ - ਸੋਸ਼ਲ ਮੀਡੀਆ ਪ੍ਰਚਾਰ। ਸ਼ਰਧਾਲੂ ਘੱਟ ਅਤੇ "ਪ੍ਰਭਾਵਕ" ਜ਼ਿਆਦਾ ਹਨ। ਕੁਝ ਰੀਲ ਬਣਾ ਰਹੇ ਹਨ, ਕੁਝ ਫੇਸਬੁੱਕ ਲਾਈਵ ਕਰ ਰਹੇ ਹਨ, ਕੁਝ ਆਪਣੇ ਟਰੱਕਾਂ ਦੀ ਸਜਾਵਟ ਦਿਖਾ ਰਹੇ ਹਨ।

ਸ਼ਰਧਾ ਹੁਣ ਕੈਮਰੇ ਦੇ ਸਾਹਮਣੇ "ਪੋਜ਼" ਦੇਣ ਦੀ ਪ੍ਰਕਿਰਿਆ ਬਣ ਗਈ ਹੈ। ਰਾਮਦੇਵਰਾ ਵਰਗੀਆਂ ਥਾਵਾਂ 'ਤੇ ਅਜਿਹਾ ਕੋਈ ਰੁਝਾਨ ਨਹੀਂ ਹੈ। ਉੱਥੇ ਲੋਕ ਆਪਣੇ ਮਨ ਅਤੇ ਆਤਮਾ ਨਾਲ ਜੁੜਦੇ ਹਨ, ਆਪਣੇ ਇੰਸਟਾਗ੍ਰਾਮ ਖਾਤਿਆਂ ਨਾਲ ਨਹੀਂ।

**ਸਮੂਹ ਸ਼ਕਤੀ ਅਤੇ ਮਨੋਵਿਗਿਆਨਕ ਭਰਮ**

ਕਾਂਵੜ ਯਾਤਰਾ ਦਾ ਇੱਕ ਵੱਡਾ ਪਹਿਲੂ ਭੀੜ ਅਤੇ ਸਮੂਹ ਮਨੋਵਿਗਿਆਨ ਦੀ ਸ਼ਕਤੀ ਹੈ। ਜਦੋਂ ਸੈਂਕੜੇ ਅਤੇ ਹਜ਼ਾਰਾਂ ਲੋਕ ਇਕੱਠੇ ਤੁਰਦੇ ਹਨ, ਤਾਂ ਵਿਅਕਤੀ ਦੀ ਜ਼ਿੰਮੇਵਾਰੀ ਗਾਇਬ ਹੋ ਜਾਂਦੀ ਹੈ। ਕੋਈ ਗਲਤੀ ਕਰਦਾ ਹੈ ਅਤੇ ਪੂਰੀ ਭੀੜ ਜਵਾਬ ਵਿਚ ਹਿੰਸਕ ਹੋ ਜਾਂਦੀ ਹੈ।

ਰਾਮਦੇਵਰਾ ਵਰਗੇ ਤੀਰਥ ਸਥਾਨਾਂ ਵਿਚ, ਲੋਕ ਛੋਟੇ ਸਮੂਹਾਂ ਵਿਚ ਜਾਂ ਇਕੱਲੇ ਜਾਂਦੇ ਹਨ। ਉੱਥੇ ਅਨੁਸ਼ਾਸਨ ਵਿਅਕਤੀਗਤ ਹੋਣ ਦੇ ਨਾਲ-ਨਾਲ ਜ਼ਿੰਮੇਵਾਰੀ ਵੀ ਹੁੰਦੀ ਹੈ।

**ਵਿਸ਼ਵਾਸ ਅਤੇ ਪਾਗਲਪਨ ਵਿਚ ਅੰਤਰ**

ਕਾਂਵੜ ਯਾਤਰਾ ਵਿਚ ਜੋ ਦਿਖਾਈ ਦੇ ਰਿਹਾ ਹੈ ਉਹ ਭਗਤੀ ਨਹੀਂ, ਸਗੋਂ ਪਾਗਲਪਨ ਹੈ। ਇਹ ਉਹ ਧਰਮ ਨਹੀਂ ਹੈ, ਜੋ ਭਗਵਾਨ ਸ਼ਿਵ ਸਿਖਾਉਂਦੇ ਹਨ। ਉਹ ਇੱਕ ਯੋਗੀ ਹਨ, ਸ਼ਾਂਤੀ ਅਤੇ ਤਪੱਸਿਆ ਦਾ ਪ੍ਰਤੀਕ।

ਸੜਕਾਂ 'ਤੇ ਕਬਜ਼ਾ ਕਰਨਾ, ਵਾਹਨਾਂ ਦੀ ਭੰਨਤੋੜ ਕਰਨਾ, ਉਸੇ ਸ਼ਿਵ ਦੇ ਨਾਮ 'ਤੇ ਦੁਕਾਨਾਂ ਬੰਦ ਕਰਵਾਉਣਾ - ਇਹ ਕਿਹੋ ਜਿਹੀ ਭਗਤੀ ਹੈ? ਕੀ ਇਹ ਪ੍ਰਮਾਤਮਾ ਨੂੰ ਖੁਸ਼ ਕਰਦਾ ਹੈ ਜਾਂ ਸਮਾਜ ਨੂੰ ਮੁਸੀਬਤ ਵਿਚ ਪਾਉਂਦਾ ਹੈ?

**ਹੱਲ: ਸ਼ਰਧਾ ਵਿਚ ਅਨੁਸ਼ਾਸਨ ਅਤੇ ਪ੍ਰਸ਼ਾਸਨ ਵਿਚ ਦ੍ਰਿੜ੍ਹਤਾ**

ਸਮੱਸਿਆ ਦੀ ਪਛਾਣ ਕਰਨਾ ਮਹੱਤਵਪੂਰਨ ਹੈ, ਪਰ ਇਸਦਾ ਹੱਲ ਵੀ ਮਹੱਤਵਪੂਰਨ ਹੈ। ਇਸ ਦਿਸ਼ਾ ਵਿਚ ਹੇਠ ਲਿਖੇ ਸੁਝਾਅ ਪ੍ਰਭਾਵਸ਼ਾਲੀ ਹੋ ਸਕਦੇ ਹਨ:

- ਕਾਂਵੜ ਯਾਤਰਾ ਦਾ ਆਯੋਜਨ ਕਰਨ ਵਾਲੀਆਂ ਧਾਰਮਿਕ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਖੁਦ ਅਨੁਸ਼ਾਸਨ ਅਤੇ ਸੰਜਮ ਦਾ ਸੰਦੇਸ਼ ਦੇਣਾ ਪਵੇਗਾ।
- ਪ੍ਰਸ਼ਾਸਨ ਨੂੰ ਰਾਜਨੀਤਿਕ ਦਬਾਅ ਤੋਂ ਉੱਪਰ ਉੱਠਣਾ ਚਾਹੀਦਾ ਹੈ ਅਤੇ ਕਾਨੂੰਨ ਨੂੰ ਲਾਗੂ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ, ਭਾਵੇਂ ਉਹ ਕਿਸੇ ਵੀ ਭਾਈਚਾਰੇ ਨਾਲ ਸਬੰਧਤ ਹੋਵੇ।
- ਸ਼ਰਧਾਲੂਆਂ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਕਿ ਉਨ੍ਹਾਂ ਦੀ ਯਾਤਰਾ ਭਗਵਾਨ ਸ਼ਿਵ ਨੂੰ ਪ੍ਰਸੰਨ ਕਰਨ ਵਾਲੀ ਹੈ ਜਾਂ ਅਪਮਾਨਜਨਕ।
- ਸੋਸ਼ਲ ਮੀਡੀਆ 'ਤੇ ਬੇਲੋੜੇ ਦਿਖਾਵੇ ਦੀ ਪ੍ਰਵਿਰਤੀ ਨੂੰ ਨਿਰਾਸ਼ ਕੀਤਾ ਜਾਣਾ ਚਾਹੀਦਾ ਹੈ ਅਤੇ ਸਮਾਜ ਵਿਰੋਧੀ ਅਨਸਰਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਭਾਰਤ ਵਿਚ ਪਰਿਵਾਰ ਨਿਯੋਜਨ: ਜੋੜਾ-ਕੇਂਦ੍ਰਿਤ ਰਣਨੀਤੀਆਂ ਦੀ ਲੋੜ


-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਭਾਰਤ ਹਾਲ ਹੀ ਦੇ ਸਾਲਾਂ ਵਿਚ ਆਪਣੀ ਕੁੱਲ ਪ੍ਰਜਨਨ ਦਰ ਨੂੰ ਘਟਾਉਣ ਦੇ ਯੋਗ ਹੋਇਆ ਹੈ। ਪਰ ਇੰਨੀ ਚੰਗੀ ਖ਼ਬਰ ਨਹੀਂ ਹੈ ਕਿ ਕੁੱਲ ਪ੍ਰਜਨਨ ਦਰ ਜਾਂ ਇੱਕ ਔਰਤ ਦੇ ਬੱਚਿਆਂ ਦੀ ਔਸਤ ਗਿਣਤੀ ਅਤੇ ਕੁੱਲ ਲੋੜੀਂਦੀ ਪ੍ਰਜਨਨ ਦਰ ਵਿਚ ਅਜੇ ਵੀ ਇੱਕ ਵੱਡਾ ਪਾੜਾ ਹੈ ਜਾਂ ਇਹ ਦਰ ਕੀ ਹੋ ਸਕਦੀ ਹੈ, ਜੇਕਰ ਸਾਰੀਆਂ ਅਣਚਾਹੇ ਗਰਭ ਅਵਸਥਾਵਾਂ ਨੂੰ ਰੋਕਿਆ ਜਾ ਸਕੇ ਅਤੇ ਔਰਤਾਂ ਨੂੰ ਉਹ ਬੱਚੇ ਪੈਦਾ ਹੋ ਸਕਣ, ਜਿੰਨੇ ਉਹ ਚਾਹੁੰਦੇ ਸਨ। 2025 ਦੇ ਸੰਯੁਕਤ ਰਾਸ਼ਟਰ ਆਬਾਦੀ ਫੰਡ ਅਤੇ ਸਰਕਾਰੀ ਸਰਵੇਖਣ ਦੇ ਅਨੁਸਾਰ, 14 ਦੇਸ਼ਾਂ ਵਿਚ ਭਾਰਤ ਵਿਚ ਤਿੰਨ ਵਿਚੋਂ ਇੱਕ ਔਰਤ (36 ਪ੍ਰਤੀਸ਼ਤ) ਨੇ ਅਣਚਾਹੇ ਗਰਭ ਅਵਸਥਾਵਾਂ ਦਾ ਅਨੁਭਵ ਕੀਤਾ।

ਬਿਹਾਰ, ਦੇਸ਼ ਦੇ ਤਿੰਨ ਉੱਚ ਜਣਨ ਸ਼ਕਤੀ ਵਾਲੇ ਰਾਜਾਂ ਵਿਚੋਂ ਇੱਕ ਹੈ, ਇੱਕ ਪ੍ਰਮੁੱਖ ਉਦਾਹਰਣ ਹੈ, ਜਿੱਥੇ ਟੀ.ਐੱਫ.ਆਰ. 2.2 ਘੱਟ ਕੇ 3 ਹੋ ਗਿਆ ਹੈ, ਪਰ 2.2 ਹੈ, ਜੋ ਦਰਸਾਉਂਦਾ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਜਨਮ ਅਣਚਾਹੇ ਹਨ। ਸਿਹਤ ਅਤੇ ਗਰਭ ਨਿਰੋਧਕ ਸੇਵਾਵਾਂ ਤੱਕ ਮਾੜੀ ਪਹੁੰਚ ਤੋਂ ਇਲਾਵਾ, ਡੂੰਘਾਈ ਨਾਲ ਜੜ੍ਹਾਂ ਜਮ੍ਹਾ ਹੋਏ ਪਿਤਰਸੱਤਾਤਮਕ ਨਿਯਮਾਂ ਨੇ ਪਰਿਵਾਰਾਂ ਦੀ ਯੋਜਨਾਬੰਦੀ ਵਿਚ ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਵਧਾ ਦਿੱਤਾ ਹੈ।

ਹਾਲਾਂਕਿ, ਕੁਝ ਜ਼ਿਲ੍ਹਿਆਂ ਨੇ ਦਿਖਾਇਆ ਹੈ ਕਿ ਇਨ੍ਹਾਂ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਪਟਨਾ-ਆਧਾਰਿਤ ਗੈਰ-ਸਰਕਾਰੀ ਸੰਸਥਾ, ਜਨਾਨੀ, ਜੋ ਕਿ ਪਰਿਵਾਰ ਨਿਯੋਜਨ 'ਤੇ ਕੰਮ ਕਰ ਰਹੀ ਹੈ, ਦੁਆਰਾ ਪੇਂਡੂ ਸਿਹਤ ਕਰਮਚਾਰੀਆਂ ਨੂੰ ਭਾਈਚਾਰਿਆਂ ਨਾਲ ਕੰਮ ਕਰਨ ਅਤੇ ਉਨ੍ਹਾਂ ਨੂੰ ਪਰਿਵਾਰ ਨਿਯੋਜਨ ਸੇਵਾਵਾਂ ਬਾਰੇ ਸਲਾਹ ਦੇਣ ਲਈ ਸਿਖਲਾਈ ਅਤੇ ਪ੍ਰੇਰਿਤ ਕਰਕੇ 10 ਸਾਲਾਂ ਵਿਚ ਲਗਭਗ 14 ਮਿਲੀਅਨ ਅਣਚਾਹੇ ਗਰਭ ਅਵਸਥਾਵਾਂ ਤੋਂ ਬਚਿਆ ਗਿਆ। ਇਸ ਰਣਨੀਤੀ ਦੇ ਕੰਮ ਕਰਨ ਦਾ ਇੱਕ ਕਾਰਨ ਜੋੜਿਆਂ ਨੂੰ ਸਿਰਫ਼ ਐੱਫ਼.ਆਰ. ਪ੍ਰੇਰਕ ਵਜੋਂ ਤਾਇਨਾਤ ਕਰਨ 'ਤੇ ਜ਼ੋਰ ਸੀ। ਪਤਨੀ ਨੂੰ ਸਿਖਲਾਈ ਦੇ ਕੇ, ਇਹ ਔਰਤਾਂ ਨੂੰ ਆਪਣੀਆਂ ਰਵਾਇਤੀ ਭੂਮਿਕਾਵਾਂ ਤੋਂ ਬਾਹਰ ਨਿਕਲਣ ਅਤੇ ਉਨ੍ਹਾਂ ਨੂੰ ਤਬਦੀਲੀ ਏਜੰਟ ਬਣਨ ਲਈ ਸਮਰੱਥ ਬਣਾਉਣ ਦੇ ਯੋਗ ਸੀ।

ਪਤੀ-ਪਤਨੀ ਦੀ ਟੀਮ ਦੁਆਰਾ ਪਰਿਵਾਰ ਨਿਯੋਜਨ ਬਾਰੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਵਿਚ ਸਫਲਤਾ ਹਰੇਕ ਸਾਥੀ ਦੀਆਂ ਚੰਗੀ ਤਰ੍ਹਾਂ ਪਰਿਭਾਸ਼ਿਤ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਦੇ ਕਾਰਨ ਸੀ। ਉਦਾਹਰਣ ਵਜੋਂ, ਜਦੋਂ ਪਤਨੀ ਔਰਤਾਂ ਦੀ ਦੇਖਭਾਲ ਕਰਦੀ ਸੀ, ਤਾਂ ਉਸਦਾ ਪਤੀ ਮਰਦਾਂ ਨੂੰ ਸਲਾਹ ਦੇਣ ਦਾ ਇੰਚਾਰਜ ਸੀ। ਇੰਟਰਾਯੂਟਰਾਈਨ ਡਿਵਾਈਸਾਂ ਅਤੇ ਮੂੰਹ ਰਾਹੀਂ ਗੋਲੀਆਂ ਬਾਰੇ ਸਹੀ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ, ਜੋੜੇ ਨੇ ਗਰਭਵਤੀ ਔਰਤਾਂ ਨੂੰ ਪੋਸ਼ਣ ਅਤੇ ਬੱਚੇ ਦੇ ਵਿਚਕਾਰ ਅੰਤਰ ਬਾਰੇ ਸਲਾਹ ਦਿੱਤੀ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਨੇ ਔਰਤ ਦੀ ਸਿਹਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਮਝਾਇਆ ਕਿ ਇੱਕ ਔਰਤ ਨੂੰ ਪਰਿਵਾਰ ਨਿਯੋਜਨ ਦਾ ਬੋਝ ਨਹੀਂ ਚੁੱਕਣਾ ਚਾਹੀਦਾ ਅਤੇ ਟਿਊਬਲ ਲਿਗੇਸ਼ਨ ਕਰਵਾਉਣ ਲਈ ਮਜਬੂਰ ਨਹੀਂ ਮਹਿਸੂਸ ਕਰਨਾ ਚਾਹੀਦਾ। ਉਨ੍ਹਾਂ ਨੇ ਮਰਦਾਂ ਨੂੰ ਨੋ-ਸਕਾਲਪਲ ਨਸਬੰਦੀ ਦੇ ਵਿਕਲਪ ਬਾਰੇ ਸਿੱਖਿਆ ਦਿੱਤੀ, ਜੋ ਕਿ ਟਿਊਬਲ ਲਿਗੇਸ਼ਨ ਨਾਲੋਂ ਤੇਜ਼ ਸੀ ਅਤੇ ਕਿਸੇ ਸਰਜਰੀ ਦੀ ਲੋੜ ਨਹੀਂ ਸੀ। ਸੱਸਾਂ, ਜਿਨ੍ਹਾਂ ਨੇ ਪਰਿਵਾਰ ਦੇ ਆਕਾਰ ਦਾ ਫੈਸਲਾ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਨੂੰ ਵੀ ਸ਼ਾਮਲ ਕੀਤਾ ਗਿਆ।

ਭਾਰਤ ਦੇ 44 ਪ੍ਰਤੀਸ਼ਤ ਜ਼ਿਲ੍ਹਿਆਂ ਵਿਚ 18 ਸਾਲ ਦੀ ਉਮਰ ਤੋਂ ਪਹਿਲਾਂ ਵਿਆਹ ਕਰਵਾਉਣ ਵਾਲੀਆਂ ਔਰਤਾਂ ਦੀ ਪ੍ਰਤੀਸ਼ਤਤਾ ਨੂੰ ਧਿਆਨ ਵਿਚ ਰੱਖਦੇ ਹੋਏ, ਸ਼ਾਇਦ ਇਸ 'ਗਰਭਨਿਰੋਧਕ ਜੋੜੇ' ਟੀਮ ਦੀ ਰਣਨੀਤੀ ਨੂੰ ਕਿਸ਼ੋਰਾਂ ਤੱਕ ਪਹੁੰਚਣ ਲਈ ਵੀ ਬਦਲਿਆ ਜਾ ਸਕਦਾ ਹੈ। ਦੂਜਾ, ਯੂ.ਐੱਨ.ਐੱਫ.ਪੀ.ਏ. ਦੀ 2025 ਦੀ ਵਿਸ਼ਵ ਆਬਾਦੀ ਦੀ ਸਥਿਤੀ ਰਿਪੋਰਟ, ਅਸਲ ਜਣਨ ਸੰਕਟ ਦੇ ਅਨੁਸਾਰ, ਭਾਰਤ ਵਿਚ ਕਿਸ਼ੋਰ ਜਣਨ ਦਰ 15-19 ਸਾਲ ਦੀ ਉਮਰ ਦੀਆਂ 1000 ਔਰਤਾਂ ਵਿਚ 14.1 ਪ੍ਰਤੀਸ਼ਤ 'ਤੇ ਉੱਚੀ ਰਹਿੰਦੀ ਹੈ। ਦੇਸ਼ ਦੇ 118 ਜ਼ਿਲ੍ਹਿਆਂ ਵਿਚੋਂ ਜਿਨ੍ਹਾਂ ਵਿਚ ਕਿਸ਼ੋਰ ਗਰਭ ਅਵਸਥਾਵਾਂ ਜ਼ਿਆਦਾ ਹਨ, ਬਿਹਾਰ 19 ਦੇ ਨਾਲ ਸੂਚੀ ਵਿਚ ਸਿਖਰ 'ਤੇ ਹੈ। ਰਾਜ ਵਿਚ 23.39 ਮਿਲੀਅਨ ਕਿਸ਼ੋਰ ਹਨ, ਜੋ ਕਿ ਇਸਦੀ ਆਬਾਦੀ ਦਾ 28.2 ਪ੍ਰਤੀਸ਼ਤ ਹਨ। ਚਿੰਤਾ ਦੀ ਗੱਲ ਹੈ ਕਿ ਉਨ੍ਹਾਂ ਵਿਚੋਂ ਬਹੁਤਿਆਂ ਕੋਲ ਸਹੀ ਜਿਨਸੀ ਅਤੇ ਪ੍ਰਜਨਨ ਸਿਹਤ ਜਾਣਕਾਰੀ ਨਹੀਂ ਹੈ। ਜਨਸੰਖਿਆ ਪ੍ਰੀਸ਼ਦ ਦੇ ਇੱਕ ਅਧਿਐਨ ਵਿਚ ਪਾਇਆ ਗਿਆ ਕਿ ਬਿਹਾਰ ਦੇ 38 ਵਿਚੋਂ 36 ਜ਼ਿਲ੍ਹਿਆਂ ਵਿਚ 10,400 ਕਿਸ਼ੋਰਾਂ ਦੀ ਇੰਟਰਵਿਊ ਲਈ ਗਈ, ਜਿਨ੍ਹਾਂ ਵਿਚੋਂ 13-14 ਸਾਲ ਦੀ ਉਮਰ ਦੀਆਂ ਸਿਰਫ਼ 44 ਪ੍ਰਤੀਸ਼ਤ ਕੁੜੀਆਂ ਅਤੇ 13-14 ਸਾਲ ਦੀ ਉਮਰ ਦੇ 56 ਪ੍ਰਤੀਸ਼ਤ ਮੁੰਡਿਆਂ ਨੂੰ ਪਤਾ ਸੀ ਕਿ ਇੱਕ ਔਰਤ ਚੁੰਮਣ ਜਾਂ ਜੱਫੀ ਪਾਉਣ ਤੋਂ ਬਾਅਦ ਗਰਭਵਤੀ ਨਹੀਂ ਹੋ ਸਕਦੀ ਅਤੇ 10 ਪ੍ਰਤੀਸ਼ਤ ਨੂੰ ਪਤਾ ਸੀ ਕਿ ਇੱਕ ਔਰਤ ਪਹਿਲੇ ਸੈਕਸ 'ਤੇ ਗਰਭਵਤੀ ਹੋ ਸਕਦੀ ਹੈ।

ਅਧਿਐਨ ਵਿਚ ਇਹ ਵੀ ਪਾਇਆ ਗਿਆ ਕਿ 14.1 ਪ੍ਰਤੀਸ਼ਤ ਅਣਵਿਆਹੇ ਕਿਸ਼ੋਰ ਮੁੰਡਿਆਂ ਅਤੇ 6.3 ਪ੍ਰਤੀਸ਼ਤ ਅਣਵਿਆਹੀਆਂ ਕਿਸ਼ੋਰ ਕੁੜੀਆਂ ਨੇ ਵਿਆਹ ਤੋਂ ਪਹਿਲਾਂ ਸੈਕਸ ਕੀਤਾ ਸੀ, ਅਤੇ ਉਨ੍ਹਾਂ ਵਿਚੋਂ, 22 ਪ੍ਰਤੀਸ਼ਤ ਮੁੰਡਿਆਂ ਅਤੇ 28.5 ਪ੍ਰਤੀਸ਼ਤ ਕੁੜੀਆਂ ਨੇ 15 ਸਾਲ ਦੀ ਉਮਰ ਤੋਂ ਪਹਿਲਾਂ ਵਿਆਹ ਤੋਂ ਪਹਿਲਾਂ ਸੈਕਸ ਕੀਤਾ ਸੀ। ਇਸ ਤੋਂ ਇਲਾਵਾ, ਇੱਕ ਰੋਮਾਂਟਿਕ ਸਾਥੀ ਨਾਲ ਜਿਨਸੀ ਸੰਬੰਧਾਂ ਵਿਚ ਕਿਸ਼ੋਰਾਂ ਦਾ ਇੱਕ ਵੱਡਾ ਅਨੁਪਾਤ ਅਸੁਰੱਖਿਅਤ ਸੈਕਸ ਵਿਚ ਸ਼ਾਮਲ ਹੋਇਆ ਸੀ। ਲਿੰਗ ਸਮਾਨਤਾ ਸੂਚਿਤ ਚੋਣਾਂ ਕਰਨ ਵਿਚ ਵੱਡੀ ਭੂਮਿਕਾ ਨਿਭਾਉਂਦੀ ਹੈ। ਜੇਕਰ ਭਾਰਤ ਨੇ ਪਰਿਵਾਰ ਨਿਯੋਜਨ 2030 ਅਤੇ ਸਾਰੇ ਹਾਸ਼ੀਏ 'ਤੇ ਪਏ ਭਾਈਚਾਰਿਆਂ, ਖਾਸ ਕਰਕੇ ਔਰਤਾਂ ਅਤੇ ਕਿਸ਼ੋਰਾਂ ਨੂੰ ਬਰਾਬਰ ਗਰਭ ਨਿਰੋਧਕ ਵਿਕਲਪ ਪ੍ਰਦਾਨ ਕਰਨ ਦੇ ਟਿਕਾਊ ਵਿਕਾਸ ਟੀਚਿਆਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਨਾ ਹੈ, ਤਾਂ ਇਸਨੂੰ ਆਪਣੇ ਯਤਨਾਂ ਨੂੰ ਤੇਜ਼ ਕਰਨਾ ਚਾਹੀਦਾ ਹੈ।

# ਗੁਰਮਤਿ ਵਿਚ ਨਿਰਲੇਪ ਅਵਸਥਾ ਦਾ ਵਿਸਮਾਦੀ ਸਿਧਾਂਤ



-ਡਾ. ਸਤਿੰਦਰ ਪਾਲ ਸਿੰਘ

ਸਿਡਨੀ (ਆਸਟ੍ਰੇਲੀਆ)

ਪੰਜਾਬ ਮੇਲ USA



ਗੁਰੂ ਨਾਨਕ ਸਾਹਿਬ ਦਾ ਜੀਵਨ ਫਲਸਫਾ ਸਮਝਣ ਲਈ ਇੱਕ ਨਹੀਂ, ਕਈ ਜਨਮ ਨਾਕਾਫ਼ੀ ਹਨ। ਸੂਰਜ ਦੇ ਨੇੜੇ ਜਾਣ ਦੀ ਤਾਬ ਕਿਸ ਕੋਲ ਹੈ। ਸਾਗਰ ਦੀ ਗਹਿਰਾਈ ਕਿਸ ਨੇ ਜਾਣੀ ਹੈ। ਗੁਰੂ ਸਾਹਿਬ ਆਪ ਨੇੜੇ ਆਏ। ਸੰਸਾਰ ਅਤੇ ਜੀਵਨ ਦੇ ਰਹੱਸ ਆਪ ਗੁਰੂ ਸਾਹਿਬ ਨੇ ਪ੍ਰਗਟ ਕੀਤੇ ਕਿਉਂਕਿ ਮਨੁੱਖ ਦੇ ਉਧਾਰ ਦੀ ਚਿੰਤਾ ਗੁਰੂ ਸਾਹਿਬ ਦੇ ਚਿੰਤਨ ਦਾ ਕੇਂਦਰ ਬਿੰਦੂ ਸੀ। ਗੁਰੂ ਸਾਹਿਬ ਨੇ ਕਿਹਾ ਕਿ ਮਨੁੱਖ ਦਾ ਹਿੱਤ ਕੂੜ ਤਿਆਗ ਕੇ ਸੱਚ ਧਾਰਨ ਕਾਰਨ ਵਿਚ ਹੈ। ਆਪ ਨੇ ਆਦਿ ਬਾਣੀ ਜਪੁ ਜੀ ਸਾਹਿਬ ਵਿਚ ਗੁਰਸਿੱਖ ਨੂੰ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥" ਦਾ ਮਨੋਰਥ ਦੇ ਕੇ ਉਸ ਦੇ ਜੀਵਨ ਦੀ ਦਿਸ਼ਾ ਤੈ ਕਰ ਦਿੱਤੀ। ਗੁਰੂ ਸਾਹਿਬ ਨੇ ਵੇਖਿਆ ਕਿ ਮਨੁੱਖ ਸੱਚ ਤੋਂ ਦੂਰ ਹੈ ਤੇ ਮਿਥਿਆ ਸੋਚ, ਬੇਬੁਨਿਆਦ ਵਿਸ਼ਵਾਸ ਤੇ ਨਿਹਫਲ ਕਰਮਾਂ ਵਿਚ ਜੀਵਨ ਦਾ ਸਮਾਂ ਵਿਅਰਥ ਗੁਆ ਰਿਹਾ ਹੈ। ਆਪਣੀ ਅਗਿਆਨਤਾ ਕਾਰਨ ਉਸ ਨੇ ਭਰਮ ਨੂੰ ਸੱਚ ਮੰਨ ਲਿਆ ਹੈ। ਸੱਚ ਜਾਣੇ ਤੇ ਧਾਰਨ ਕੀਤੇ ਬਿਨਾ ਮਨੁੱਖ ਦੀ ਗਤਿ ਨਹੀਂ ਹੈ। ਝੂਠ, ਕੂੜ ਵਿਚ ਸਦਾ ਲਾਲਸਾ ਬਣੀ ਰਹਿੰਦੀ ਹੈ, ਕਦੇ ਨਾ ਰੱਜਣ ਵਾਲੀ ਭੁੱਖ ਵਿਹਵਾਲ ਕਰਦੀ ਰਹਿੰਦੀ ਹੈ। ਗੁਰੂ ਅੰਗਦ ਸਾਹਿਬ ਨੇ ਅਜਿਹੇ ਹਾਲ ਦਾ ਬਿਆਨ ਕਰਦਿਆਂ ਵਚਨ ਕੀਤਾ "ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ॥" ਭਾਵ ਦਿਨ ਰਾਤ ਝੂਠ ਵਿਚ ਰੱਤਿਆਂ ਵੀ ਸੰਤੁਸ਼ਟੀ ਨਹੀਂ ਹੈ। ਪਰ ਫਿਰ ਵੀ ਮਨੁੱਖ ਝੂਠ ਨੂੰ ਸੱਚ ਮੰਨ ਕੇ ਸੁੱਖ ਤੇ ਸੰਤੋਖ ਦੀ ਭਾਲ ਕਰ ਰਿਹਾ ਹੈ। ਆਪਣੇ ਲਈ, ਆਪਣੇ ਪਰਿਵਾਰ ਲਈ ਉਹ ਕੂੜ ਵਿਚ ਜੀਵਨ ਭਰ ਲਿਪਤ ਰਹਿੰਦਾ ਹੈ। ਗੁਰੂ ਸਾਹਿਬਾਨ ਨੇ ਝੂਠ, ਕੂੜ ਨੂੰ ਮਾਇਆ ਕਿਹਾ। ਸੰਸਾਰ ਵਿਚ ਮਾਇਆ ਦਾ ਅਸਰ ਇੰਨਾ ਸੰਘਣਾ ਹੈ, ਉਸ ਤੋਂ ਬੱਚਣਾ ਅਤਿ ਔਖਾ ਹੈ। ਮਾਇਆ ਬਾਰੇ ਗੁਰਬਾਣੀ ਦੀ ਸਭ ਤੋਂ ਸਟੀਕ ਤੇ ਸੰਖੇਪ ਵਿਆਖਿਆ ਗੁਰੂ ਅਮਰਦਾਸ ਸਾਹਿਬ ਨੇ ਕੀਤੀ ਕਿ "ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥" ਸਾਰੇ ਸੰਸਾਰ ਨੂੰ ਮਾਇਆ ਆਪਣਾ ਭੋਜਨ ਬਣਾ ਰਹੀ ਹੈ। ਮਨੁੱਖ ਨੇ ਇਸ ਸੰਸਾਰ ਤੇ ਇਸ ਜੀਵਨ ਨੂੰ ਹੀ ਸੱਚ ਮੰਨ ਲਿਆ ਹੈ। ਇਸ ਭਰਮ ਨੂੰ ਤੋੜੇ ਬਿਨਾਂ ਮਨੁੱਖ ਨੂੰ ਮਾਇਆ ਦੇ ਕੂੜ ਤੋਂ ਦੂਰ ਕਰਨਾ ਸੰਭਵ ਨਹੀਂ ਸੀ। ਗੁਰੂ ਸਾਹਿਬਾਨ ਨੇ ਸਭ ਤੋਂ ਪਹਿਲਾਂ ਜੀਵਨ ਦੇ ਸੱਚ ਨਾਲ ਜੋੜਿਆ।

ਮਨੁੱਖ ਜੋ ਜੀਵਨ ਜਿਉਂ ਰਿਹਾ ਹੈ, ਇਹ ਆਦਿ ਤੇ ਅੰਤਮ ਸੱਚ ਨਹੀਂ ਹੈ। ਗੁਰੂ ਅਰਜਨ ਸਾਹਿਬ ਨੇ ਕਿਹਾ "ਕਈ ਜਨਮ ਭਏ ਕੀਟ ਪਤੰਗਾ॥" ਕਿਤਨੇ ਹੀ ਜਨਮ ਉਹ ਕੀੜਿਆਂ, ਪਤੰਗਿਆਂ ਦੀ ਜੋਨੀ ਵਿਚ ਵਿਚਰਦਾ ਰਿਹਾ ਹੈ। ਉਹ "ਕਈ ਜਨਮ ਗਜ ਮੀਨ ਕੁਰੰਗਾ॥" ਕਿਤਨਾ ਹੀ ਸਮਾਂ ਹਾਥੀ, ਮੱਛਲੀ, ਹਿਰਨ ਆਦਿਕ ਬਣ ਕੇ ਜਨਮ ਲੈਂਦਾ ਰਿਹਾ ਹੈ। ਉਸ ਨੇ "ਕਈ ਜਨਮ ਪੰਖੀ ਸਰਪ ਹੋਇਓ॥" ਪੰਛੀ, ਸਰਪ ਆਦਿਕ ਬਣ ਕੇ ਵੀ ਕਈ ਜਨਮ ਲਏ ਹਨ। ਗੁਰੂ ਸਾਹਿਬ ਨੇ ਬੈਲ, ਘੋੜੇ ਆਦਿਕ ਜੀਵ ਹੀ ਨਹੀਂ ਪੱਥਰ, ਪਰਬਤ, ਵਨਸਪਤੀ ਆਦਿਕ ਬਣ ਕੇ ਵੀ ਜਨਮ ਲੈਣ ਬਾਰੇ ਦੱਸਿਆ। ਗੁਰੂ ਸਾਹਿਬ ਨੇ ਇਹ ਵੀ ਕਿਹਾ ਕਿ ਕਿਤਨੀ ਹੀ ਵਾਰ ਉਸ ਨੂੰ ਗਰਭ ਵਿਚ ਹੀ ਕਾਲ ਦਾ ਗ੍ਰਾਸ ਬਣਨਾ ਪਿਆ ਹੈ। ਇਹ ਸੱਚ ਗਿਆਤ ਹੋ ਜਾਣ ਤੋਂ ਬਾਅਦ ਮਨੁੱਖ ਕਿਵੇਂ ਆਪਣੇ ਵਰਤਮਾਨ ਜੀਵਨ 'ਤੇ ਮਾਣ, ਹੰਕਾਰ ਕਰ ਸਕਦਾ ਹੈ "ਤਿਆਗ ਮਾਨੁ ਝੂਠੁ ਅਭਿਮਾਨੁ॥" ਤੇ ਕਿਵੇਂ ਇਸ ਜੀਵਨ ਦਾ ਮੋਹ ਕਰ ਸਕਦਾ ਹੈ। ਪਿਛਲੇ ਜੀਵਨ ਨਹੀਂ ਰਹੇ ਤੇ ਇਹ ਜੀਵਨ ਵੀ ਨਹੀਂ ਰਹਿਣਾ ਹੈ। ਮਨੁੱਖ ਆਪਣੇ ਪਰਿਵਾਰ 'ਤੇ ਕਿਵੇਂ ਮਾਣ ਕਰ ਸਕਦਾ ਹੈ, ਕਿਵੇਂ ਮੋਹ ਹੋ ਸਕਦਾ ਹੈ ਕਿਉਂਕਿ ਕੌਣ ਉਸ ਦੇ ਮਾਤਾ-ਪਿਤਾ ਹਨ। ਉਹ ਤਾਂ ਹਰ ਜਨਮ ਵਿਚ ਬਦਲਦੇ ਰਹੇ ਹਨ "ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥" ਮਾਤਾ ਕੌਣ ਹੈ, ਪਿਤਾ ਕੌਣ ਹੈ, ਜਨਮ ਦਾ ਸਰੋਤ ਕੀ ਹੈ, ਇਸ ਬਾਰੇ ਨਿਸ਼ਚਿਤ ਤੌਰ 'ਤੇ ਕੀ ਕਿਹਾ ਜਾ ਸਕਦਾ ਹੈ। ਪਰ ਅਗਿਆਨਤਾ ਵੱਸ ਮਨੁੱਖ ਵਿਵਹਾਰ ਇਵੇਂ ਕਰਦਾ ਹੈ, ਜਿਵੇਂ ਵਰਤਮਾਨ ਸਬੰਧ ਹੀ ਉਸ ਦਾ ਸਦੀਵੀ ਸੱਚ ਹਨ। ਭਗਤ ਕਬੀਰ ਜੀ ਦਾ ਸ਼ਬਦ ਹੈ ਕਿ ਜਿਸ ਘਰ ਭਾਵ ਪਰਿਵਾਰ, ਕੁਲ ਨੂੰ ਉਹ ਆਪਣਾ ਸਮਝ ਰਿਹਾ ਹੈ, ਅਜਿਹੇ ਘਰ ਤਾਂ ਉਹ ਪਿਛਲੇ ਜਨਮਾਂ ਵਿਚ ਅਨੇਕ ਬਣਾ ਚੁੱਕਿਆ ਹੈ। ਉਹ ਬਣਾਏ ਅਣਗਿਣਤ ਘਰ ਆਪਣੇ ਨਹੀਂ ਰਹੇ, ਤਾਂ ਅੱਜ ਜਿਸ ਘਰ ਨੂੰ ਉਹ ਆਪਣਾ ਮੰਨ ਰਿਹਾ ਹੈ, ਆਉਣ ਵਾਲੇ ਸਮੇਂ ਵਿਚ ਉਹ ਕਿਵੇਂ ਆਪਣਾ ਬਣਿਆ ਰਹੇਗਾ ਜਾਂ ਅੱਜ ਆਪਣਾ ਕਿਹਾ ਜਾ ਸਕਦਾ ਹੈ। ਮਨੁੱਖ ਨੂੰ ਤਾਂ ਇਹ ਪਛਾਣ ਵੀ ਨਹੀਂ ਕਿ ਉਹ ਆਪ ਕੀ ਹੈ। ਉਸ ਨੇ ਆਪਣੇ ਭੌਤਿਕ ਰੂਪ ਨੂੰ ਆਪਣੀ ਪਛਾਣ ਮੰਨ ਲਿਆ ਹੈ। ਗੁਰੂ ਸਾਹਿਬਾਨ ਨੇ ਇਸ ਭਰਮ ਨੂੰ ਵੀ ਤੋੜਿਆ ਅਤੇ ਆਪਣੇ ਤਨ ਨਾਲ ਕੀਤੀ ਗਈ ਪ੍ਰੀਤ ਨੂੰ ਝੂਠਾ ਕਿਹਾ। ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਗ 1072 'ਤੇ ਸੁਸ਼ੋਭਿਤ ਆਪਣੀ ਬਾਣੀ ਵਿਚ ਮਨੁੱਖੀ ਹੋਂਦ ਨੂੰ ਦੋ ਹਿੱਸਿਆਂ ਆਤਮਿਕ ਤੱਤ ਤੇ ਭੌਤਿਕ ਤੱਤ ਵਿਚ ਵੰਡਦਿਆਂ ਕਿਹਾ ਕਿ ਆਤਮਿਕ ਤੱਤ ਭਾਵ ਮਨ ਨੇ ਭੌਤਿਕ ਤੱਤ ਭਾਵ ਤਨ ਨਾਲ ਪਤੀ ਤੇ ਪਤਨੀ ਜਿਹਾ ਸਬੰਧ ਕਾਇਮ ਕਰ ਲਿਆ ਹੈ। ਮਨ ਨੇ ਤਨ ਨੂੰ ਆਪਣਾ ਸਦੀਵੀ ਸੰਗੀ ਮੰਨ ਲਿਆ ਹੈ। ਤਨ ਵੀ ਇਸ ਭਰਮ ਨੂੰ ਬਣਾਈ ਰੱਖਦਾ ਹੈ। ਮਨ ਜੋ ਕਹਿੰਦਾ ਹੈ, ਤਨ ਉਸ ਨੂੰ ਪੂਰਾ ਕਾਰਨ ਲਈ ਤੁਰੰਤ ਤੱਤਪਰ ਹੋ ਜਾਂਦਾ ਹੈ। ਇਹ ਸਬੰਧ ਅਤਿ ਨੇੜਤਾ ਦਾ ਬਣ ਜਾਂਦਾ ਹੈ। ਮਨ ਇਸਤਰੀ ਨੂੰ ਇਸ ਵਿਚ ਘਣਾ ਰਸ ਆਉਂਦਾ ਹੈ। ਪਤੀ ਤਨ ਵੀ ਉਸ ਰਸ ਨੂੰ ਸਦਾ ਬਣਾਈ ਰੱਖਦਾ ਹੈ। ਮਨ ਆਪਣੀ ਕਾਮਨਾ ਪ੍ਰਗਟ ਕਰਦੀ ਹੈ ਕਿ ਤਨ ਉਸ ਨੂੰ ਕਦੇ ਵੀ ਛੱਡ ਕੇ ਨਾ ਜਾਵੇ। ਤਨ ਸੰਵਾਦ ਕਰਦਾ ਹੈ ਕਿ ਉਹ ਤਾਂ ਹੁਕਮੀ ਬੰਦਾ ਹੈ। ਜਦੋਂ ਹੁਕਮ ਹੋਇਆ ਉਹ ਵਿਦਾ ਹੋ ਜਾਵੇਗਾ। ਗੁਰੂ ਸਾਹਿਬ ਨੇ ਕਿਹਾ ਕਿ ਮਨ ਇਸਤ੍ਰੀ ਮੋਹ ਵਿਚ ਅੰਨੀ ਹੋ ਗਈ ਹੈ, ਸੱਚ ਵੇਖ ਨਹੀਂ ਪਾ ਰਹੀ ਪਰ ਤਨ ਚੰਚਲ ਤੇ ਸਿਆਣਾ ਹੈ। ਤਨ ਸੱਚ ਵਚਨ ਕਹਿੰਦਾ ਹੈ ਕਿ ਉਹ ਤਦੋਂ ਤੱਕ ਹੀ ਉਸ ਦੇ ਨਾਲ ਰਹਿਣ ਵਾਲਾ ਹੈ, ਜਦੋਂ ਤੱਕ ਉਸ ਨੂੰ ਸੰਗ ਰਹਿਣ ਦਾ ਹੁਕਮ ਹੈ। ਮਨ ਨੂੰ ਇਸ 'ਤੇ ਵਿਸ਼ਵਾਸ ਨਹੀਂ ਹੁੰਦਾ ਅਤੇ ਉਹ ਤਨ ਦੀ ਇਸ ਗੱਲ ਨੂੰ ਹਾਸਾ ਹੀ ਸਮਝਦੀ ਹੈ। ਗੁਰੂ ਸਾਹਿਬ ਨੇ ਕਿਹਾ ਕਿ ਕਾਲ ਦਾ ਸੱਦਾ ਆਉਂਦੀਆਂ ਹੀ ਤਨ ਸਾਥ ਛੱਡ ਕੇ ਵਿਦਾ ਹੋ ਜਾਂਦਾ ਹੈ "ਨਾ ਧਨ ਪੁਛੀ ਨ ਮਤਾ ਪਕਾਇਆ॥" ਇੱਕ ਪਲ ਵੀ ਸੋਚ ਵਿਚਾਰ ਨਹੀਂ ਕਰਦਾ, ਨਾ ਹੀ ਮਨ ਵੱਲ ਪਰਤ ਕੇ ਵੇਖਦਾ ਹੀ ਹੈ। ਮਨ ਦਾ ਮਿਥਿਆ ਮੋਹ ਖਿਨ ਮਾਤਰ ਵਿਚ ਹੀ ਟੁੱਟ ਜਾਂਦਾ ਹੈ। ਮਾਇਆ ਦਾ ਮੋਹ, ਵਿਕਾਰਾਂ ਦਾ ਬੰਧ ਤਾਂ ਤਨ ਦੇ ਕਾਰਨ ਹੀ ਸੀ। ਤਨ ਹੀ ਇਸ ਦਾ ਮਾਧਿਅਮ ਸੀ। ਤਨ ਨੂੰ ਅਵਿਨਾਸ਼ੀ ਮੰਨ ਕੇ ਮਨ ਭੋਗ ਵਿਲਾਸ ਤੇ ਕੂੜ ਵਿਚ ਉਲਝਿਆ ਰਹਿੰਦਾ ਹੈ। ਆਪਣੇ ਆਪ ਨੂੰ ਮਨ ਤੋਂ ਵੱਖ ਕਰ ਕੇ ਵੇਖਣ ਦਾ ਜਤਨ ਹੀ ਨਹੀਂ ਕਰਦਾ। ਇਹ ਭੁੱਲ ਪਛਤਾਵੇ ਵਿਚ ਬਦਲ ਜਾਂਦੀ ਹੈ। ਮਨ ਦਾ ਤਨ ਨਾਲ, ਪਰਿਵਾਰ ਨਾਲ, ਮਾਇਆ ਨਾਲ ਲਿਪਤ ਰਹਿਣਾ ਹੀ ਕੂੜ ਹੈ। ਇਸ ਕੂੜ ਨੂੰ ਤੋੜਨਾ ਹੀ ਨਿਰਲੇਪ ਹੋਣਾ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਸਚਿਆਰ ਹੋਣਾ ਕਿਹਾ। ਨਿਰਲੇਪ ਹੋਣਾ ਨਾ ਤਾਂ ਸੰਸਾਰ ਤੇ ਪਰਿਵਾਰ ਦਾ ਤਿਆਗ ਹੈ, ਨਾ ਹੀ ਜੀਵਨ ਤੋਂ ਉਦਾਸ ਹੋਣਾ ਹੈ। ਸੰਸਾਰ ਅੰਦਰ ਜੋ ਵੀ ਦ੍ਰਿਸ਼ਟੀਮਾਨ ਹੈ, ਉਹ ਨਾਸ਼ਵਾਨ ਹੈ। ਨਾਸ਼ਵਾਨ ਨਾਲ ਨਹੀਂ, ਜੋ ਅਵਿਨਾਸ਼ੀ ਹੈ, ਉਸ ਨਾਲ ਸਬੰਧ ਜੋੜਨਾ ਹੈ, ਪ੍ਰੀਤ ਕਰਨੀ ਹੈ ਤੇ ਭਰੋਸਾ ਕਰਨਾ ਹੈ। ਨਾਸ਼ਵਾਨ ਸੰਸਾਰ ਵੀ ਪ੍ਰਮਾਤਮਾ ਦੀ ਹੀ ਰਚਨਾ ਹੈ। ਕੂੜ ਪ੍ਰਮਾਤਮਾ ਦੀ ਖੇਡ ਹੈ "ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥" ਇਸ ਖੇਡ ਵਿਚ ਭਰਮ ਕੇ ਮਨੁੱਖ ਇਵੇਂ ਵਿਵਹਾਰ ਕਰਦਾ ਹੈ, ਜਿਵੇਂ ਸਦਾ ਹੀ ਜੀਵਤ ਰਹਿਣਾ ਹੈ ਤੇ ਮਰਨਾ ਵਿਸਾਰ ਦਿੰਦਾ ਹੈ। ਇਸ ਕੂੜ ਤੋਂ ਨਿਰਲੇਪ ਰਹਿਣ ਵਾਲੇ ਹੀ ਸੱਚ ਨੂੰ ਪਛਾਣ ਲੈਂਦੇ ਹਨ ਤੇ ਪ੍ਰਮਾਤਮਾ ਦੀ ਕਿਰਪਾ ਦੇ ਪਾਤਰ ਬਣਦੇ ਹਨ "ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ॥" ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ "ਨਾਨਕ ਸਾਚੇ ਕਉ ਸਚੁ ਜਾਣੁ॥" ਇੱਕ ਪਰਮਾਤਮਾ ਹੀ ਸੱਚ ਹੈ, ਮਨੁੱਖ ਉਸ ਦੀ ਹੀ ਕਾਮਨਾ ਕਰੇ। ਇਸ ਸੱਚ ਨਾਲ ਪਿਆਰ ਨਿਸ਼ਕਾਮ ਹੈ "ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥" ਸੰਸਾਰਕ ਪ੍ਰੀਤ ਵਿਚ ਸਵਾਰਥ ਛੁਪਿਆ ਹੁੰਦਾ ਹੈ। ਪ੍ਰਮਾਤਮਾ ਨਾਲ ਪ੍ਰੀਤ ਸਵਾਰਥ ਤੋਂ ਰਹਿਤ ਪਾਵਨ ਤੇ ਨਿਰਮਲ ਹੈ। ਪਾਵਨ ਤੇ ਨਿਰਮਲ ਹੋਣਾ ਹੀ ਨਿਰਲੇਪ ਹੋਣਾ ਹੈ। ਮਨੁੱਖ ਪ੍ਰਮਾਤਮਾ ਅਤੇ ਸੱਚ ਨਾਲ ਪ੍ਰੀਤ ਵਿਚ ਕੋਈ ਸੰਸਾਰਕ ਵਿਘਨ ਨਹੀਂ ਆਉਣ ਦਿੰਦਾ। ਗੁਰੂ ਨਾਨਕ ਸਾਹਿਬ ਨਾਲ ਉਨ੍ਹਾਂ ਦਾ ਪਰਿਵਾਰ ਸੀ ਪਰ ਗੁਰਗੱਦੀ ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਸੌਂਪੀ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਦੀ ਆਯੂ ਮਾਤਰ ਬਾਰਹ ਸਾਲ ਸੀ ਪਰ ਗੁਰੂ ਅਰਜਨ ਸਾਹਿਬ ਨੇ ਇਸ ਦੀ ਕੋਈ ਵੀਚਾਰ ਨਹੀਂ ਕੀਤੀ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਵਿਚ ਨੌ ਸਾਲ ਦੇ ਗੁਰੂ ਗੋਬਿੰਦ ਸਿੰਘ ਸਾਹਿਬ ਆਪ ਪ੍ਰੇਰਨਾ ਬਣੇ। ਗੁਰੂ ਹਰਿਰਾਇ ਸਾਹਿਬ ਨੇ ਆਪਣੇ ਵੱਡੇ ਪੁੱਤਰ ਨੂੰ ਗੁਰਬਾਣੀ ਦੀ ਮਰਿਆਦਾ ਨਾ ਕਾਇਮ ਰੱਖਣ ਕਾਰਨ ਜੀਵਨ ਭਰ ਲਈ ਆਪਣੇ ਤੋਂ ਦੂਰ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜ ਦਿਨ ਅੰਦਰ ਆਪਣੇ ਚਾਰੋ ਸਾਹਿਬਜਾਦਿਆਂ ਦੀ ਸ਼ਹੀਦੀ ਨੂੰ ਹਜ਼ਾਰਾਂ ਜੀਵਤ ਸਿੱਖਾਂ ਦੇ ਹਿੱਤ ਲਈ ਵਾਰਨਾ ਮੰਨ ਕੇ ਸਹਿਜ ਹੀ ਸਵੀਕਾਰ ਕਰ ਲਿਆ। ਇਹ ਹੈ ਨਿਰਲੇਪ ਹੋਣਾ, ਜੋ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਹੰਡਾ ਕੇ ਸੰਸਾਰ ਨੂੰ ਸਿਖਾਇਆ। ਨਿਰਲੇਪ ਅਵਸਥਾ ਮਾਇਆ ਮੋਹ ਤੋਂ ਉੱਪਰ ਉੱਠਣ ਦੀ ਅਵਸਥਾ ਹੈ ਪਰ ਸਮਾਜਿਕ, ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੂੰਹ ਨਹੀਂ ਮੋੜਦੀ। ਗੁਰੂ ਨਾਨਕ ਸਾਹਿਬ ਬਿਰਧ ਅਵਸਥਾ ਵਿਚ ਵੀ ਕਰਤਾਰਪੁਰ ਸਾਹਿਬ ਵਿਖੇ ਆਪਣੇ ਪਰਿਵਾਰ ਦੇ ਪਾਲਣ ਲਈ ਖੇਤੀ ਕਰਦੇ ਰਹੇ। ਸਾਰੇ ਹੀ ਗੁਰੂ ਸਾਹਿਬਾਨ ਨੇ ਆਪਣੀ ਸੰਤਾਨ ਦੀ ਵਿਦਿਆ, ਗਿਆਨ ਲਈ ਸੁੱਚਜੇ ਪ੍ਰਬੰਧ ਕੀਤੇ, ਆਪਣੇ ਮਹਿਲਾਂ ਨੂੰ ਸਨਮਾਨ ਤੇ ਸਹਿਯੋਗ ਬਖਸ਼ਿਆ। ਗੁਰੂ ਅੰਗਦ ਸਾਹਿਬ ਦੇ ਮਹਿਲ ਮਾਤਾ ਖੀਵੀ ਜੀ ਲੰਗਰ ਵਿਚ ਸਹਿਯੋਗ ਦਿੰਦੇ ਸਨ। ਗੁਰੂ ਰਾਮਦਾਸ ਜੀ ਦੁਆਰਾ ਆਪਣੇ ਸਬੰਧੀ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਗੁਰੂ ਅਰਜਨ ਸਾਹਿਬ ਨੂੰ ਲਾਹੌਰ ਭੇਜਣ ਦਾ ਜ਼ਿਕਰ ਮਿਲਦਾ ਹੈ। ਗੁਰੂ ਤੇਗ ਬਹਾਦਰ ਜੀ ਕੀਰਤਪੁਰ ਛੱਡ ਕੇ ਬਕਾਲੇ ਆਏ, ਤਾਂ ਆਪਣੀ ਮਾਤਾ ਨਾਨਕੀ ਜੀ ਨੂੰ ਵੀ ਨਾਲ ਲਿਆਏ । ਜ਼ਿੰਮੇਵਾਰੀਆਂ ਦਾ ਅਹਿਸਾਸ ਸੀ ਪਰ ਮੋਹ ਜ਼ਿੰਮੇਵਾਰੀਆਂ ਦਾ ਕਾਰਨ ਨਹੀਂ ਬਣਿਆ। ਮੋਹ ਹੋਵੇ ਤਾਂ ਲਾਲਸਾ ਪੈਦਾ ਹੁੰਦੀ ਹੈ। ਲਾਲਸਾ ਵਿਚ ਕੀਤੇ ਕਾਰਜ ਜ਼ਿੰਮੇਵਾਰੀ ਦੀ ਸ਼੍ਰੇਣੀ ਵਿਚ ਨਹੀਂ ਆਉਂਦੇ। ਜ਼ਿੰਮੇਵਾਰੀ ਦੀ ਇੱਕ ਮਰਿਆਦਾ ਹੈ, ਸੀਮਾ ਹੈ ਜੋ ਗੁਰੂ ਸਾਹਿਬਾਨ ਦੇ ਜੀਵਨ ਵਿਚ ਪ੍ਰਗਟ ਹੋਈ। ਮੋਹ ਤੋਂ ਪੈਦਾ ਹੋਈ ਲਾਲਸਾ ਦੀ ਕੋਈ ਮਰਿਆਦਾ, ਕੋਈ ਸੀਮਾ ਨਹੀਂ ਹੁੰਦੀ। ਜਲ ਵਿਚ ਕਮਲ ਦਾ ਖਿਲਣਾ ਉਸ ਦੀ ਜ਼ਿੰਮੇਵਾਰੀ ਹੈ ਕਿਉਂਕਿ ਉਹ ਜਲ ਵਿਚ ਪੈਦਾ ਹੋਇਆ ਹੈ। ਜਲ ਵਿਚ ਰਹਿ ਕੇ ਵੀ ਜਲ ਤੋਂ ਉੱਪਰ ਰਹਿਣਾ ਉਸ ਦੀ ਨਿਰਲੇਪ ਅਵਸਥਾ ਹੈ ਕਿਉਂਕਿ ਉਸ ਨੂੰ ਗਿਆਨ ਹੈ ਕਿ ਜਲ ਵਿਚ ਡੁੱਬਿਆ ਰਹਿ ਕੇ ਉਹ ਖਿੜ ਨਹੀਂ ਸਕਦਾ।

ਬ੍ਰਹਮ ਗਿਆਨੀ ਸਦਾ ਨਿਰਲੇਪ॥
ਜੈਸੇ ਜਲ ਮਹਿ ਕਮਲ ਅਲੇਪ॥ (ਸ੍ਰੀ ਗੁਰੂ ਗਰੰਥ ਸਾਹਿਬ ਅੰਗ : 272)

ਬ੍ਰਹਮ ਗਿਆਨ ਹੈ ਮਾਇਆ ਦਾ ਵਿਨਾਸ਼ਕਾਰੀ ਸਵਰੂਪ ਜਾਣਨਾ ਤੇ ਵਿਚ ਡੁੱਬਨ ਤੋਂ ਬਚਣਾ ਤਾਂ ਜੋ ਜੀਵਨ ਖਿੜ ਕੇ ਆਪਣਾ ਮਨੋਰਥ ਪ੍ਰਾਪਤ ਕਰ ਸਕੇ। ਗੁਰੂ ਅਰਜਨ ਸਾਹਿਬ ਨੇ ਆਪਣੀ ਬਾਣੀ ਸੁਖਮਨੀ ਸਾਹਿਬ ਵਿਚ ਵਿਸਤਾਰ ਨਾਲ ਸਮਝਾਇਆ ਕਿ ਮਨ, ਵਚਨ ਅਤੇ ਕਰਮ ਦੀ ਪਵਿੱਤਰਤਾ ਹੀ ਬ੍ਰਹਮ ਗਿਆਨੀ ਹੋਣਾ ਹੈ। ਇਹ ਗ੍ਰੰਥਾਂ ਦਾ ਸ਼ਬਦ ਗਿਆਨ ਨਹੀਂ ਜੀਵਨ ਦੀ ਅਵਸਥਾ ਹੈ, ਜਿਸ ਵਿਚ ਕੋਈ ਭੇਦ ਨਹੀਂ ਰਹਿੰਦਾ, ਜਿਵੇਂ ਸੂਰਜ ਸਾਰੀਆਂ ਨੂੰ ਇੱਕ ਸਮਾਨ ਆਪਣੀ ਰੌਸ਼ਨੀ ਤੇ ਗਰਮਾਹਟ ਵੰਡਦਾ ਹੈ। ਉਹ ਸਮ ਦ੍ਰਿਸ਼ਟੀ ਦਾ ਧਾਰਕ ਹੈ, ਜਿਵੇਂ ਪਵਨ ਸਾਰੀਆਂ ਨੂੰ ਇੱਕੋ ਜਿਹਾ ਸਪਰਸ਼ ਦਿੰਦੀ ਹੈ। ਉਸ ਅੰਦਰ ਪੱਕਾ ਧੀਰਜ ਹੈ, ਜਿਵੇਂ ਧਰਤੀ ਨੂੰ ਭਾਵੇਂ ਕੋਈ ਪੁੱਟੇ ਜਾਂ ਚੰਦਨ ਦਾ ਲੇਪ ਕਰੇ, ਧਰਤੀ ਸਾਰੀਆਂ ਨੂੰ ਹੀ ਬਰਾਬਰੀ ਦਾ ਆਧਾਰ ਦਿੰਦੀ ਹੈ। ਬ੍ਰਹਮ ਗਿਆਨੀ ਦਾ ਸੁਭਾਅ ਅਗਨੀ ਜਿਹਾ ਹੁੰਦਾ ਹੈ, ਜੋ ਸਹਿਜ ਹੀ ਪ੍ਰਗਟ ਹੁੰਦੀ ਹੈ, ਸਹਿਜ ਹੀ ਅਲੋਪ ਹੋ ਜਾਂਦੀ ਹੈ। ਉਹ ਜਲ ਦੀ ਤ੍ਰਾਹ ਹੁੰਦਾ ਹੈ, ਜਿਸ ਨੂੰ ਕਦੇ ਕੋਈ ਮੈਲ ਨਹੀਂ ਲੱਗਦੀ। ਬ੍ਰਹਮ ਗਿਆਨ ਦੀ ਅਵਸਥਾ ਵਿਚ ਮਨ ਅਧਿਆਤਮਕ ਗਿਆਨ ਨਾਲ ਇਵੇਂ ਪ੍ਰਕਾਸ਼ਿਤ ਰਹਿੰਦਾ ਹੈ, ਜਿਵੇਂ ਧਰਤੀ ਉੱਪਰ ਸਦਾ ਹੀ ਅਸਮਾਨ ਟਿਕਿਆ ਹੋਇਆ ਹੈ। ਇਹ ਨਿਰਲੇਪ ਅਵਸਥਾ ਦੇ ਲੱਖਣ ਹਨ। ਉਹ ਸੂਰਜ ਹੈ, ਪਵਨ ਹੈ, ਧਰਤੀ ਹੈ, ਜਲ ਹੈ, ਅਗਨੀ ਹੈ, ਆਕਾਸ਼ ਹੈ। ਸ੍ਰਿਸ਼ਟੀ ਦੇ ਆਦਿ ਤੋਂ ਹੀ ਸੂਰਜ, ਪਵਨ, ਧਰਤੀ, ਜਲ, ਪਵਨ, ਅਗਨੀ, ਆਕਾਸ਼ ਦਾ ਇੱਕੋ ਹੀ ਸੁਭਾਅ ਪ੍ਰਗਟ ਹੋ ਰਿਹਾ ਹੈ। ਇਨ੍ਹਾਂ ਦਾ ਸਨਮਾਨ ਤਾਂ ਹੀ ਹੈ, ਤਾਂ ਹੀ ਇਹ ਜੀਵਨ ਦਾ ਆਧਾਰ ਹਨ। ਨਿਰਲੇਪ ਅਵਸਥਾ ਅਡੋਲ ਹੈ, ਤਾਂ ਹੀ ਉਹ ਨਿਰਲੇਪ ਅਵਸਥਾ ਹੈ। ਇਹ ਆਤਮਿਕ ਉਧਾਰ ਦਾ ਮਾਧਿਅਮ ਤਾਂ ਹੈ ਹੀ, ਮਨੁੱਖਤਾ ਦੇ ਉਧਾਰ ਦਾ ਵੀ ਰਾਹ ਖੋਲਦੀ ਹੈ "ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥" ਸੰਸਾਰ ਦੀ ਮਾਇਆ , ਮੋਹ ਤੋਂ ਨਿਰਲੇਪ ਗੁਰਸਿੱਖ ਦਾ ਸੰਕਲਪ ਆਤਮ ਕਲਿਆਣ ਦੇ ਨਾਲ ਹੀ ਸਰਬ ਕਲਿਆਣ ਦਾ ਹੈ। ਗੁਰਬਾਣੀ ਨਾਲ ਜੁੜਨਾ ਤਾਂ ਹੀ ਸਫਲ ਹੈ, ਜੇ ਮਨ ਅੰਦਰ ਨਿਰਲੇਪ ਅਵਸਥਾ ਦਾ ਸਿਰਜਣ ਹੋ ਜਾਏ। ਜੀਵਨ ਵਿਚ ਸੁੱਖ-ਦੁੱਖ ਦੀਆਂ ਭਾਵੇਂ ਕਿਹੇ ਹੀ ਜਿਹਿਆਂ ਸਥਿਤੀਆਂ ਬਣਨ ਧੀਰਜ, ਸੰਜਮ, ਸੰਤੋਖ ਅਤੇ ਸਮ ਦ੍ਰਿਸ਼ਟੀ ਦੇ ਗੁਣ ਅਡੋਲ ਰਹਿਣ "ਜੈ ਰਾਜੁ ਦੇਹਿ ਤਾਂ ਕਵਨ ਬਡਾਈ॥ ਜੈ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥" ਇਸ ਅਵਸਥਾ ਤੋਂ ਵੱਡਾ ਜੱਪ, ਤੱਪ ਕੋਈ ਹੋਰ ਨਹੀਂ ਹੈ, ਇਸ ਤੋਂ ਸ੍ਰੇਸ਼ਟ ਸਿੱਧਤਾ ਕੋਈ ਦੂਜੀ ਨਹੀਂ ਹੈ। ਇਸ ਅਵਸਥਾ ਵਿਚ ਵਿਸਮਾਦ ਹੀ ਵਿਸਮਾਦ ਹੈ, ਜਿਸ ਦਾ ਆਨੰਦ ਕਥਨ ਤੋਂ ਪਰ੍ਹੇ ਹੈ। ਰਾਜਾ ਹੋਈਆਂ ਵੀ ਆਨੰਦ ਹੈ, ਭਿੱਖਿਆ ਮੰਗਣਾ ਵੀ ਉਤਨਾ ਹੀ ਆਨੰਦ ਦੇ ਰਿਹਾ ਹੈ।

# ਕੁਦਰਤ ਦਾ ਕੌਤਕ ਸੀ ਬਾਬਾ ਫੌਜਾ ਸਿੰਘ

ਪ੍ਰਿੰ. ਸਰਵਣ ਸਿੰਘ
principalsarwansingh@gmail.com
ਪੰਜਾਬ ਮੇਲ USA



ਬਾਬਾ ਫੌਜਾ ਸਿੰਘ ਕੁਦਰਤ ਦਾ ਕ੍ਰਿਸ਼ਮਾ ਸੀ। ਉਹ ਮਾਤਾ ਗਿਆਨ ਕੌਰ ਦੀ ਕੁੱਖੋਂ ਤੇ ਰਹਿਮੋ ਦਾਈ ਦੇ ਹੱਥੋਂ ਜੰਮਿਆ, ਤਾਂ ਉਹਦੇ ਬਚਣ ਦੀ ਆਸ ਨਹੀਂ ਸੀ। ਪਰ ਉਹ 114 ਸਾਲ 3 ਮਹੀਨੇ 14 ਦਿਨ ਜੀਵਿਆ। ਨਾ ਸਿਰਫ਼ ਜੀਵਿਆ, ਬਲਕਿ ਗੁਰਾਂ ਦੀ ਦੱਸੀ ਜੀਵਨ ਜਾਚ, 'ਹਸੰਦਿਆਂ, ਖੇਲੰਦਿਆਂ, ਖਵੰਦਿਆਂ, ਪੈਨੰਦਿਆਂ' ਨਾਲ ਮੈਰਾਥਨ ਦੌੜਾਂ ਦੌੜਨ ਦਾ ਕੌਤਕ ਵੀ ਵਰਤਾਅ ਗਿਆ। ਇਹ ਵੀ ਕੋਈ ਕੌਤਕ ਹੋਵੇਗਾ ਕਿ ਬਚਪਨ ਦੇ ਪਹਿਲੇ ਪੰਜ ਸਾਲ ਉਹ ਪੰਜ ਕਦਮ ਤੁਰਨ ਜੋਗਾ ਵੀ ਨਹੀਂ ਸੀ ਹੋਇਆ! ਇਥੋਂ ਤੱਕ ਕਿ ਰਿੜ੍ਹਨ ਤੇ ਖੜ੍ਹਨ ਵੀ ਬੜੀ ਦੇਰ ਨਾਲ ਲੱਗਾ। ਛੇਵਾਂ ਸਾਲ ਲੱਗਣ 'ਤੇ ਜਦੋਂ ਉਹ ਤੁਰਨ ਜੋਗਾ ਹੋਇਆ, ਤਾਂ ਘਰਦਿਆਂ ਨੇ ਪਿੰਡ 'ਚ ਕੜਾਹ ਵੰਡਿਆ।

ਉਹਦੀ ਮਾਂ ਖੇਤ ਰੋਟੀ ਲੈ ਕੇ ਜਾਂਦੀ, ਤਾਂ ਉਹ ਵੀ ਨਾਲ ਜਾਣ ਦੀ ਜ਼ਿਦ ਕਰਦਾ। ਉਹ ਉਂਗਲ ਫੜ ਕੇ ਤੋਰਨ ਦਾ ਚਾਰਾ ਕਰਦੀ, ਤਾਂ ਫੌਜੇ ਦੀਆਂ ਲੱਤਾਂ 'ਚ ਚੀਸਾਂ ਪੈਣ ਲੱਗਦੀਆਂ। ਮਾਂ ਉਹਦੀਆਂ ਲੱਤਾਂ 'ਤੇ ਪੱਟੀਆਂ ਬੰਨ੍ਹਦੀ ਰਹਿੰਦੀ। ਜਿਥੇ ਕਿਸੇ ਰੁੱਖ ਦੀ ਛਾਂ ਹੁੰਦੀ, ਉਥੇ ਬਹਿ ਕੇ ਦਮ ਲੈਣ ਲੱਗਦੇ। ਪੰਦਰਾਂ ਸਾਲ ਦੀ ਉਮਰ ਤੱਕ ਉਹ ਲਗਾਤਾਰ ਇੱਕ ਮੀਲ ਵੀ ਨਾ ਤੁਰ ਸਕਿਆ। ਅਜਿਹੇ ਮੁੰਡੇ ਨੂੰ ਤਾਂ ਰਿਸ਼ਤਾ ਹੋਣਾ ਵੀ ਮੁਸ਼ਕਲ ਸੀ ਕਿਉਂਕਿ ਕੁੜੀਆਂ ਜੰਮਦੀਆਂ ਮਾਰ ਦਿੱਤੀਆਂ ਜਾਂਦੀਆਂ ਸਨ। ਕਿਸਾਨਾਂ ਦੇ ਮੁੰਡੇ ਲਵੀ ਉਮਰ 'ਚ ਵਿਆਹੇ ਜਾਂਦੇ ਤਾਂ ਵਿਆਹੇ ਜਾਂਦੇ ਨਹੀਂ, ਛੜੇ ਰਹਿ ਜਾਂਦੇ।

ਉਹਦੇ ਪਿਤਾ ਦਾ ਨਾਂ ਮਿਹਰ ਸਿੰਘ ਸੀ। ਉਹ ਵਿਚਾਰਾ ਥੁੜਿਆ ਟੁੱਟਿਆ ਕਿਸਾਨ ਸੀ, ਜਿਸ ਦਾ ਵੱਡਾ ਪਰਿਵਾਰ ਸੀ। ਕਰਜ਼ੇ ਲਾਹੁੰਦਾ, ਹਲ ਵਾਹੁੰਦਾ, ਪਾਣੀ ਲਾਉਂਦਾ, ਪੱਠੇ ਢੋਂਦਾ ਤੇ ਡੰਗਰ ਪਾਲਦਾ ਉਹ ਕੀਹਦਾ-ਕੀਹਦਾ ਇਲਾਜ ਕਰਾਉਂਦਾ? ਮਿਹਰ ਸਿੰਘ ਦੀ ਮਿਹਰ ਨਾਲੋਂ ਉਹਦੇ ਪੁੱਤਰ ਫੌਜੂ ਤੋਂ ਬਾਬਾ ਫੌਜਾ ਸਿੰਘ ਬਣੇ ਮੈਰਾਥਨ ਦੇ ਮਹਾਂਰਥੀ ਉਤੇ ਕੁਦਰਤ ਦੇ ਕਾਦਰ ਦੀ ਮਿਹਰ ਵਧੇਰੇ ਰਹੀ।

ਫੌਜਾ ਹਲ ਵਾਹੁਣ ਲੱਗਾ, ਤਾਂ ਉਹਦਾ ਪੱਚੀ ਸਾਲ ਦੀ ਉਮਰ ਵਿਚ ਵਿਆਹ ਹੋਇਆ। ਬਰਾਤ ਗੱਡੇ ਉਤੇ ਚੜ੍ਹ ਕੇ ਪਿੰਡ ਕਾਲਘਟਾਂ ਗਈ। ਇਕ ਬਲਦ ਉਨ੍ਹਾਂ ਦੇ ਘਰ ਦਾ ਸੀ, ਦੂਜਾ ਉਹਦੇ ਮਸੇਰ ਦਾ। ਵਿਆਂਦੜ ਹੋਣ ਕਰਕੇ ਹੀ ਉਸ ਨੂੰ ਚਾਬੀ ਦੇ ਲੱਠੇ ਵਾਲੇ ਨਵੇਂ ਕੱਪੜੇ ਜੁੜੇ ਸਨ। ਉਹ ਹਲ ਵਾਹੀ ਕਰਕੇ ਟੱਬਰ ਪਾਲਣ ਲੱਗਾ। ਕਦੇ ਫਸਲ ਚੰਗੀ ਹੋ ਜਾਂਦੀ ਕਦੇ ਮਾੜੀ, ਕਦੇ ਮੌਸਮ ਦੀ ਕਰੋਪੀ ਨਾਲ ਮਾਰੀ ਜਾਂਦੀ। ਉਹਦੇ ਘਰ ਤਿੰਨ ਪੁੱਤਰਾਂ ਤੇ ਤਿੰਨ ਧੀਆਂ ਨੇ ਜਨਮ ਲਿਆ, ਜਿਨ੍ਹਾਂ ਨੂੰ ਉਹ ਪੜ੍ਹਾ ਲਿਖਾ ਤਾਂ ਨਾ ਸਕਿਆ ਪਰ ਇੱਕ ਪੁੱਤਰ ਤੇ ਧੀ ਨੂੰ ਇੰਗਲੈਂਡ ਤੇ ਕੈਨੇਡਾ ਵਿਆਹੁਣ ਵਿਚ ਕਾਮਯਾਬ ਹੋ ਗਿਆ।

ਬਚਪਨ ਵਿਚ ਨਾ ਉਹ ਖੇਡਣ ਜੋਗਾ ਸੀ ਤੇ ਨਾ ਪੜ੍ਹਨ ਜੋਗਾ। ਗੱਭਰੂ ਹੋ ਕੇ ਉਹ ਫੁੱਟਬਾਲ ਨੂੰ ਕਿੱਕਾਂ ਮਾਰਨ ਲੱਗ ਪਿਆ। 1947 ਦੇ ਰੌਲਿਆਂ-ਗੌਲਿਆਂ ਵਿਚ ਫੁੱਟਬਾਲ ਦੀਆਂ ਕਿੱਕਾਂ ਵੀ ਭੁੱਲ ਗਈਆਂ। ਪੜ੍ਹਾਈ-ਲਿਖਾਈ ਜਾਂ ਕਿਸੇ ਹੁਨਰ ਵੱਲੋਂ ਉਹ ਅਸਲੋਂ ਕੋਰਾ ਸੀ। ਸਿਰਫ਼ ਆਪਣੇ ਦਸਤਖ਼ਤ ਕਰਨੇ ਹੀ ਸਿੱਖਿਆ ਤੇ ਉਹ ਵੀ ਉਰਦੂ ਵਿਚ। ਇੰਗਲੈਂਡ 'ਚ ਬੁਢਾਪਾ ਪੈਨਸ਼ਨ ਲੈਣ ਵੇਲੇ ਵੀ ਉਹ ਉਰਦੂ ਵਿਚ ਹੀ ਦਸਤਖ਼ਤ ਕਰਦਾ ਸੀ। ਐਨਕ ਦੀ ਉਹਨੂੰ ਕਦੇ ਲੋੜ ਨਹੀਂ ਸੀ ਪਈ। ਦੰਦ ਜਾੜ੍ਹਾਂ ਡੰਗਸਾਰੂ ਸਨ। ਕੰਨਾਂ ਨੂੰ ਉੱਚਾ ਸੁਣਨ ਲੱਗਾ ਸੀ। ਬੁੱਲ੍ਹ ਪਤਲੇ, ਉਤਲੇ ਦੰਦ ਚੌੜੇ ਤੇ ਹੇਠਲੇ ਬਰੀਕ ਸਨ। ਦੰਦਾਂ ਵਿਚ ਵਿਰਲਾਂ ਪੈ ਗਈਆਂ ਸਨ। ਦਾੜ੍ਹੀ ਹੋਰ ਲੰਮੀ ਤੇ ਹੋਰ ਬੱਗੀ ਹੋ ਗਈ ਸੀ।

ਬਾਲਕ ਫੌਜੂ ਜੀਵਨ ਦੇ ਪਹਿਲੇ ਪੰਜ ਸਾਲ ਬੇਸ਼ੱਕ ਪੰਜ ਕਦਮ ਵੀ ਨਹੀਂ ਸੀ ਤੁਰ ਸਕਿਆ ਪਰ ਪਿੱਛੋਂ ਏਨਾ ਤੁਰਿਆ, ਏਨਾ ਦੌੜਿਆ ਕਿ ਉਮਰ ਦੇ 80ਵਿਆਂ ਤੋਂ ਲੈ ਕੇ 110ਵਿਆਂ ਤਾਂਈਂ ਦੌੜ-ਦੌੜ ਧਰਤੀ ਘਸਾ ਦਿੱਤੀ! ਉਹਦੀਆਂ ਲੰਮੀਆਂ ਦੌੜਾਂ ਤੇ ਨਿਰੰਤਰ ਤੋਰਾਂ ਦਾ ਕੋਈ ਅੰਤ ਨਾ ਰਿਹਾ। ਆਖ਼ਰ ਉਹਦਾ ਅੰਤ 14 ਜੁਲਾਈ 2025 ਨੂੰ ਉਹਦੇ ਘਰ ਕੋਲ ਹੀ ਸੜਕ ਹਾਦਸੇ 'ਚ ਹੋਇਆ।

1992 'ਚ ਪਤਨੀ ਗਿਆਨ ਕੌਰ ਗੁਜ਼ਰ ਗਈ। 1990 'ਚ ਗਭਲਾ ਪੁੱਤਰ ਕੁਲਦੀਪ ਸਿੰਘ ਵੀ ਛੱਤ ਤੋਂ ਡਿੱਗ ਕੇ ਮੁੱਕ ਗਿਆ। ਉਨ੍ਹਾਂ ਦੇ ਵਿਯੋਗ ਵਿਚ ਉਹ ਕਮਲਾ ਹੋਇਆ ਸਿਵਿਆਂ 'ਚ ਬੈਠਾ ਰਹਿੰਦਾ। ਪਿੰਡ ਵਾਲੇ ਸੋਚਦੇ, ਹੁਣ ਇਹ ਵੀ ਨੀ ਬਚਦਾ। ਉਹਦਾ ਵੱਡਾ ਪੁੱਤਰ ਸੁਖਵਿੰਦਰ ਸਿੰਘ ਵਲਾਇਤ ਵਿਚ ਸੀ। ਉਸ ਨੇ ਬਾਪ ਨੂੰ ਮੰਗਵਾਉਣ ਲਈ ਪਾਸਪੋਰਟ ਬਣਵਾਇਆ, ਅਟੇ-ਸਟੇ ਜਨਮ ਤਾਰੀਖ 1 ਅਪ੍ਰੈਲ 1911 ਲਿਖੀ ਗਈ ਤੇ ਦਿਲ ਛੱਡੀ ਬੈਠੇ ਉਦਾਸੇ ਬਾਪ ਨੂੰ ਇੰਗਲੈਂਡ ਸੱਦ ਲਿਆ।

ਫੌਜਾ ਸਿੰਘ ਦਾ ਵਲਾਇਤ ਵਿਚ ਵੀ ਜੀਅ ਨਾ ਲੱਗਾ। ਉਹ ਮੁੜ ਪਿੰਡ ਪਰਤ ਆਇਆ। ਪਿੰਡ ਆ ਕੇ ਫਿਰ ਉਹੀ ਸ਼ੁਦਾਈਆਂ ਵਾਲਾ ਹਾਲ ਹੋਇਆ। ਦੁਬਾਰਾ ਇੰਗਲੈਂਡ ਗਿਆ ਤੇ ਫਿਰ ਪਿੰਡ ਨੂੰ ਪਰਤ ਪਿਆ। ਤਿੰਨ ਗੇੜੇ ਮਾਰ ਕੇ ਉਹ ਇੰਗਲੈਂਡ ਵਿਚ ਈ ਟਿਕ ਗਿਆ। ਇੰਗਲੈਂਡ 'ਚ ਟਿਕਾਇਆ ਬਠਿੰਡੇ ਵੱਲ ਦੇ ਇੰਗਲੈਂਡ ਪਹੁੰਚੇ ਦੌੜਾਕ ਹਰਮੰਦਰ ਸਿੰਘ ਨੇ। ਉਥੇ ਫਿਰ ਇਕ ਕੌਤਕ ਹੋਰ ਵਰਤਿਆ।



8 ਮਾਰਚ 2025 ਨੂੰ ਬਾਬਾ ਫੌਜਾ ਸਿੰਘ ਦੇ ਬਿਆਸ ਪਿੰਡ ਵਾਲੇ ਘਰ ਪ੍ਰਿੰਸੀਪਲ ਸਰਵਣ ਸਿੰਘ ਆਪਣੀ ਨਵੀਂ ਪੁਸਤਕ 'ਸੰਸਾਰ ਦੇ ਪ੍ਰਸਿੱਧ ਖਿਡਾਰੀ' ਬਾਬਾ ਜੀ ਨੂੰ ਭੇਟ ਕਰਦਿਆਂ। ਉਦੋਂ ਕੀ ਪਤਾ ਸੀ ਕਿ ਇਸ ਘਰ ਦੇ ਕੋਲ ਹੀ 'ਮੈਰਾਥਨ ਦੇ ਮਹਾਂਰਥੀ' ਨੇ ਕਾਰ ਹਾਦਸੇ ਦਾ ਸ਼ਿਕਾਰ ਹੋ ਜਾਣਾ ਹੈ!

ਹਰਮੰਦਰ ਸਿੰਘ ਖ਼ੁਦ 10000 ਮੀਟਰ ਦੌੜ ਦਾ ਦੌੜਾਕ ਸੀ। ਮਾਸਕੋ-1980 ਦੀਆਂ ਓਲੰਪਿਕ ਖੇਡਾਂ ਲਈ ਉਸ ਨੇ ਟਰਾਇਲ ਦਿੱਤੇ ਸਨ ਪਰ ਬਰਤਾਨੀਆ ਦੀ ਟੀਮ 'ਚ ਚੁਣੇ ਜਾਣੋਂ ਰਹਿ ਗਿਆ ਸੀ। ਫਿਰ ਉਹ ਵੈਟਰਨ ਦੌੜਾਕ ਵਜੋਂ ਮੈਰਾਥਨ ਦੌੜਾਂ ਲਾਉਣ ਲੱਗ ਪਿਆ। ਉਹ ਪਾਰਕ ਵਿਚ ਦੌੜਨ ਜਾਂਦਾ, ਤਾਂ ਫੌਜਾ ਸਿੰਘ ਨੂੰ ਬੈਂਚ ਉਤੇ ਸਿਰ ਸੁੱਟੀ ਬੈਠਾ ਵੇਖਦਾ। ਇਕ ਦਿਨ ਉਸ ਨੇ ਨਿਮੋਝੂਣੇ ਬੈਠੇ ਫੌਜਾ ਸਿੰਘ ਨੂੰ ਕਿਹਾ ਕਿ ਜੇ ਤੂੰ ਮੇਰੇ ਨਾਲ ਦੌੜਨ ਲੱਗ ਪਵੇਂ, ਤਾਂ ਤੇਰੀ ਉਦਾਸੀ ਦੂਰ ਹੋ ਜਾਵੇਗੀ।

ਬੁਢਾਪੇ 'ਚ ਪਹੁੰਚਾ ਫੌਜਾ ਸਿੰਘ, ਹਰਮੰਦਰ ਸਿੰਘ ਦੀ ਪ੍ਰੇਰਨਾ ਨਾਲ ਹੌਲੀ-ਹੌਲੀ ਦੌੜਨ ਲੱਗ ਪਿਆ ਤੇ ਦੌੜ ਕੇ ਨੇੜੇ ਦੇ ਗੁਰਦੁਆਰਿਆਂ ਵਿਚ ਜਾਣ ਲੱਗ ਪਿਆ। ਉਹ ਇਕ ਸ਼ਹਿਰ ਤੋਂ ਦੂਜੇ ਸ਼ਹਿਰ, ਇਕ ਪਾਰਕ ਤੋਂ ਦੂਜੇ ਪਾਰਕ ਤੇ ਇਕ ਗੁਰਦੁਆਰੇ ਤੋਂ ਦੂਜੇ ਗੁਰਦੁਆਰੇ ਤੱਕ ਦੌੜਨ ਲੱਗੇ। ਇੰਜ ਕੋਚ ਹਰਮੰਦਰ ਸਿੰਘ ਦਾ ਫੌਜਾ ਸਿੰਘ ਨੂੰ ਮੈਰਾਥਨਾਂ ਲੁਆਉਣ ਵਿਚ ਸਭ ਤੋਂ ਵੱਧ ਯੋਗਦਾਨ ਪਿਆ।

ਫੌਜਾ ਸਿੰਘ ਨੇ ਚੁਰਾਸੀ ਕੱਟ ਕੇ ਦੌੜਨਾ ਸ਼ੁਰੂ ਕੀਤਾ ਸੀ। ਉਸ ਦੀ ਜੀਵਨ ਕਹਾਣੀ ਦੱਸਦੀ ਹੈ ਕਿ ਕਿਸੇ ਬੰਦੇ ਦੇ ਜੀਵਨ ਵਿਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਵੱਡੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਹਿੰਮਤ ਧਾਰ ਲਵੇ, ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁੱਝ ਫੌਜਾ ਸਿੰਘ ਨੇ ਕੀਤਾ, ਉਹ ਲਾਮਿਸਾਲ ਹੈ!

ਬਾਬਾ ਵਲਾਇਤ ਤੋਂ ਬਿਆਸ ਪਿੰਡ ਆਇਆ ਹੋਇਆ ਸੀ। ਆਉਣ ਸਾਰ ਕੋਵਿਡ ਦੀਆਂ ਬੰਦਿਸ਼ਾਂ ਲੱਗ ਗਈਆਂ। ਤੋਰਾ-ਫੇਰਾ ਤੇ ਮਿਲਣਾ-ਗਿਲਣਾ ਬੰਦ ਹੋ ਗਿਆ। ਉਤੋਂ ਗਰਮੀਆਂ ਆ ਗਈਆਂ। ਮੈਨੂੰ ਸਥਾਨਕ ਪੱਤਰਕਾਰ ਦਾ ਫੋਨ ਆਇਆ ਕਿ ਬਾਬਾ ਫੌਜਾ ਸਿੰਘ ਦਾ ਹਾਲ-ਚਾਲ ਠੀਕ ਨਹੀਂ। ਤੁਰੰਤ ਆ ਕੇ ਮਿਲੋ। ਮੈਂ ਫੋਨ ਕੀਤਾ ਤਾਂ ਬਾਬਾ ਪੈਂਦੀ ਸੱਟੇ ਬੋਲਿਆ, "ਮੈਨੂੰ ਜਹਾਜ਼ ਚੜ੍ਹਾਓ, ਨਹੀਂ ਤਾਂ ਮੈਂ ਦਸ ਦਿਨ ਨੀ ਕੱਟਦਾ।"

ਮੈਂ 'ਫਲਾਈਂਗ ਵਿੰਗਜ਼' ਵਾਲੇ ਆਪਣੇ ਗੁਆਂਢੀ ਅਜੀਤ ਪਾਲ ਨੂੰ ਕਿਹਾ, ਕਰੋ ਕੋਈ ਇਲਾਜ, ਚੜ੍ਹਾਓ ਬਾਬੇ ਨੂੰ ਜਹਾਜ਼। ਉਹ ਕਹਿੰਦਾ, ਦਿੱਲੀਓਂ ਚੜ੍ਹਾ ਦਿੰਨੇ ਆਂ। ਪਰ ਮੋੜਵੀਂ ਟਿਕਟ ਅੰਮ੍ਰਿਤਸਰੋਂ ਚੜ੍ਹਨ ਦੀ ਸੀ। ਮੈਂ ਬਾਬੇ ਦੇ ਪੁੱਤਰ ਨੂੰ ਪੁੱਛਿਆ। ਦਿੱਲੀ ਤੋਂ ਚੜ੍ਹਾਉਣ ਲਈ ਨਾ ਪੁੱਤ ਮੰਨੇ ਨਾ ਪਿਓ। ਬਾਬਾ ਇਹੋ ਦੁਹਾਈ ਪਾਈ ਜਾਵੇ ਕਿ ਅੰਬਰਸਰੋਂ ਚੜ੍ਹਾਓ, ਨਹੀਂ ਤਾਂ ਮੈਂ ਚੱਲਿਆ। ਫੇਰ ਨਾ ਅਖਿਓ, ਪਹਿਲਾਂ ਨੀ ਦੱਸਿਆ।

ਫੇਰ ਕੌਤਕ ਵਰਤਿਆ। ਅਜੀਤ ਪਾਲ ਦਾ ਫੋਨ ਆਇਆ ਕਿ ਅੰਮ੍ਰਿਤਸਰੋਂ ਲੰਡਨ ਜਾਣ ਵਾਲੀ ਫਲਾਈਟ ਖੁੱਲ੍ਹ ਗਈ। ਬਾਬੇ ਦਾ ਪਹਿਲੀ ਫਲਾਈਟ ਵਿਚ ਹੀ ਜਾਣ ਦਾ ਪ੍ਰਬੰਧ ਹੋ ਗਿਆ। ਸਭ ਨੇ ਸ਼ੁਕਰ ਮਨਾਇਆ। ਹਰਵਿੰਦਰ ਸਿੰਘ ਬਾਪ ਨੂੰ ਜਹਾਜ਼ ਚੜ੍ਹਾਅ ਆਇਆ ਤੇ ਫੋਨ ਕੀਤਾ, ਜੀਅ ਬਾਪੂ ਦਾ ਓਥੇ ਵੀ ਨੀ ਲੱਗਣਾ। ਉਹੀ ਗੱਲ ਹੋਈ। ਇੰਗਲੈਂਡ 'ਚ ਕੋਵਿਡ ਦੀਆਂ ਪਾਬੰਦੀਆਂ ਪੰਜਾਬ ਤੋਂ ਵੀ ਵੱਧ ਸਨ। ਵਲਾਇਤ ਦੀ ਜੇਲ੍ਹ ਤੋਂ ਅੱਕਿਆ, ਉਹ ਮੁੜ ਬਿਆਸ ਪਿੰਡ ਆ ਪੁੱਜਾ, ਜਿਥੇ ਉਸ ਨੇ ਅੰਤਲੇ ਸਾਹ ਲੈਣੇ ਸਨ।

ਬਾਬਾ ਫੌਜਾ ਸਿੰਘ ਨਾਲ ਮੇਰੀਆਂ ਅਨੇਕ ਮੁਲਾਕਾਤਾਂ ਹੋਈਆਂ। ਕਦੇ ਲੰਡਨ ਲਾਗੇ ਈਰਥ ਵੂਲਿਚ, ਕਦੇ ਟੋਰਾਂਟੋ, ਬਰੈਂਪਟਨ, ਸਰੀ, ਵੈਨਕੂਵਰ ਤੇ ਕਦੇ ਪਟਿਆਲੇ। ਕਦੇ ਸਾਡੇ ਪਿੰਡ ਚਕਰ ਜਿਥੇ ਉਸ ਨੂੰ ਕਿਸ਼ਤੀ 'ਚ ਝੀਲ ਦੀ ਸੈਰ ਕਰਾਈ ਤੇ ਨੌਂ ਮਾਡਰਨ ਸੱਥਾਂ 'ਚ ਬਜ਼ੁਰਗਾਂ ਨਾਲ ਮਿਲਵਾਇਆ। ਬਿਆਸ ਪਿੰਡ ਮੁੜ ਕੇ ਉਹ ਆਪਣੇ ਯਾਰਾਂ ਬੇਲੀਆਂ ਨੂੰ 'ਚਾਨਣ ਮੁਨਾਰਾ' ਬਣੇ 'ਚਕਰ' ਦੀਆਂ ਗੱਲਾਂ ਸੁਣਾਉਂਦਾ ਰਿਹਾ।

6 ਮਾਰਚ, 2025 ਨੂੰ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੀ ਅਥਲੈਟਿਕਸ ਮੀਟ ਸੀ। ਅਸੀਂ ਮੀਟ ਦਾ ਉਦਘਾਟਨ ਕਰ ਕੇ ਵਿਹਲੇ ਹੋਏ ਤਾਂ ਮੁੜਦਿਆਂ ਬਾਬਾ ਫੌਜਾ ਸਿੰਘ ਦੀਆਂ ਗੱਲਾਂ ਚੱਲ ਪਈਆਂ। ਮੈਂ ਮੀਟ ਦੇ ਉਦਘਾਟਨੀ ਭਾਸ਼ਨ 'ਚ ਬਾਬੇ ਦਾ ਜ਼ਿਕਰ ਜੁ ਕਰ ਬੈਠਾ ਸਾਂ। ਜੀ.ਟੀ. ਰੋਡ 'ਤੇ ਚੜ੍ਹਦਿਆਂ ਮੈਂ ਨਾਲਦਿਆਂ ਨੂੰ ਪੁੱਛਿਆ, ਬਾਬਾ ਫੌਜਾ ਸਿੰਘ ਨੂੰ ਮਿਲਣੈ? ਅਮਰਦੀਪ ਕਾਲਜ ਮੁਕੰਦਪੁਰ ਦੇ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ ਤੇ ਕਾਰ ਚਲਾ ਰਹੇ ਮੇਰੇ ਪੁੱਤਰ ਜਗਵਿੰਦਰ ਸਿੰਘ ਨੇ ਹਾਮੀ ਭਰ ਦਿੱਤੀ। ਮੈਂ ਹਰਵਿੰਦਰ ਸਿੰਘ ਨੂੰ ਫੋਨ ਕੀਤਾ ਤਾਂ ਉਸ ਨੇ ਕਿਹਾ, ਮੈਂ ਤਾਂ ਬਾਹਰ ਹਾਂ ਪਰ ਬਾਪੂ ਜੀ ਘਰ ਈ ਨੇ, ਆਓ ਜਾਓ, ਜੀ ਆਇਆਂ ਨੂੰ।

ਗੱਡੀ ਅਸੀਂ ਕਰਤਾਰਪੁਰੋਂ ਮੋੜਨੀ ਸੀ ਪਰ ਮੋੜੀ ਜਲੰਧਰ-ਪਠਾਨਕੋਟ ਹਾਈਵੇ ਤੋਂ। ਬਿਆਸ ਪਿੰਡ ਨੂੰ ਉਥੋਂ ਮੁੜੇ, ਜਿਥੇ ਬਾਅਦ ਵਿਚ ਬਾਬਾ ਫੌਜਾ ਸਿੰਘ ਨਾਲ ਹਾਦਸਾ ਵਾਪਰਿਆ। ਅਸੀਂ ਫਿਰਨੀ ਦਾ ਚੱਕਰ ਲਾ ਕੇ ਬਾਬੇ ਦੇ ਘਰ ਪੁੱਜੇ। ਦਰ ਖੁੱਲ੍ਹਾ ਸੀ, ਸਾਹਮਣੇ ਰੁੱਖ ਦੀ ਛਾਵੇਂ ਬਾਬਾ ਮੰਜੇ 'ਤੇ ਪਿਆ ਸੀ। ਟਰੈਕਟਰ, ਟਰਾਲੀ, ਸਕੂਟਰ ਤੇ ਖੇਤੀਬਾੜੀ ਦੇ ਸੰਦਾਂ ਨਾਲ ਵਿਹੜਾ ਭਰਿਆ ਹੋਇਆ ਸੀ।

ਅਸੀਂ ਕਾਰ 'ਚੋਂ ਨਿਕਲੇ ਤਾਂ ਬਾਬੇ ਨੇ ਗੰਜੇ ਸਿਰ 'ਤੇ ਪੱਗ ਰੱਖੀ ਤੇ ਮੰਜੇ ਤੋਂ ਉਠ ਖੜ੍ਹਿਆ। ਅਸੀਂ ਬੈਠੇ ਰਹਿਣ ਲਈ ਕਿਹਾ ਪਰ ਉਹ ਖੂੰਡੀ ਲੈ ਕੇ ਚਾਹ-ਪਾਣੀ ਪਿਆਉਣ ਲਈ ਸਾਨੂੰ ਬੈਠਕ ਵੱਲ ਲੈ ਤੁਰਿਆ। ਬੈਠਕ ਖੇਡ ਸਨਮਾਨਾਂ ਨਾਲ ਭਰੀ ਹੋਈ ਸੀ। ਇਕ ਅਲਮਾਰੀ ਵਿਚ ਉਹਦਾ ਦੌੜਨ ਵਾਲਾ ਸੁਰਮਈ ਬੂਟ ਪਿਆ ਸੀ, ਜੋ ਖੇਡਾਂ ਦਾ ਸਮਾਨ ਬਣਾਉਣ ਵਾਲੀ ਐਡੀਡਾਸ ਕੰਪਨੀ ਨੇ ਮੁਹੰਮਦ ਅਲੀ ਤੇ ਡੇਵਿਡ ਬੈਕਹਮ ਤੋਂ ਬਾਅਦ 2004 ਵਿਚ ਫੌਜਾ ਸਿੰਘ ਨੂੰ ਆਪਣਾ ਅੰਬੈਸਡਰ ਬਣਾ ਕੇ ਭੇਟ ਕੀਤਾ ਸੀ। ਉਹਦੇ ਇਕ ਬੂਟ ਉਤੇ 'ਫੌਜਾ' ਤੇ ਦੂਜੇ ਉਤੇ 'ਸਿੰਘ' ਦੇ ਸਟਿੱਕਰ ਲੱਗੇ ਸਨ। ਬਾਬੇ ਨੂੰ ਦਿਸਦਾ ਠੀਕ ਸੀ ਪਰ ਸੁਣਦਾ ਉੱਚਾ ਸੀ। ਚਮੜੀ 'ਤੇ ਫੁਲਬਹਿਰੀ ਦੇ ਚਿੱਟੇ ਦਾਗ ਪੈਣੇ ਸ਼ੁਰੂ ਹੋ ਗਏ ਸਨ। ਗੱਲਾਂ ਕਰਦਾ ਦੂਜੀ ਗੱਲ ਭੁੱਲ ਜਾਂਦਾ ਸੀ ਤੇ ਉੱਘ ਦੀਆਂ ਪਤਾਲ ਮਾਰਨ ਲੱਗ ਪੈਂਦਾ ਸੀ। ਪਰ ਹਾਸਾ ਪਹਿਲਾਂ ਵਾਲਾ ਹੀ ਹੱਸਦਾ ਸੀ। ਉਸ ਦਾ ਵੱਡਾ ਪੁੱਤਰ ਸੁਖਵਿੰਦਰ ਸਿੰਘ ਫਰਵਰੀ 'ਚ ਮਿਲਣ ਆਇਆ ਬਾਪ ਲਈ ਵਲਾਇਤੀ ਵਿਸਕੀ ਛੱਡ ਗਿਆ ਸੀ। ਗੱਲੀਂ ਬਾਤੀਂ ਪਤਾ ਲੱਗਾ ਕਿ ਪਰਿਵਾਰ ਦੇ 15 ਖੇਤ ਹਨ ਤੇ ਏਨੇ ਕੁ ਹੋਰ ਠੇਕੇ 'ਤੇ ਲੈ ਕੇ ਛੋਟਾ ਪੁੱਤਰ ਖੇਤੀ ਕਰਦਾ ਹੈ।

ਮੈਂ ਸੋਚਿਆ ਸੀ ਕਿ ਜਦੋਂ ਨਵੰਬਰ 'ਚ ਕੈਨੇਡਾ ਤੋਂ ਪੰਜਾਬ ਮੁੜਾਂਗਾ, ਤਾਂ ਨਵਦੀਪ ਗਿੱਲ ਤੇ ਹੋਰ ਖੇਡ ਲੇਖਕਾਂ ਨੂੰ ਨਾਲ ਲੈ ਕੇ ਬਾਬੇ ਸੰਗ ਪਿਕਨਿਕ ਮਨਾਵਾਂਗੇ। ਨਾਲੇ 'ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ' ਨਾਂ ਦੀ ਪੁਸਤਕ ਲੋਕ ਅਰਪਣ ਕਰਾਂਗੇ, ਜੋ ਮੈਂ ਤਿਆਰ ਕਰ ਰਿਹਾਂ। ਪਰ ਕੁਦਰਤ ਨੂੰ ਕੁੱਝ ਹੋਰ ਮਨਜ਼ੂਰ ਸੀ, ਜਿਸ ਨੇ 14 ਜੁਲਾਈ ਨੂੰ ਹੀ ਭਾਣਾ ਵਰਤਾਅ ਦਿੱਤਾ।

ਫੌਜਾ ਸਿੰਘ ਨੂੰ ਮੈਂ ਪਹਿਲੀ ਵਾਰ 1999 ਵਿਚ ਈਰਥ-ਵੂਲਿਚ ਦੇ ਟੂਰਨਾਮੈਂਟ 'ਚ ਵੇਖਿਆ ਸੀ। ਮੈਂ ਕੁਮੈਂਟਰੀ ਕਰ ਰਿਹਾ ਸਾਂ ਤੇ ਉਹ ਕਬੱਡੀ ਦੇ ਦਾਇਰੇ ਦੁਆਲੇ ਰੇਵੀਏ ਪਿਆ ਗੇੜੇ 'ਤੇ ਗੇੜੇ ਲਾ ਰਿਹਾ ਸੀ। ਕਾਫੀ ਦੇਰ ਬਾਅਦ ਜਦ ਰੁਕਿਆ ਤਾਂ ਮੈਂ ਉਹਦੇ ਨਾਲ ਗੱਲਾਂ ਕੀਤੀਆਂ ਪਰ ਕਾਪੀ ਵਿਚ ਨੋਟ ਨਾ ਕਰ ਸਕਿਆ। ਉਂਜ ਪਤਾ ਲੱਗ ਗਿਆ ਕਿ ਬਾਬਾ ਕਮਾਲ ਦੀ ਸ਼ੈਅ ਹੈ।

2000 ਵਿਚ ਮੈਂ ਫੌਜਾ ਸਿੰਘ ਦੀਆਂ ਤਸਵੀਰਾਂ ਅਖ਼ਬਾਰਾਂ 'ਚ ਛਪੀਆਂ ਵੇਖੀਆਂ। ਉਸ ਨੇ ਲੰਡਨ ਦੀ ਮੈਰਾਥਨ ਦੌੜ ਵਿਚ ਅੱਸੀ ਸਾਲ ਤੋਂ ਵੱਡੀ ਉਮਰ ਦੇ ਦੌੜਾਕਾਂ 'ਚ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ! ਉਸ ਮੈਰਾਥਨ ਵਿਚ 32860 ਦੌੜਾਕਾਂ ਨੇ ਭਾਗ ਲਿਆ ਸੀ ਤੇ ਉਹ ਦਸ ਹਜ਼ਾਰ ਦੌੜਾਕਾਂ ਨੂੰ ਪਿੱਛੇ ਛੱਡ ਗਿਆ ਸੀ। ਮੈਨੂੰ ਝੋਰਾ ਹੋਇਆ ਕਿ ਈਰਥ ਵਿਚ ਮੈਂ ਉਸ ਦੀ ਇੰਟਰਵਿਊ ਕਿਉਂ ਨਾ ਲੈ ਸਕਿਆ?

28 ਸਤੰਬਰ 2003 ਨੂੰ 'ਸਕੋਸ਼ੀਆਬੈਂਕ ਟੋਰਾਂਟੋ ਵਾਟਰਫਰੰਟ ਮੈਰਾਥਨ' ਟੋਰਾਂਟੋ ਵਿਚ ਲੱਗੀ। ਮੈਂ ਉਦੋਂ ਉਥੇ ਹੀ ਸਾਂ। ਫੌਜਾ ਸਿੰਘ ਇੰਗਲੈਂਡ ਤੋਂ ਦੌੜ ਵਿਚ ਭਾਗ ਲੈਣ ਆਇਆ। ਉਹਦੇ ਕੇਸਰੀ ਪੱਗ ਬੱਧੀ ਹੋਈ ਸੀ ਤੇ ਦੌੜਦੇ ਦੀ ਲੰਮੀ ਦਾਹੜੀ ਲਹਿਰਾਅ ਰਹੀ ਸੀ। ਦੌੜ ਮੁੱਕੀ ਤਾਂ ਉਸ ਨੇ ਆਪਣਾ ਹੀ ਰਿਕਾਰਡ ਪਹਿਲਾਂ ਨਾਲੋਂ 31 ਮਿੰਟ ਘੱਟ ਸਮੇਂ ਨਾਲ ਤੋੜ ਦਿੱਤਾ। ਮੇਮਾਂ ਇੱਕ ਦੂਜੀ ਤੋਂ ਅੱਗੇ ਹੋ ਕੇ ਫੌਜਾ ਸਿੰਘ ਨੂੰ ਜੱਫੀਆਂ ਪਾਉਂਦੀਆਂ ਵਧਾਈਆਂ ਦੇਣ ਲੱਗੀਆਂ। ਨਿਆਣੇ ਆਟੋਗਰਾਫ ਲੈਣ ਲੱਗੇ। ਬਿਆਸ ਪਿੰਡੀਆਂ ਨੇ ਫੌਜਾ ਸਿੰਘ ਨੂੰ ਮੋਢਿਆਂ 'ਤੇ ਚੁੱਕ ਲਿਆ। ਫੌਜਾ ਸਿੰਘ ਦੀ ਬੱਲੇ-ਬੱਲੇ ਹੋ ਗਈ। ਉਹਦੀ ਵਿਲੱਖਣਤਾ ਸੀ ਕਿ ਉਹ ਝੂਲਦੀ ਸਫੈਦ ਦਾੜ੍ਹੀ ਨਾਲ ਕੇਸਰੀ ਦਸਤਾਰ 'ਤੇ ਖੰਡਾ ਸਜਾ ਕੇ ਦੌੜਿਆ ਸੀ। ਉਹਦੇ ਨਿਆਰੇ ਸਰੂਪ ਨੇ ਉਹਦੀ ਮਸ਼ਹੂਰੀ ਹੋਰ ਵੀ ਵੱਧ ਕਰਾਈ!

ਸ਼ਾਮੀ ਅਸੀਂ ਲਾਂਭੇ ਬਹਿ ਕੇ ਖੁੱਲ੍ਹੀਆਂ ਗੱਲਾਂ ਕੀਤੀਆਂ। ਉਸ ਨੇ ਹੁੱਬ ਕੇ ਦੱਸਿਆ ਕਿ ਪਿੰਡ ਹਲ ਵਾਹੁੰਦਿਆਂ ਉਹਨੂੰ ਕੋਈ ਪਾਣੀ ਵੀ ਨਹੀਂ ਸੀ ਪੁੱਛਦਾ ਪਰ ਹੁਣ ਮੇਮਾਂ ਕੋਕ ਚੁੱਕੀ ਪਿੱਛੇ-ਪਿੱਛੇ ਤੁਰੀਆਂ ਫਿਰਦੀਆਂ। ਕੈਮਰਿਆਂ ਵਾਲੇ ਫੋਟੂ ਲੌਹਣੋਂ ਨੀ ਹਟਦੇ। ਪਿੰਡ ਵਾਲੇ ਮੈਨੂੰ ਫੌਜੂ ਕਹਿੰਦੇ ਸੀ, ਅਖ਼ਬਾਰਾਂ ਵਾਲੇ ਬਾਬਾ ਫੌਜਾ ਸਿੰਘ ਲਿਖੀ ਜਾਂਦੇ ਹਨ। ਉਸ ਨੇ ਕਿਹਾ, "ਇਹ ਸਭ ਕੁਜਰਤ ਦੀ ਖੇਡ ਐ।" ਕੁਦਰਤ ਨੂੰ ਉਹ ਕੁਜਰਤ ਕਹਿ ਰਿਹਾ ਸੀ!

ਗੱਲਾਂਬਾਤਾਂ ਕਰਦਿਆਂ ਮੈਂ ਨੋਟ ਕੀਤਾ ਕਿ ਬਾਬਾ ਫੌਜਾ ਸਿੰਘ ਅੰਦਰ ਅਜੇ ਵੀ ਸ਼ੌਕੀ ਬੰਦਾ ਛੁਪਿਆ ਬੈਠਾ ਸੀ। ਉਹਨੇ ਸੋਨੇ ਦਾ ਕੜਾ ਪਾਇਆ ਹੋਇਆ ਸੀ ਤੇ ਸੁਨਹਿਰੀ ਘੜੀ ਬੱਧੀ ਹੋਈ ਸੀ। ਘੜੀ ਮਾੜੀ ਮੋਟੀ ਨਈਂ, ਰਾਡੋ ਸੀ ਜੋ ਸਾਢੇ ਤਿੰਨ ਸੌ ਪੌਂਡ ਦੀ ਲਈ ਸੀ।

ਫੌਜਾ ਸਿੰਘ ਦੇ ਜੀਵਨ ਵਿਚ ਬੜੇ ਉਤਰਾਅ ਚੜ੍ਹਾਅ ਆਏ। ਦੁੱਖ ਵੀ ਭੋਗਿਆ ਤੇ ਸੁੱਖ ਵੀ ਮਾਣਿਆਂ। ਗੁੰਮਨਾਮ ਵੀ ਰਿਹਾ ਤੇ ਮਸ਼ਹੂਰ ਵੀ ਹੋਇਆ। ਉਸ ਨੇ ਕਿਹਾ ਕਿ ਬੰਦਾ ਠੋਹਕਰ ਖਾਧੇ ਬਿਨਾਂ ਨਹੀਂ ਸੁਧਰਦਾ। ਉਸ ਨੇ ਖ਼ੁਦ ਜੀਵਨ ਵਿਚ ਠੋਹਕਰਾਂ ਖਾਧੀਆਂ। ਉਹਦੇ ਅੰਦਰ ਛੁਪੇ ਹੋਏ ਚੰਗੇਰੇ ਭਵਿੱਖ ਨੇ ਉਹਨੂੰ ਲੰਮਾ ਸਮਾਂ ਜਿਉਂਦਾ ਰੱਖਿਆ। ਬਾਬਾ ਅਜਬ ਇਨਸਾਨ ਸੀ। ਬਜ਼ੁਰਗਾਂ ਦਾ ਰੋਲ ਮਾਡਲ ਤੇ ਬੰਦੇ ਦੇ ਬੁਲੰਦ ਜੇਰੇ ਦੀ ਜਿਊਂਦੀ ਜਾਗਦੀ ਮਿਸਾਲ। ਸਿਰੜੀ, ਮਿਹਨਤੀ ਤੇ ਮੰਜ਼ਿਲਾਂ ਮਾਰਨ ਵਾਲਾ ਮਹਾਂਰਥੀ। ਬੁੱਲ੍ਹੇ ਸ਼ਾਹ ਵਰਗੀ ਮਸਤ ਤਬੀਅਤ ਦਾ ਮਾਲਕ ਤੇ ਸ਼ਾਹ ਹੁਸੈਨ ਜਿਹਾ ਫੱਕਰ। ਸਹਿਜਤਾ, ਸੁਹਿਰਦਤਾ, ਮਾਸੂਮੀਅਤ ਤੇ ਭੋਲੇਪਨ ਦੀ ਮੂਰਤ। ਉਹਦੀਆਂ ਗੱਲਾਂ ਸਿੱਧੀਆਂ, ਸਾਦੀਆਂ, ਭੋਲੀਆਂ ਤੇ ਨਿਰਛਲ ਹਨ। ਹਾਸਾ-ਠੱਠਾ ਕਰਨਾ ਉਹਦਾ ਸੁਭਾਅ ਸੀ, ਜਿਸ ਨਾਲ ਹੱਸਦੇ ਦੀਆਂ ਅੱਖਾਂ ਛਲਕ ਪੈਂਦੀਆਂ।

ਉਹ ਰੌਣਕੀ ਬੰਦਾ ਸੀ। ਸਿਰੇ ਦਾ ਗਾਲੜੀ। ਬੇਫਿਕਰ, ਬੇਪ੍ਰਵਾਹ, ਬੇਬਾਕ, ਦਾਨੀ ਤੇ ਦਇਆਵਾਨ। ਉਹਨੇ ਗੁੰਮਨਾਮੀ 'ਚ ਚੱਲ ਵਸਣਾ ਸੀ, ਜੇ ਦੌੜਨ ਨਾ ਲੱਗਦਾ। ਦੌੜਾਂ ਲਾਉਣ ਨਾਲ ਉਹ ਮਰਨੋਂ ਬਚ ਗਿਆ। ਗ਼ਮਗ਼ੀਨੀ 'ਚੋਂ ਨਿਕਲ ਕੇ ਜਿਉਂਦਿਆਂ 'ਚ ਹੋ ਗਿਆ। ਬੁੱਢੇਵਾਰੇ ਦੌੜਾਂ 'ਚ ਪੈ ਕੇ ਉਹਨੇ ਪੂਰੇ ਵਿਸ਼ਵ ਵਿਚ ਬੱਲੇ-ਬੱਲੇ ਕਰਵਾਈ। ਉਸ ਨੂੰ 2004, 2008 ਤੇ 2012 ਦੀਆਂ ਓਲੰਪਿਕ ਖੇਡਾਂ ਦੀ ਮਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। ਬਾਬੇ ਨੂੰ ਬਰਤਾਨੀਆ ਦੀ ਮਹਾਰਾਣੀ ਐਲਜ਼ਾਬੈੱਥ ਨੇ ਸੌ ਸਾਲ ਦਾ ਸੀਨੀਅਰ ਸਿਟੀਜ਼ਨ ਹੋ ਜਾਣ ਦੀ ਵਧਾਈ ਦਿੱਤੀ ਤੇ ਸ਼ਾਹੀ ਮਹਿਲਾਂ ਵਿਚ ਖਾਣੇ 'ਤੇ ਸੱਦਿਆ। ਮਹਾਰਾਣੀ ਨੂੰ ਮਿਲ ਕੇ ਉਹ ਹੋਰ ਜੁਆਨ ਹੋ ਗਿਆ!

ਫੌਜਾ ਸਿੰਘ ਪੁੰਨ ਦੇ ਕਾਰਜਾਂ ਲਈ ਦੌੜਦਾ ਰਿਹਾ। ਚੈਰਿਟੀ ਲਈ 'ਕੱਠੇ ਹੋਏ ਪੈਸਿਆਂ ਵਿਚ ਥੋੜ੍ਹੇ ਬਹੁਤੇ ਆਪਣੇ ਵੱਲੋਂ ਵੀ ਪਾਉਂਦਾ ਰਿਹਾ। 2003 ਵਿਚ ਉਹ ਨਿਊਯਾਰਕ ਦੀ ਮੈਰਾਥਨ 'ਸਿੱਖ ਪਛਾਣ' ਲਈ ਦੌੜਿਆ। ਟੋਰਾਂਟੋ ਦੀ ਵਾਟਰ ਫਰੰਟ ਹਾਫ਼ ਮੈਰਾਥਨ ਉਹ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਲਈ ਦੌੜਿਆ। ਉਸ ਬਾਰੇ ਉਸ ਦੇ ਪੇਂਡੂਆਂ ਨੇ ਦੋ ਕਵਿਤਾਵਾਂ ਜੋੜੀਆਂ: ਅਦਰਕ ਦੀ ਤਰੀ ਦਾ ਕਮਾਲ ਤੇ ਫੌਜਾ ਸਿੰਘ ਸਰਦਾਰ ਦੀ ਹੈ ਇਕ ਵੱਖਰੀ ਸ਼ਾਨ, ਇਸ ਦੇ ਕਰਤਬ ਵੇਖ ਕੇ ਦੁਨੀਆ ਹੋਏ ਹੈਰਾਨ...।

ਉਹ ਲੰਡਨ ਓਲੰਪਿਕ-2012 ਦੀ ਮਸ਼ਾਲ ਲੈ ਕੇ ਦੌੜਿਆ ਤਾਂ ਰਸਤੇ ਵਿਚ ਛਬੀਲਾਂ ਲੱਗ ਗਈਆਂ ਸਨ ਅਤੇ ਲੰਗਰ ਲਾਏ ਗਏ ਸਨ। ਇਉਂ ਛਬੀਲਾਂ ਤੇ ਲੰਗਰ ਪਹਿਲੀ ਵਾਰ ਓਲੰਪਿਕ ਖੇਡਾਂ ਦੇ ਅੰਗ ਬਣੇ। ਵੀਹਵੀਂ ਸਦੀ ਵਿਚ ਪੱਗਾਂ ਦਾੜ੍ਹੀਆਂ ਵਾਲੇ ਫੌਜੀਆਂ ਤੇ ਹਾਕੀ ਦੇ ਖਿਡਾਰੀਆਂ ਨੇ ਸਿੱਖ ਸਰੂਪ ਦੀ ਪਛਾਣ ਬਾਕੀ ਦੁਨੀਆਂ ਨੂੰ ਕਰਾਈ ਸੀ। ਇੱਕੀਵੀਂ ਸਦੀ ਦੇ ਆਰੰਭ ਵਿਚ ਪੱਗ ਦਾੜ੍ਹੀ ਦੀ ਜਿੰਨੀ ਪਛਾਣ ਬਾਬਾ ਫੌਜਾ ਸਿੰਘ ਨੇ ਕਰਾਈ, ਉਨੀ ਹੋਰ ਕਿਸੇ ਨੇ ਨਹੀਂ ਕਰਾਈ। ਫੌਜਾ ਸਿੰਘ ਆਪ ਕਹਿੰਦਾ ਸੀ ਕਿ ਮੇਰੀ ਪਛਾਣ ਉਨੀ ਮੇਰੇ ਦੌੜਨ ਕਰਕੇ ਨਹੀਂ, ਜਿੰਨੀ ਪੱਗ ਦਾੜ੍ਹੀ ਕਰਕੇ ਹੈ। ਇਹੋ ਕਾਰਨ ਹੈ ਕਿ ਉਹ ਕਦੇ ਨੰਗੇ ਸਿਰ ਨਹੀਂ ਸੀ ਦੌੜਿਆ ਤੇ ਕਦੇ ਦਾੜ੍ਹੀ ਨਹੀਂ ਸੀ ਬੰਨ੍ਹੀ।

ਫੌਜਾ ਸਿੰਘ ਦਾ ਕਹਿਣਾ ਸੀ ਕਿ ਉਹ ਕੁਦਰਤ ਦੇ ਰੰਗਾਂ ਵਿਚ ਰਾਜ਼ੀ ਹੈ। ਉਹ ਪ੍ਰਹੇਜ਼ਗਾਰ ਸੀ, ਸਿਰੜੀ ਸੀ, ਸਿਦਕੀ ਸੀ ਤੇ ਲੋਭ ਲਾਲਚ ਤੋਂ ਪਰੇ ਸੀ। ਕਹਿੰਦਾ ਸੀ, "ਕਮਾਉਣ ਨੂੰ ਤਾਂ ਭਾਵੇਂ ਮੈ ਮਿਲੀਅਨ ਡਾਲਰ ਕਮਾ ਲਵਾਂ ਪਰ ਕਰਨੇ ਕੀ ਆ? ਲੋੜ ਜੋਗਾ ਰੱਬ ਦਾ ਦਿੱਤਾ ਬਹੁਤ ਕੁੱਝ ਹੈ। ਤੰਦਰੁਸਤੀ ਚਾਹੀਦੀ ਐ। ਜੀਹਦੇ ਕੋਲ ਤੰਦਰੁਸਤੀ ਐ ਉਹਦੇ ਕੋਲ ਸਾਰੀਆਂ ਦੌਲਤਾਂ।"

ਕਿਥੇ ਫੌਜਾ ਸਿੰਘ ਤੇ ਕਿਥੇ ਕਰੋੜਾਂ ਰੁਪਏ 'ਕੱਠੇ ਕਰਨ ਵਾਲੇ ਨੇਤਾ ਤੇ ਵੱਡੇ ਅਫਸਰ! ਉਹ ਕਰੋੜਾਂ ਰੁਪਏ ਕੋਲ ਹੋਣ ਦੇ ਬਾਵਜੂਦ ਨਹੀਂ ਰੱਜਦੇ, ਜਦ ਕਿ ਫੌਜਾ ਸਿੰਘ ਬਿਨਾਂ ਬੈਂਕ ਬੈਲੈਂਸ ਦੇ ਹੀ ਰੱਜਿਆ-ਪੁੱਜਿਆ ਸੀ। ਜੇ ਉਹ ਚਾਹੁੰਦਾ ਤਾਂ ਮੈਰਾਥਨ ਦੌੜਾਂ ਦੇ ਸਿਰ 'ਤੇ ਜਿੰਨੇ ਮਰਜ਼ੀ ਕਮਾ ਲੈਂਦਾ। ਉਸ ਨੇ ਲੰਮੀ ਦੌੜ ਦਾ ਰਿਕਾਰਡ ਹੀ ਨਹੀਂ ਰੱਖਿਆ, ਬੇਲੋੜੀ ਮਾਇਆ ਦੇ ਤਿਆਗ ਕਰਨ ਦਾ ਰਿਕਾਰਡ ਵੀ ਰੱਖਿਆ!

ਆਖ਼ਰੀ ਮੁਲਾਕਾਤ 'ਚ ਮੈਂ ਪੁਛਿਆ ਸੀ, "ਅੱਜਕੱਲ੍ਹ ਕੀ ਮਹਿਸੂਸ ਕਰਦੇ ਓ?"

"ਰੱਬ ਦਾ ਸ਼ੁਕਰ ਐ। ਕਦੇ ਚਿੱਤ ਚੇਤੇ ਵੀ ਨਾ ਸੀ ਕਿ ਉਹ ਐਨੀਆਂ ਰਹਿਮਤਾਂ ਦੀ ਬਰਖਾ ਕਰੇਗਾ। ਜਦੋਂ ਮੈਂ ਸਦਮੇ 'ਚੋਂ ਗੁਜ਼ਰ ਰਿਹਾ ਸੀ, ਤਾਂ ਉਹਨੇ ਮੇਰੇ ਅੰਦਰ ਦੌੜਨ ਦੀ ਚੁਆਤੀ ਲਾਈ ਅਤੇ ਆਪਣੀ ਬੁੱਕਲ 'ਚ ਸਮੋ ਲਿਆ। ਮੈਂ ਕਦੇ ਲਾਲਚ ਲਈ ਨੀ ਦੌੜਿਆ। ਜੋ ਪੈਸਾ ਧੇਲਾ ਦੌੜਾਂ 'ਚੋਂ ਮਿਲਿਆ, ਉਹ ਚੈਰਿਟੀ ਦੇ ਲੇਖੇ ਲਾਤਾ। ਸੋਚਦਾਂ ਖੌਰੇ ਕਿਸੇ ਓਸ ਗ਼ਰੀਬ ਦਾ ਵੀ ਭਲਾ ਕੀਤਾ ਹੋਊ, ਜੀਹਦੀਆਂ ਅਸੀਸਾਂ ਨਾਲ ਮੈਂ ਦੌੜੀ ਜਾ ਰਿਹਾਂ।"

ਉਸ ਦੀ ਜੀਵਨ ਕਹਾਣੀ ਦਾ ਸਾਰ ਹੈ ਕਿ ਬੰਦੇ ਦੇ ਜੀਵਨ ਵਿਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਉਹ ਹਿੰਮਤ ਧਾਰ ਲਵੇ, ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁੱਝ ਬਾਬਾ ਫੌਜਾ ਸਿੰਘ ਨੇ ਕੀਤਾ, ਉਹ ਆਉਂਦੀਆਂ ਪੀੜ੍ਹੀਆਂ ਲਈ ਰਾਹਦਸੇਰਾ ਬਣਿਆ ਰਹੇਗਾ। ਬਾਬਾ ਫੌਜਾ ਸਿੰਘ ਨੂੰ ਜਾਂਦੀ ਵਾਰ ਦਾ ਪ੍ਰਣਾਮ ਤੇ ਸਲਾਮ!

-ਡਾ. ਸਤਿਆਵਾਨ 'ਸੌਰਭ'
ਹਰਿਆਣਾ
94665-26148, 01255281381



ਪੰਜਾਬ ਮੇਲ USA

# ਟਰੰਪ ਦੀ ਵਾਪਸੀ ਅਤੇ ਵਪਾਰ ਯੁੱਧ ਦੀ ਵਿਸ਼ਵਵਿਆਪੀ ਅੱਗ: ਦੁਨੀਆਂ ਲਈ ਖ਼ਤਰੇ ਦੀ ਘੰਟੀ

**ਡੋਨਾਲਡ ਟਰੰਪ ਦੀ ਸੰਭਾਵਿਤ ਵਾਪਸੀ ਨਾਲ, ਵਿਸ਼ਵਵਿਆਪੀ ਵਪਾਰ ਯੁੱਧ ਦਾ ਖ਼ਤਰਾ ਫਿਰ ਤੋਂ ਡੂੰਘਾ ਹੋਣਾ ਸ਼ੁਰੂ ਹੋ ਗਿਆ ਹੈ। ਉਸਨੇ ਵੱਖ-ਵੱਖ ਦੇਸ਼ਾਂ ਨੂੰ ਟੈਰਿਫ ਵਾਧੇ ਦੀ ਚੇਤਾਵਨੀ ਦਿੰਦੇ ਹੋਏ ਪੱਤਰ ਭੇਜੇ ਹਨ। ਇਸ ਨਾਲ ਭਾਰਤ ਸਮੇਤ ਦੁਨੀਆਂ ਭਰ ਵਿਚ ਆਰਥਿਕ ਅਸਥਿਰਤਾ ਵਧ ਸਕਦੀ ਹੈ। ਭਾਰਤ ਨੂੰ ਸਵੈ-ਨਿਰਭਰ ਬਣਨਾ ਚਾਹੀਦਾ ਹੈ, ਨਵੀਆਂ ਭਾਈਵਾਲੀ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਵਿਸ਼ਵ ਮੰਚਾਂ 'ਤੇ ਵਪਾਰ ਨੀਤੀ ਵਿਚ ਸੰਤੁਲਨ ਦੀ ਵਕਾਲਤ ਕਰਨੀ ਚਾਹੀਦੀ ਹੈ। ਵਪਾਰ ਨੂੰ ਸਹਿਯੋਗ ਦਾ ਮਾਧਿਅਮ ਬਣਾਉਣਾ ਅੱਜ ਦੀ ਸਭ ਤੋਂ ਵੱਡੀ ਲੋੜ ਹੈ। - ਡਾ. ਸਤਿਆਵਾਨ ਸੌਰਭ**



ਜਿੱਥੇ ਦੁਨੀਆਂ ਜਲਵਾਯੂ ਪਰਿਵਰਤਨ, ਯੁੱਧ ਅਤੇ ਮਹਿੰਗਾਈ ਵਰਗੇ ਸੰਕਟਾਂ ਨਾਲ ਜੂਝ ਰਹੀ ਹੈ, ਉੱਥੇ ਹੀ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਾਪਸੀ ਦੀ ਸੰਭਾਵਨਾ ਦੇ ਨਾਲ ਇੱਕ ਵਾਰ ਫਿਰ ਵਿਸ਼ਵ ਵਪਾਰ ਯੁੱਧ ਦੀ ਆਵਾਜ਼ ਸੁਣਨ ਨੂੰ ਮਿਲਣੀ ਸ਼ੁਰੂ ਹੋ ਗਈ ਹੈ। ਟਰੰਪ ਵੱਲੋਂ ਹਾਲ ਹੀ ਵਿਚ ਕਈ ਦੇਸ਼ਾਂ ਨੂੰ ਭੇਜੇ ਗਏ ਪੱਤਰ ਅਤੇ ਸਖ਼ਤ ਵਪਾਰ ਨੀਤੀ ਬਾਰੇ ਉਨ੍ਹਾਂ ਦੇ ਬਿਆਨ ਇਸ ਗੱਲ ਦਾ ਸੰਕੇਤ ਹਨ ਕਿ ਜੇਕਰ ਉਹ ਦੁਬਾਰਾ ਸੱਤਾ ਵਿਚ ਆਉਂਦੇ ਹਨ, ਤਾਂ ਉਹ 'ਅਮਰੀਕਾ ਫਸਟ' ਦੀ ਨੀਤੀ ਤਹਿਤ ਵਿਸ਼ਵ ਵਪਾਰ ਪ੍ਰਣਾਲੀ ਨੂੰ ਹਿਲਾਉਣ ਤੋਂ ਪਿੱਛੇ ਨਹੀਂ ਹਟਣਗੇ।

ਇਹ ਸਿਰਫ਼ ਅਮਰੀਕੀ ਚੋਣ ਰਾਜਨੀਤੀ ਦਾ ਹਿੱਸਾ ਨਹੀਂ ਹੈ, ਸਗੋਂ ਇੱਕ ਅਜਿਹੀ ਸੋਚ ਹੈ, ਜੋ ਪੂਰੀ ਦੁਨੀਆਂ ਦੀ ਆਰਥਿਕ ਸਥਿਰਤਾ, ਵਪਾਰ ਸਮਝੌਤਿਆਂ ਅਤੇ ਕੂਟਨੀਤਕ ਸੰਤੁਲਨ ਨੂੰ ਪ੍ਰਭਾਵਿਤ ਕਰ ਸਕਦੀ ਹੈ। ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਵਿਚ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਵਪਾਰ ਨੂੰ ਇੱਕ ਕੂਟਨੀਤਿਕ ਸੰਦ ਨਹੀਂ ਮੰਨਦੇ, ਸਗੋਂ ਦਬਾਅ ਪਾਉਣ ਦਾ ਇੱਕ ਸਾਧਨ ਮੰਨਦੇ ਹਨ। ਚੀਨ, ਮੈਕਸੀਕੋ, ਯੂਰਪੀਅਨ ਯੂਨੀਅਨ, ਭਾਰਤ - ਉਸਨੇ ਕਿਸੇ ਨੂੰ ਵੀ ਨਹੀਂ ਬਖਸ਼ਿਆ। ਉਸਨੇ ਆਪਣੇ ਹਿੱਤਾਂ ਦੀ ਪੂਰਤੀ ਲਈ ਆਯਾਤ ਡਿਊਟੀ ਨੂੰ ਇੱਕ ਹਥਿਆਰ ਵਜੋਂ ਵਰਤਿਆ ਅਤੇ ਜ਼ਬਰਦਸਤੀ ਆਪਣੀਆਂ ਸ਼ਰਤਾਂ ਲਗਾਈਆਂ। ਹੁਣ ਇੱਕ ਵਾਰ ਫਿਰ, ਟਰੰਪ ਨੇ ਆਪਣੇ ਬਿਆਨਾਂ ਵਿਚ ਚੇਤਾਵਨੀ ਦਿੱਤੀ ਹੈ ਕਿ ਜੇਕਰ ਦੂਜੇ ਦੇਸ਼ ਅਮਰੀਕਾ ਨਾਲ 'ਨਿਰਪੱਖ' ਵਪਾਰ ਸਮਝੌਤੇ ਨਹੀਂ ਕਰਦੇ ਹਨ, ਤਾਂ ਉਨ੍ਹਾਂ ਨੂੰ ਭਾਰੀ ਡਿਊਟੀਆਂ ਅਦਾ ਕਰਨੀਆਂ ਪੈਣਗੀਆਂ। ਉਨ੍ਹਾਂ ਦੇ ਹਾਲੀਆ ਪੱਤਰਾਂ ਵਿਚ ਸਪੱਸ਼ਟ ਤੌਰ 'ਤੇ 10 ਪ੍ਰਤੀਸ਼ਤ ਤੋਂ 60 ਪ੍ਰਤੀਸ਼ਤ ਤੱਕ ਡਿਊਟੀਆਂ ਲਗਾਉਣ ਦੀ ਚੇਤਾਵਨੀ ਦਿੱਤੀ ਗਈ ਹੈ। ਇਹ ਸਿਰਫ਼ ਇੱਕ ਧਮਕੀ ਨਹੀਂ ਹੈ, ਸਗੋਂ ਇੱਕ ਰਣਨੀਤੀ ਹੈ, ਜੋ ਵਿਸ਼ਵਵਿਆਪੀ ਵਪਾਰ ਸਹਿਯੋਗ ਨੂੰ ਮੁਕਾਬਲੇ ਅਤੇ ਡਰ ਵਿਚ ਬਦਲ ਦਿੰਦੀ ਹੈ।

ਟਰੰਪ ਦੀਆਂ ਇਨ੍ਹਾਂ ਨੀਤੀਆਂ ਤੋਂ ਭਾਰਤ ਨੂੰ ਦੋਹਰੇ ਨਤੀਜੇ ਮਿਲ ਸਕਦੇ ਹਨ। ਇੱਕ ਪਾਸੇ, ਅਮਰੀਕਾ ਚੀਨ ਤੋਂ ਦੂਰੀ ਬਣਾ ਸਕਦਾ ਹੈ ਅਤੇ ਭਾਰਤ ਵਰਗੇ ਦੇਸ਼ਾਂ ਵੱਲ ਮੁੜ ਸਕਦਾ ਹੈ, ਜੋ ਭਾਰਤ ਨੂੰ ਵਪਾਰਕ ਮੌਕੇ ਪ੍ਰਦਾਨ ਕਰ ਸਕਦੇ ਹਨ। ਦੂਜੇ ਪਾਸੇ, ਟਰੰਪ ਦੀ 'ਸਖਤ ਸ਼ਰਤਾਂ' ਵਾਲੀ ਵਪਾਰ ਨੀਤੀ ਭਾਰਤ ਨੂੰ ਅਮਰੀਕੀ ਦਬਾਅ ਹੇਠ ਲਿਆ ਸਕਦੀ ਹੈ। ਭਾਰਤ ਪਹਿਲਾਂ ਹੀ ਟਰੰਪ ਪ੍ਰਸ਼ਾਸਨ ਦੌਰਾਨ ਕੁਝ ਉਤਪਾਦਾਂ - ਜਿਵੇਂ ਕਿ ਸਟੀਲ ਅਤੇ ਐਲੂਮੀਨੀਅਮ - 'ਤੇ ਟੈਰਿਫ ਵਾਧੇ ਦਾ ਸ਼ਿਕਾਰ ਹੋ ਚੁੱਕਾ ਹੈ। ਜੇਕਰ ਟਰੰਪ ਦੁਬਾਰਾ ਸੱਤਾ ਵਿਚ ਵਾਪਸ ਆਉਂਦੇ ਹਨ, ਤਾਂ ਇਹ ਦਬਾਅ ਹੋਰ ਵੀ ਵਧ ਸਕਦਾ ਹੈ। ਭਾਰਤ ਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਖਾਸ ਕਰਕੇ ਫਾਰਮਾਸਿਊਟੀਕਲ ਉਦਯੋਗ, ਸੂਚਨਾ ਤਕਨਾਲੋਜੀ ਸੇਵਾਵਾਂ ਅਤੇ ਟੈਕਸਟਾਈਲ ਉਦਯੋਗ ਵਰਗੇ ਖੇਤਰਾਂ ਵਿਚ।

ਵਪਾਰ ਯੁੱਧ ਕਿਸੇ ਦੇਸ਼ ਦੀ ਸਮੱਸਿਆ ਨਹੀਂ ਹੈ, ਇਹ ਪੂਰੀ ਵਿਸ਼ਵ ਅਰਥਵਿਵਸਥਾ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਅਮਰੀਕਾ ਟੈਰਿਫ ਵਧਾਉਂਦਾ ਹੈ, ਤਾਂ ਦੂਜੇ ਦੇਸ਼ ਜਵਾਬੀ ਕਾਰਵਾਈ ਕਰਦੇ ਹਨ। ਇਹ ਵਿਸ਼ਵ ਸਪਲਾਈ ਲੜੀ ਨੂੰ ਵਿਗਾੜਦਾ ਹੈ, ਮਹਿੰਗਾਈ ਵਧਾਉਂਦਾ ਹੈ, ਅਤੇ ਮੰਦੀ ਦਾ ਖ਼ਤਰਾ ਪੈਦਾ ਕਰਦਾ ਹੈ। 2018-19 ਦੌਰਾਨ ਟਰੰਪ ਅਤੇ ਚੀਨ ਵਿਚਕਾਰ ਵਪਾਰ ਯੁੱਧ ਨੇ ਅੰਤਰਰਾਸ਼ਟਰੀ ਬਾਜ਼ਾਰਾਂ ਵਿਚ ਅਸਥਿਰਤਾ ਪੈਦਾ ਕੀਤੀ। ਵਿਸ਼ਵ ਵਪਾਰ ਸੰਗਠਨ ਨੂੰ ਵੀ ਝਟਕਾ ਲੱਗਾ ਅਤੇ ਅੰਤਰਰਾਸ਼ਟਰੀ ਵਪਾਰ ਵਿਕਾਸ ਵਿਚ ਗਿਰਾਵਟ ਆਈ। ਹੁਣ ਵੀ ਇਹੀ ਸਥਿਤੀ ਦੁਬਾਰਾ ਪੈਦਾ ਹੋ ਸਕਦੀ ਹੈ।

ਟਰੰਪ ਦੇ ਪੱਤਰਾਂ ਵਿਚ ਸਪੱਸ਼ਟ ਤੌਰ 'ਤੇ ਲਿਖਿਆ ਹੈ - "ਜਾਂ ਤਾਂ ਤੁਸੀਂ ਵਪਾਰਕ ਸੌਦਾ ਕਰੋ, ਜਾਂ 60 ਪ੍ਰਤੀਸ਼ਤ ਟੈਰਿਫ ਅਦਾ ਕਰੋ।" ਇਹ ਭਾਸ਼ਾ ਸੱਭਿਅਕ ਕੂਟਨੀਤਿਕ ਗੱਲਬਾਤ ਦੀ ਨਹੀਂ, ਸਗੋਂ ਵਪਾਰਕ ਦਬਾਅ ਦੀ ਹੈ। ਉਹ ਅਮਰੀਕਾ ਨੂੰ 'ਵਪਾਰ ਦਾ ਸਭ ਤੋਂ ਵਧੀਆ ਕੇਂਦਰ' ਅਤੇ ਦੂਜੇ ਦੇਸ਼ਾਂ ਨੂੰ ਸਿਰਫ਼ ਗਾਹਕ ਮੰਨਦਾ ਹੈ। ਉਸਦੀ ਸ਼ੈਲੀ 'ਕੂਟਨੀਤਕ ਅੱਤਵਾਦ' ਵਰਗੀ ਜਾਪਦੀ ਹੈ, ਜਿੱਥੇ ਵਪਾਰ ਇੱਕ ਹਥਿਆਰ ਹੈ ਅਤੇ ਵਿਰੋਧ ਦਾ ਅਰਥ ਸਜ਼ਾ ਹੈ। ਇਹ ਨੀਤੀ ਨਾ ਸਿਰਫ਼ ਵਪਾਰ ਸੰਤੁਲਨ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਅੰਤਰਰਾਸ਼ਟਰੀ ਸਬੰਧਾਂ ਨੂੰ ਵੀ ਤਣਾਅਪੂਰਨ ਬਣਾ ਸਕਦੀ ਹੈ। ਉਸਦੀ ਪਹੁੰਚ ਵਿਚ ਲੰਬੇ ਸਮੇਂ ਦੇ ਸਹਿਯੋਗ ਲਈ ਕੋਈ ਥਾਂ ਨਹੀਂ ਹੈ, ਸਿਰਫ ਤੁਰੰਤ ਲਾਭ ਹੀ ਸਭ ਤੋਂ ਮਹੱਤਵਪੂਰਨ ਹਨ।

ਟਰੰਪ ਨੇ ਉੱਚ-ਤਕਨੀਕੀ ਉਦਯੋਗਾਂ ਅਤੇ ਸੈਮੀਕੰਡਕਟਰ ਨਿਰਮਾਣ ਖੇਤਰ ਨੂੰ ਵੀ ਨਿਸ਼ਾਨਾ ਬਣਾਇਆ ਹੈ। ਉਹ ਅਮਰੀਕਾ ਤੋਂ ਬਾਹਰ ਬਣੇ ਉੱਨਤ ਤਕਨਾਲੋਜੀ ਉਤਪਾਦਾਂ 'ਤੇ ਭਾਰੀ ਡਿਊਟੀ ਲਗਾਉਣਾ ਚਾਹੁੰਦਾ ਹੈ, ਤਾਂ ਜੋ ਕੰਪਨੀਆਂ ਅਮਰੀਕਾ ਵਿੱਚ ਉਤਪਾਦਨ ਕਰਨ। ਇਸ ਨਾਲ ਭਾਰਤ ਦੀਆਂ ਸੂਚਨਾ ਤਕਨਾਲੋਜੀ-ਆਧਾਰਿਤ ਕੰਪਨੀਆਂ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ, ਜੋ ਅਮਰੀਕੀ ਤਕਨਾਲੋਜੀ ਕੰਪਨੀਆਂ ਨੂੰ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਜੇਕਰ ਟਰੰਪ ਵਰਕ ਵੀਜ਼ਾ ਨੀਤੀ ਨੂੰ ਦੁਬਾਰਾ ਸਖ਼ਤ ਕਰਦੇ ਹਨ, ਤਾਂ ਭਾਰਤੀ ਤਕਨੀਕੀ ਮਾਹਿਰਾਂ ਨੂੰ ਅਮਰੀਕਾ ਵਿਚ ਨੌਕਰੀਆਂ ਪ੍ਰਾਪਤ ਕਰਨ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

ਟਰੰਪ ਦਾ 'ਅਮਰੀਕਾ ਫਸਟ' ਨਾਅਰਾ ਵਿਸ਼ਵੀਕਰਨ ਦੀ ਭਾਵਨਾ ਦੇ ਉਲਟ ਹੈ। ਇਹ ਰਾਸ਼ਟਰਵਾਦ ਨੂੰ ਵਪਾਰ ਦੇ ਕੇਂਦਰ ਵਿਚ ਰੱਖਦਾ ਹੈ ਅਤੇ ਸਹਿਯੋਗ ਉੱਤੇ ਮੁਕਾਬਲੇ ਨੂੰ ਮਹੱਤਵ ਦਿੰਦਾ ਹੈ। ਪਰ ਅੱਜ ਦੀ ਆਪਸ ਵਿਚ ਜੁੜੀ ਵਿਸ਼ਵ ਅਰਥਵਿਵਸਥਾ ਵਿਚ, ਕੋਈ ਵੀ ਦੇਸ਼ ਇਕੱਲਾ ਤਰੱਕੀ ਨਹੀਂ ਕਰ ਸਕਦਾ। ਅੱਜ ਦੀ ਦੁਨੀਆਂ ਭਾਈਵਾਲੀ-ਆਧਾਰਿਤ ਵਿਕਾਸ ਦੀ ਮੰਗ ਕਰਦੀ ਹੈ, ਜਿੱਥੇ ਤਕਨਾਲੋਜੀ, ਵਪਾਰ ਅਤੇ ਨਵੀਨਤਾ ਨਾਲ-ਨਾਲ ਚੱਲਦੇ ਹਨ। ਟਰੰਪ ਦੀ ਨੀਤੀ ਇਸ ਤਾਣੇ-ਬਾਣੇ ਨੂੰ ਤੋੜ ਸਕਦੀ ਹੈ।

ਟਰੰਪ ਦੀ ਇਹ ਨੀਤੀ ਅਮਰੀਕਾ ਅਤੇ ਹੋਰ ਦੇਸ਼ਾਂ ਵਿਚਕਾਰ ਅਵਿਸ਼ਵਾਸ ਵਧਾ ਸਕਦੀ ਹੈ। ਚੀਨ ਅਤੇ ਰੂਸ ਪਹਿਲਾਂ ਹੀ ਅਮਰੀਕਾ ਤੋਂ ਦੂਰੀ ਬਣਾ ਕੇ ਰੱਖ ਰਹੇ ਹਨ। ਹੁਣ ਜੇਕਰ ਟਰੰਪ ਦੱਖਣੀ ਏਸ਼ੀਆਈ ਅਤੇ ਯੂਰਪੀ ਦੇਸ਼ਾਂ 'ਤੇ ਅਜਿਹਾ ਹੀ ਦਬਾਅ ਪਾਉਂਦੇ ਹਨ, ਤਾਂ ਇੱਕ ਨਵਾਂ ਕੂਟਨੀਤਿਕ ਵੰਡ ਦੇਖਿਆ ਜਾ ਸਕਦਾ ਹੈ। ਇਹ ਵਪਾਰ ਯੁੱਧ ਹੌਲੀ-ਹੌਲੀ ਇੱਕ ਨਵਾਂ ਗਲੋਬਲ ਧਰੁਵੀਕਰਨ ਬਣ ਸਕਦਾ ਹੈ, ਜਿੱਥੇ ਦੇਸ਼ ਵੱਖ-ਵੱਖ ਸਮੂਹਾਂ ਵਿਚ ਵੰਡੇ ਜਾਣਗੇ।

ਭਾਰਤ ਨੂੰ ਇਸ ਵਪਾਰ ਯੁੱਧ ਵਿਚ ਨਾ ਤਾਂ ਪੂਰੀ ਤਰ੍ਹਾਂ ਅਮਰੀਕਾ 'ਤੇ ਨਿਰਭਰ ਹੋਣਾ ਚਾਹੀਦਾ ਹੈ, ਨਾ ਹੀ ਇਸਨੂੰ ਚੀਨ ਜਾਂ ਰੂਸ ਵੱਲ ਝੁਕਣਾ ਚਾਹੀਦਾ ਹੈ। ਇਸਨੂੰ 'ਆਤਮਨਿਰਭਰ ਭਾਰਤ' ਮੁਹਿੰਮ ਨੂੰ ਮਜ਼ਬੂਤ ਕਰਦੇ ਹੋਏ ਯੂਰਪ, ਅਫਰੀਕਾ ਅਤੇ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਨਾਲ ਵਿਕਲਪਿਕ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ, ਭਾਰਤ ਨੂੰ ਵਿਸ਼ਵ ਵਪਾਰ ਸੰਗਠਨ ਵਰਗੇ ਅੰਤਰਰਾਸ਼ਟਰੀ ਮੰਚਾਂ 'ਤੇ ਟਰੰਪ ਦੀ ਵਪਾਰ ਨੀਤੀ ਦਾ ਤਰਕਪੂਰਨ ਵਿਰੋਧ ਵੀ ਕਰਨਾ ਚਾਹੀਦਾ ਹੈ।

ਅਮਰੀਕਾ ਵੱਲੋਂ ਲਗਾਈਆਂ ਗਈਆਂ ਡਿਊਟੀਆਂ ਦਾ ਭਾਰਤ ਦੇ ਨਿਰਯਾਤ 'ਤੇ ਸਿੱਧਾ ਅਸਰ ਪੈਂਦਾ ਹੈ। ਇਸ ਨਾਲ ਭਾਰਤੀ ਉਤਪਾਦ ਮਹਿੰਗੇ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਮੁਕਾਬਲੇਬਾਜ਼ੀ ਘੱਟ ਜਾਂਦੀ ਹੈ। ਭਾਰਤੀ ਕੰਪਨੀਆਂ ਦਾ ਮੁਨਾਫਾ ਘੱਟ ਜਾਂਦਾ ਹੈ, ਜਿਸ ਨਾਲ ਉਤਪਾਦਨ ਘੱਟ ਜਾਂਦਾ ਹੈ ਅਤੇ ਨੌਕਰੀਆਂ ਦਾ ਨੁਕਸਾਨ ਹੁੰਦਾ ਹੈ। ਇਸ ਦੇ ਨਾਲ ਹੀ, ਅਮਰੀਕਾ ਦੇ ਖਪਤਕਾਰਾਂ ਨੂੰ ਵੀ ਉਹੀ ਉਤਪਾਦ ਉੱਚ ਕੀਮਤ 'ਤੇ ਖਰੀਦਣੇ ਪੈਂਦੇ ਹਨ। ਇਸ ਤਰ੍ਹਾਂ, ਇਹ ਸਥਿਤੀ ਦੋਵਾਂ ਦੇਸ਼ਾਂ ਦੇ ਆਮ ਲੋਕਾਂ ਲਈ ਘਾਤਕ ਹੈ। ਵਪਾਰ ਯੁੱਧ ਤੋਂ ਸਿਰਫ਼ ਉਦਯੋਗਪਤੀ ਹੀ ਨਹੀਂ, ਸਗੋਂ ਮਜ਼ਦੂਰ, ਕਿਸਾਨ, ਛੋਟੇ ਉੱਦਮੀ ਅਤੇ ਖਪਤਕਾਰ ਵੀ ਪ੍ਰਭਾਵਿਤ ਹੋ ਰਹੇ ਹਨ।

ਟਰੰਪ ਦੀ ਵਾਪਸੀ ਅਤੇ ਵਪਾਰ ਯੁੱਧ ਦੀ ਧਮਕੀ ਨੂੰ ਭਾਰਤ ਅਤੇ ਦੁਨੀਆਂ ਨੂੰ ਹਲਕੇ ਵਿਚ ਨਹੀਂ ਲੈਣਾ ਚਾਹੀਦਾ। ਇਹ ਸਿਰਫ਼ ਇੱਕ ਵਿਅਕਤੀ ਦੀ ਨੀਤੀ ਨਹੀਂ ਹੈ, ਸਗੋਂ ਇੱਕ ਵਿਚਾਰਧਾਰਾ ਹੈ, ਜੋ ਪੂਰੇ ਵਿਸ਼ਵ ਵਪਾਰ ਢਾਂਚੇ ਨੂੰ ਚੁਣੌਤੀ ਦਿੰਦੀ ਹੈ। ਭਾਰਤ ਨੂੰ ਦੂਰਦਰਸ਼ਤਾ, ਵਿਕਲਪਿਕ ਭਾਈਵਾਲੀ, ਸਵੈ-ਨਿਰਭਰ ਆਰਥਿਕ ਢਾਂਚੇ ਅਤੇ ਵਿਸ਼ਵ ਮੰਚਾਂ ਵਿਚ ਸਰਗਰਮ ਭਾਗੀਦਾਰੀ ਰਾਹੀਂ ਇਸ ਸੰਕਟ ਦਾ ਹੱਲ ਲੱਭਣਾ ਚਾਹੀਦਾ ਹੈ।

ਜੇਕਰ ਵਪਾਰ ਨੂੰ ਯੁੱਧ ਵਿਚ ਬਦਲ ਦਿੱਤਾ ਜਾਂਦਾ ਹੈ, ਤਾਂ ਕੋਈ ਵੀ ਦੇਸ਼ ਜੇਤੂ ਨਹੀਂ ਹੋਵੇਗਾ, ਸਿਰਫ਼ ਦੁਨੀਆ ਹਾਰੇਗੀ।

# ਮਾਝੇ ਦਾ ਮਾਣ: ਜਥੇਦਾਰ ਮੋਹਨ ਸਿੰਘ ਤੁੜ

## (30 ਜੁਲਾਈ ਬਰਸੀ 'ਤੇ)

ਰਮੇਸ਼ ਬੱਗਾ ਚੋਹਲਾ
ਹੈਬੋਵਾਲ ਖੁਰਦ
(ਲੁਧਿਆਣਾ)
ਮੋਬ : 94631-32719
ਪੰਜਾਬ ਮੇਲ USA



ਦੁਨੀਆਂ ਵਿਚ ਬਹੁਤ ਸਾਰੇ ਮਨੁੱਖ ਅਜਿਹੇ ਆਉਂਦੇ ਹਨ, ਜਿਹੜੇ ਆਪਣੇ ਹਿੱਸੇ ਦਾ ਜੀਵਨ ਬਤੀਤ ਕਰਕੇ ਇਸ ਫ਼ਾਨੀ ਸੰਸਾਰ ਨੂੰ ਸਦੀਵੀਂ ਫ਼ਤਿਹ ਬੁਲਾ ਜਾਂਦੇ ਹਨ। ਉਨ੍ਹਾਂ ਮਨੁੱਖਾਂ ਦਾ ਜੀਵਨ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਕਾਰੋਬਾਰਾਂ ਤੱਕ ਸੀਮਤ ਹੋਣ ਕਰਕੇ ਉਨ੍ਹਾਂ ਦੀਆਂ ਯਾਦਾਂ (ਅਕਾਲ ਚਲਾਣੇ ਤੋਂ ਬਾਅਦ) ਵੀ ਉਨ੍ਹਾਂ ਦੇ ਪਰਿਵਾਰਕ ਤੇ ਕਾਰੋਬਾਰਕ ਦਾਇਰੇ ਤੱਕ ਹੀ ਸਿਮਟ ਕੇ ਰਹਿ ਜਾਂਦੀਆਂ ਹਨ। ਪਰ ਜਗਤ ਵਿਚ ਕੁੱਝ ਅਜਿਹੇ ਪੁਰਖਾਂ/ਮਹਾਂਪੁਰਖਾਂ ਦਾ ਆਉਣਾ ਵੀ ਹੁੰਦਾ ਰਹਿੰਦਾ ਹੈ, ਜਿਹੜੇ ਨਾ ਸਿਰਫ਼ ਸਰਬੱਤ ਦਾ ਭਲਾ ਹੀ ਮੰਗਦੇ ਹਨ, ਸਗੋਂ ਇਸ ਭਲਾਈ ਹਿੱਤ ਆਪਣਾ ਤਨ, ਮਨ ਅਤੇ ਧਨ ਪੂਰੀ ਤਰ੍ਹਾਂ ਸਮਰਪਿਤ ਕਰ ਦਿੰਦੇ ਹਨ। ਇਹ ਉਹ ਜਿਉੜੇ ਹੁੰਦੇ ਹਨ, ਜਿਹੜੇ ਆਪਣੇ ਦੇਸ਼, ਧਰਮ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਸਦਾ ਤੱਤਪਰ ਰਹਿੰਦੇ ਹਨ। ਆਪਣੀ ਜੁਝਾਰੂ ਅਤੇ ਪਰਉਪਕਾਰੂ ਬਿਰਤੀ ਦੇ ਬਦੌਲਤ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿਚ ਨਾਮਣਾ ਖੱਟਣ ਵਾਲੇ ਇਨ੍ਹਾਂ ਵਿਸ਼ੇਸ਼ ਵਿਅਕਤੀਆਂ ਦਾ ਯੋਗਦਾਨ ਵੱਡਮੁੱਲਾ ਹੋਣ ਦੇ ਨਾਲ-ਨਾਲ ਇਤਿਹਾਸਕ ਵੀ ਹੋ ਨਿੱਬੜਦਾ ਹੈ। ਇਸ ਯੋਗਦਾਨ ਸਦਕਾ ਹੀ ਲੋਕਾਈ ਵੱਲੋਂ ਇਨ੍ਹਾਂ ਕੌਮੀ ਪ੍ਰਵਾਨਿਆਂ ਦੀ ਸਾਲਾਨਾ ਯਾਦ ਨੂੰ (ਜਨਮ ਦਿਨ ਅਤੇ ਬਰਸੀ ਦੇ ਰੂਪ ਵਿਚ) ਬੜੀ ਸ਼ਰਧਾ ਅਤੇ ਸਤਿਕਾਰਤ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਤਰ੍ਹਾਂ ਦੀ ਭਾਵਨਾ ਨਾਲ ਹੀ ਹਰ ਸਾਲ (30 ਜੁਲਾਈ ਨੂੰ) ਮਨਾਈ ਜਾਂਦੀ ਹੈ ਮਾਝੇ ਦਾ ਮਾਣ ਅਤੇ ਪੰਥਕ ਰਾਜਨੀਤੀ ਦੇ ਸ਼ਾਹ ਸਵਾਰ ਜਥੇਦਾਰ ਮੋਹਨ ਸਿੰਘ ਤੁੜ ਦੀ ਸਾਲਾਨਾ ਬਰਸੀ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਦਾ ਜਨਮ 1916 ਈ. ਨੂੰ ਸ. ਜਗਤ ਸਿੰਘ ਦੇ ਘਰ ਮਾਝੇ ਦੇ ਪਿੰਡ ਤੁੜ ਵਿਖੇ ਹੋਇਆ। ਇਹ ਪਿੰਡ ਉਸ ਸਮੇਂ ਜ਼ਿਲ੍ਹਾ ਅੰਮ੍ਰਿਤਸਰ ਦੀ ਹੱਦਬਸਤ ਵਿਚ ਪੈਂਦਾ ਸੀ, ਅਜੋਕੇ ਸਮੇਂ ਇਹ ਜ਼ਿਲ੍ਹਾ ਤਰਨ ਤਾਰਨ ਵਿਖੇ ਹੈ। ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ. ਜਗਤ ਸਿੰਘ ਨੇ ਜੈਤੋਂ ਦੇ ਮੋਰਚੇ ਵਿਚ ਜਾਣ ਵਾਲੇ ਦੂਸਰੇ ਜਥੇ ਦੀ ਅਗਵਾਈ ਕੀਤੀ ਸੀ ਅਤੇ ਗੋਲੀ ਲੱਗਣ ਕਰਕੇ ਸ਼ਹੀਦ ਹੋਏ ਸਨ।

ਜਥੇਦਾਰ ਮੋਹਨ ਸਿੰਘ ਤੁੜ ਜੋਬਨ ਰੁੱਤ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਦੀਆਂ ਗਤੀਵਿਧੀਆਂ 'ਚ ਭਾਗ ਲੈਣ ਲੱਗ ਪਏ ਸਨ। ਇਸ ਭਾਗੀਦਾਰੀ ਕਰਕੇ ਹੀ ਉਨ੍ਹਾਂ ਨੂੰ 1945 ਈ. ਵਿਚ ਸਰਕਲ ਸਰਹਾਲੀ ਕਲਾਂ ਦੀ ਜਥੇਦਾਰੀ ਸੌਂਪ ਦਿੱਤੀ ਗਈ।

ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਜਥੇਦਾਰ ਮੋਹਨ ਸਿੰਘ ਨੂੰ ਦਰਬਾਰ ਸਾਹਿਬ ਦੀ ਪਰਿਕਰਮਾ ਵਿਚੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜੇਲ੍ਹ ਭੇਜ ਦਿੱਤਾ ਗਿਆ। ਇਹ ਮੁਕੱਦਮਾ ਲੰਮਾ ਸਮਾਂ ਚੱਲਦਾ ਰਿਹਾ। ਗ੍ਰਿਫ਼ਤਾਰੀ ਦੇ ਇਸ ਸਮੇਂ ਦੌਰਾਨ ਸਰਕਾਰ ਵੱਲੋਂ ਕਈ ਪ੍ਰਕਾਰ ਦੇ ਲਾਲਚ ਤੇ ਡਰਾਵੇ ਦਿੱਤੇ ਗਏ ਪਰ ਉਨ੍ਹਾਂ ਨੇ ਸਬਰ-ਸੰਤੋਖ ਅਤੇ ਨਿਡਰਤਾ ਦਾ ਪੱਲਾ ਨਹੀਂ ਛੱਡਿਆ। ਕੋਈ ਗੱਲ ਨਾ ਬਣਦੀ ਦੇਖ ਕੇ ਸਰਕਾਰੀ ਤੰਤਰ ਵੱਲੋਂ ਉਨ੍ਹਾਂ ਨੂੰ ਰਿਹਾਅ ਕਰਨਾ ਪਿਆ।

ਰਿਹਾਈ ਤੋਂ ਬਾਅਦ ਜਦੋਂ ਜਥੇਦਾਰ ਮੋਹਨ ਸਿੰਘ ਤੁੜ ਬਾਹਰ ਆਏ ਤਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪ ਦਿੱਤਾ ਗਿਆ। ਇਸ ਵਡੇਰੀ ਜ਼ਿੰਮੇਵਾਰੀ ਨੂੰ ਉਨ੍ਹਾਂ ਨੇ ਬੜੀ ਸੁਚੱਜਤਾ ਅਤੇ ਜੱਚਤਾ ਨਾਲ ਨਿਭਾਇਆ।

ਪੰਥ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਅਤੇ ਲਗਨ ਨੂੰ ਸਤਿਕਾਰ ਦਿੰਦਿਆਂ ਹੋਇਆਂ ਸੰਤ ਫ਼ਤਿਹ ਸਿੰਘ ਵੱਲੋਂ ਪਹਿਲਾਂ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਮੀਤ ਪ੍ਰਧਾਨ ਅਤੇ ਬਾਅਦ (1972 ਈ.) ਵਿਚ ਪ੍ਰਧਾਨ ਬਣਾ ਦਿੱਤਾ ਗਿਆ।

1973 ਈ. ਵਿਚ ਕਰਨਾਲ ਦਾ ਸ਼ਹਿਰੀ ਆਜ਼ਾਦੀ ਮੋਰਚਾ ਜਥੇਦਾਰ ਮੋਹਨ ਸਿੰਘ ਤੁੜ ਦੀ ਅਗਵਾਈ ਹੇਠ ਫ਼ਤਿਹ ਕੀਤਾ ਗਿਆ। ਇਸ ਫ਼ਤਿਹ ਨੇ ਸ਼੍ਰੋਮਣੀ ਅਕਾਲੀ ਦਲ ਦਾ ਕੱਦ ਬਹੁਤ ਉੱਚਾ ਕਰ ਦਿੱਤਾ। ਇਸ ਮੋਰਚੇ ਤੋਂ ਬਾਅਦ 9 ਜੁਲਾਈ 1975 ਈ. ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਦੇਸ਼ ਵਿਚ ਲਗਾਈ ਗਈ ਐਮਰਜੈਂਸੀ ਦੇ ਵਿਰੁੱਧ ਵੱਡਾ ਮੋਰਚਾ ਲਗਾਇਆ ਗਿਆ, ਜਿਸ ਦੀ ਰਹਿਨੁਮਾਈ ਜਥੇਦਾਰ ਮੋਹਨ ਸਿੰਘ ਤੁੜ ਵੱਲੋਂ ਕੀਤੀ ਗਈ।

1977 ਈ. ਵਿਚ ਜਥੇਦਾਰ ਮੋਹਨ ਸਿੰਘ ਤੁੜ ਦੀ ਜਥੇਦਾਰੀ ਹੇਠ ਲੋਕ ਸਭਾ ਦੀ ਚੋਣਾਂ ਲੜੀਆਂ ਗਈਆਂ ਅਤੇ ਸਾਰੀਆਂ (13) ਸੀਟਾਂ ਉਪਰ ਅਕਾਲੀ ਦਲ ਅਤੇ ਉਸ ਦੇ ਸਹਿਯੋਗੀਆਂ ਨੂੰ ਜਿੱਤ ਪ੍ਰਾਪਤ ਹੋਈ। ਉਨ੍ਹਾਂ ਨੇ ਆਪ ਲੋਕ ਸਭਾ ਹਲਕਾ ਤਰਨ ਤਾਰਨ ਦੀ ਸੀਟ ਵੱਡੇ ਫਰਕ ਨਾਲ ਜਿੱਤ ਲਈ।

ਧੜੇਬੰਦੀ ਦੇ ਸਵਾਲ 'ਤੇ ਜਥੇਦਾਰ ਤੁੜ ਦਾ ਜਵਾਬ ਸੀ ਕਿ ਉਨ੍ਹਾਂ ਦਾ ਧੜਾ ਕੇਵਲ ਪੰਥ ਹੈ ਅਤੇ ਉਨ੍ਹਾਂ ਦਾ ਜੀਵਨ-ਮਰਨ ਪੰਥ ਨੂੰ ਪੂਰਨ ਰੂਪ ਵਿਚ ਸਮਰਪਿਤ ਹੈ। ਆਪਣੇ ਕਹੇ ਦੇ ਮੁਤਾਬਿਕ ਜਥੇਦਾਰ ਮੋਹਨ ਸਿੰਘ ਤੁੜ ਸਾਰੀ ਹਯਾਤੀ ਪੰਥ ਨੂੰ ਸਮਰਪਿਤ ਰਹੇ।

ਪੰਥਕ ਸਫ਼ਾਂ ਵਿਚ ਦਰਵੇਸ਼ ਸਿਆਸਤਦਾਨ ਕਰਕੇ ਜਾਣਿਆਂ ਜਾਂਦਾ ਜਥੇਦਾਰ ਮੋਹਨ ਸਿੰਘ ਤੁੜ ਅਖੀਰ 30 ਜੁਲਾਈ 1979 ਈ. ਨੂੰ (ਇੱਕ ਬਿਮਾਰੀ ਦੀ ਲਪੇਟ 'ਚ ਆਉਣ ਕਾਰਨ) ਇਸ ਫ਼ਾਨੀ ਸੰਸਾਰ ਤੋਂ ਹਮੇਸ਼ਾਂ ਲਈ ਰੁਖ਼ਸਤ ਹੋ ਗਿਆ। ਉਨ੍ਹਾਂ ਦੀ ਸਾਲਾਨਾ ਬਰਸੀ ਹਰ ਸਾਲ ਉਨ੍ਹਾਂ ਦੇ ਜੱਦੀ ਪਿੰਡ ਤੁੜ ਵਿਖੇ ਉਨ੍ਹਾਂ ਪਰਿਵਾਰਕ ਮੈਂਬਰਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਵੱਡੀ ਸ਼ਰਧਾ-ਭਾਵਨਾ ਨਾਲ ਮਨਾਈ ਜਾਂਦੀ ਹੈ।

# ਪ੍ਰਸਤਾਵਨਾ 'ਚ ਸਮਾਜਵਾਦ ਤੇ ਧਰਮ ਨਿਰਪੱਖਤਾ, ਭਾਰਤੀ ਸੰਵਿਧਾਨ ਦਾ ਲਕਸ਼

ਐੱਸ.ਐੱਲ. ਵਿਰਦੀ
ਐਡਵੋਕੇਟ
ਮੋ. : 98145-17499
ਜੀ.ਟੀ. ਰੋਡ, ਸਿਵਲ
ਕੋਰਟਸ, ਫਗਵਾੜਾ
ਪੰਜਾਬ ਮੇਲ USA



ਪਿਛਲੇ ਦਿਨੀ ਐਮਰਜੈਂਸੀ ਦੀ 50ਵੀ ਵਰੇਗੰਢ ਮੌਕੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਨੇ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚੋਂ ਸਮਾਜਵਾਦ ਤੇ ਧਰਮ ਨਿਰਪੱਖ ਸ਼ਬਦ ਕੱਢੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਦੀ ਦਲੀਲ ਹੈ ਕਿ ਇਹ ਦੋਵੇਂ ਸ਼ਬਦ ਸੰਵਿਧਾਨ ਦੀ ਪ੍ਰਸਤਾਵਨਾ ਵਿਚ, ਸੰਵਿਧਾਨ ਦੀ 42ਵੀਂ ਸੋਧ ਕਰਕੇ ਬਾਅਦ 'ਚ ਜੋੜੇ ਗਏ ਹਨ। ਇਹੀ ਮੰਗ ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਸਮੇਂ ਸੰਘ ਦੇ ਜਨਰਲ ਸਕੱਤਰ ਦੱਤਾ ਤਰੈਈਆ ਹੋਸਵਾਲੇ ਵੀ ਕਰ ਚੁੱਕੇ ਹਨ। ਆਰ.ਐੱਸ.ਐੱਸ. ਦੀ ਇਹ ਮੰਗ ਦੇਸ਼ ਦੀ ਸਰਵਉੱਚ ਅਦਾਲਤ ਦੇ ਪਿਛਲੇ ਸਾਲ ਦਿੱਤੇ ਗਏ ਇਤਿਹਾਸਕ ਫੈਸਲੇ 'ਤੇ ਖਰੀ ਨਹੀਂ ਉਤਰਦੀ? ਜਿਸ ਵਿਚ ਸੁਪਰੀਮ ਕੋਰਟ ਨੇ ਇਨ੍ਹਾਂ ਦੋਵੇਂ ਸ਼ਬਦਾਂ ਦਾ ਹਮੇਸ਼ਾ ਲਈ ਨਬੇੜਾ ਕਰ ਦਿੱਤਾ ਸੀ।

ਮਾਨਯੋਗ ਸੁਪਰੀਮ ਕੋਰਟ ਨੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਇਨ੍ਹਾਂ ਦੋਵੇਂ ਸ਼ਬਦਾਂ ਨੂੰ ਸ਼ਾਮਿਲ ਕਰਨ ਦੇ ਖ਼ਿਲਾਫ਼ ਦਾਇਰ ਸਾਰੀਆਂ ਰਿਟ ਪਟੀਸ਼ਨਾਂ ਨੂੰ ਖਾਰਜ ਕਰਦਿਆਂ ਇਹ ਵੀ ਸਪੱਸ਼ਟ ਕੀਤਾ ਸੀ ਕਿ ਪਾਰਲੀਮੈਂਟ ਨੂੰ ਸੰਵਿਧਾਨ ਦੀ ਧਾਰਾ 368 ਅਧੀਨ ਸੰਵਿਧਾਨ ਵਿਚ ਸੋਧ ਕਰਨ ਦਾ ਹੱਕ ਹੈ ਪਰ 26 ਨਵੰਬਰ 1949 ਨੂੰ ਭਾਰਤੀ ਸੰਵਿਧਾਨ ਨੂੰ ਸਵੀਕਾਰ ਕਰਦਿਆਂ ਇਹ ਮਾਮੂਲੀ ਜਿਹੀ ਗੱਲ ਦਾ ਰਹਿ ਜਾਣਾ ਅਤੇ ਬਾਅਦ 'ਚ ਜੋੜੇ ਜਾਣਾ ਗ਼ੈਰ-ਵਾਜਬ ਨਹੀਂ ਲੱਗਦੇ ਕਿਉਂਕਿ ਇਹ ਦੋਵੇਂ ਸ਼ਬਦਾਂ ਨੂੰ ਭਾਰਤ ਦੇ ਲੋਕਾਂ ਵੱਲੋਂ ਵੱਡੇ ਪੱਧਰ ਉਤੇ ਪ੍ਰਵਾਨ ਵੀ ਕਰ ਲਿਆ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਐਮਰਜੈਂਸੀ ਤੋਂ ਬਾਅਦ 1977 'ਚ ਬਣੀ ਜਨਤਾ ਪਾਰਟੀ ਨੇ ਕਾਂਗਰਸ ਨੂੰ ਸੱਤਾ ਤੋਂ ਬਾਹਰ ਕਰਕੇ ਜਦ ਸਰਕਾਰ ਬਣਾ ਲਈ ਸੀ, ਤਾਂ ਉਸ ਨੇ ਐਮਰਜੈਂਸੀ ਦੌਰਾਨ ਕੀਤੀਆਂ ਸੋਧਾਂ ਨੂੰ ਸੋਧਣ ਲਈ 1978 ਵਿਚ ਸੰਵਿਧਾਨ ਦੀ 44ਵੀਂ ਸੋਧ ਨੂੰ ਪਾਸ ਕੀਤਾ ਸੀ ਪਰ ਜਨਤਾ ਪਾਰਟੀ ਨੇ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਛੇੜਿਆ ਨਹੀਂ ਸੀ। ਇਸ ਸੋਧ ਪ੍ਰਕਿਰਿਆ ਦੌਰਾਨ ਸਮਾਜਵਾਦੀ ਅਤੇ ਧਰਮ ਨਿਰਪੱਖ ਸ਼ਬਦ ਇਸ ਕਰਕੇ ਬਚੇ ਰਹੇ ਕਿਉਂਕਿ ਇਨ੍ਹਾਂ ਬਾਰੇ ਕਿਸੇ ਵੀ ਪਾਰਟੀ ਨੂੰ ਕੁਝ ਵੀ ਇਤਰਾਜ਼ ਨਹੀਂ ਸੀ। ਉਸ ਸਮੇਂ ਆਰ.ਐੱਸ.ਐੱਸ. ਤੇ ਭਾਜਪਾ ਆਗੂ ਕਿਉਂ ਚੁੱਪ ਰਹੇ? ਕਰੀਬ ਪੰਜ ਦਹਾਕਿਆਂ ਬਾਅਦ ਇਸ ਮੁੱਦੇ ਨੂੰ ਮੁੜ ਖੜ੍ਹਾ ਕਰਨ ਪਿੱਛੇ ਆਰ.ਐੱਸ.ਐੱਸ. ਤੇ ਭਾਜਪਾ ਆਗੂਆਂ ਦਾ ਸੰਘ ਦਾ ਮੂਲ ਅਜੰਡਾ ਹੈ? ਹਿੰਦੂਤਵ ਦੇ ਪ੍ਰਮੁੱਖ ਚਿੰਤਕ ਗੋਲਵਾਲਕਰ ਆਪਣੀ ਪੁਸਤਕ, 'ਹਿੰਦੂ ਰਾਸ਼ਟਰ ਕਿਉਂ? 'ਚ ਲਿੱਖਦਾ, "ਕੇਵਲ ਹਿੰਦੂ ਹੀ ਭਾਰਤ ਦੇ ਸਪੂਤ ਅਖਵਾ ਸਕਦੇ ਹਨ। ਉਹ ਹੀ ਇਸ ਦੇਸ਼ ਦੇ ਅਸਲੀ ਵਸਨੀਕ ਹਨ। ਜਿਹੜੇ ਹਿੰਦੂ ਨਹੀਂ ਹਨ, ਉਨ੍ਹਾਂ ਨੂੰ ਹਿੰਦੂਆਂ ਦੇ ਬਰਾਬਰ ਅਧਿਕਾਰ ਨਹੀਂ ਦਿੱਤੇ ਜਾ ਸਕਦੇ। ਇਸੇ ਆਧਾਰ 'ਤੇ ਆਰ.ਐੱਸ.ਐੱਸ. ਨੇ ਭਾਰਤੀ ਸੰਵਿਧਾਨ ਦਾ ਵਿਰੋਧ ਕੀਤਾ ਸੀ।




ਮੌਜੂਦਾ ਸੰਵਿਧਾਨ ਤੋਂ ਪਹਿਲਾਂ ਦੇਸ਼ ਵਿਚ ਗ਼ੁਲਾਮੀ, ਅਸਮਾਨਤਾ, ਭੇਦ-ਭਾਵ ਅਤੇ ਅਨਿਆਂ ਦਾ ਬੋਲਬਾਲਾ ਸੀ। ਅੰਗਰੇਜ਼ਾਂ ਦੀ ਛਤਰ-ਛਾਇਆ ਹੇਠ ਸਮਾਜ ਦੇ ਮੁੱਠੀ ਭਰ ਲੋਕ ਸੱਤਾ-ਸੰਪਤੀ ਦਾ ਸੁੱਖ ਮਾਣ ਰਹੇ ਸਨ ਪਰ ਸਮਾਜ ਲਈ ਇਹ ਇੱਕ ਪੀੜਤ ਵਿਵਸਥਾ ਸੀ, ਜਿਹੜੀ ਮਨੁੱਖ-ਮਨੁੱਖ ਵਿਚ ਪ੍ਰੇਮ ਪੈਦਾ ਕਰਕੇ ਸਮਾਜ ਦੀ ਪ੍ਰਗਤੀ ਲਈ ਆਪਸ 'ਚ ਜੋੜਦੀ ਨਹੀਂ ਸੀ, ਸਗੋਂ ਮਨੁੱਖ-ਮਨੁੱਖ ਵਿਚ ਨਫ਼ਰਤ ਪੈਦਾ ਕਰਕੇ ਸਮਾਜ ਨੂੰ ਤੋੜਦੀ ਸੀ। ਸਿੱਟੇ ਵਜੋਂ ਦੇਸ਼ ਭਾਰਤ ਤੇ ਪਾਕਿਸਤਾਨ ਵਿਚ ਹੀ ਨਹੀਂ ਵੰਡਿਆ ਗਿਆ, ਲੱਖਾਂ ਭਾਰਤੀਆਂ ਦਾ ਕਤਲੇਆਮ ਵੀ ਹੋਇਆ ਸੀ। ਭਾਰਤੀ ਸੰਵਿਧਾਨ ਨਿਰਮਾਤਾ ਇਸ ਤੋਂ ਬਹੁਤ ਪੀੜਤ ਹੋਏ ਅਤੇ ਚਿੰਤਤ ਸਨ। ਇਸ ਲਈ ਉਪਰੋਕਤ ਦੁੱਖਮਈ ਵਿਵਸਥਾ ਨੂੰ ਖ਼ਤਮ ਕਰਕੇ ਉਨ੍ਹਾਂ ਸਭ ਦੇ ਭਲੇ ਲਈ ਸਮਾਜਵਾਦ ਤੇ ਧਰਮ ਨਿਰਪੱਖੀ ਲੋਕਤੰਤਰ ਨੂੰ ਸੰਵਿਧਾਨ ਦਾ ਆਧਾਰ ਬਣਾਇਆ। ਸੰਵਿਧਾਨ ਵਿਚ ਇੱਕ ਵਿਅਕਤੀ, ਇੱਕ ਕੀਮਤ ਅਤੇ ਇੱਕ ਹੀ ਵੋਟ ਦੀ ਵਿਵਸਥਾ ਕੀਤੀ ਅਤੇ ਸਭ ਨਾਗਰਿਕਾਂ ਲਈ ਸਾਧਨਾਂ ਤੇ ਮੌਕਿਆਂ ਨੂੰ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਹੀ ਲਿਖ ਦਿੱਤਾ:-

"ਅਸੀਂ ਭਾਰਤ ਦੇ ਲੋਕ, ਭਾਰਤ ਨੂੰ ਇੱਕ ਸੰਪੂਰਨ, ਪ੍ਰਭੂਸਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ, ਗਣਰਾਜ, ਸਥਾਪਿਤ ਕਰਨ ਅਤੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਦੇਣ, ਵਿਚਾਰ ਪ੍ਰਗਟਾਉਣ, ਰੁਤਬੇ ਅਤੇ ਅਵਸਰ ਦੀ ਸਮਾਨਤਾ, ਸਭ ਦਾ ਸਤਿਕਾਰ, ਰਾਸ਼ਟਰ ਦੀ ਏਕਤਾ, ਦੇਸ਼ ਦੀ ਅਖੰਡਤਾ ਕਾਇਮ ਕਰਨ ਵਾਲਾ, ਭਰਾਤਰੀ ਭਾਵ ਵਧਾਉਣ ਲਈ ਦ੍ਰਿੜ੍ਹ ਸੰਕਲਪ ਹੋ ਕੇ ਇਸ ਸੰਵਿਧਾਨ ਸਭਾ 'ਚ ਅੱਜ 26 ਨਵੰਬਰ 1949 ਨੂੰ ਇਸ ਸੰਵਿਧਾਨ ਨੂੰ ਸਵੀਕਾਰ, ਅਧਿਨਿਯਮਤ ਅਤੇ ਆਤਮ-ਸਮਰਪਿਤ ਕਰਦੇ ਹਾਂ।" ਇੰਨਾ ਹੀ ਨਹੀਂ, ਇਸ ਭਾਵਨਾ ਨੂੰ ਮਜ਼ਬੂਤ ਬਣਾਉਣ ਲਈ ਸੰਵਿਧਾਨ ਵਿਚ ਧਾਰਾ 51 ਏ (ਐੱਚ) ਜੋੜ ਕੇ ਦੇਸ਼ ਵਾਸੀਆਂ ਨੂੰ ਨਿਰਦੇਸ਼ ਦਿੱਤਾ ਗਿਆ ਕਿ ਉਹ ਆਪਣੇ ਅੰਦਰ ਵਿਗਿਆਨਕ ਸੋਚ ਪੈਦਾ ਕਰਕੇ, ਪੜਚੋਲ ਅਤੇ ਸੁਧਾਰ ਦੀ ਰੁਚੀ ਪੈਦਾ ਕਰਨ। ਸੰਵਿਧਾਨ ਦੀ ਧਾਰਾ 13 (1) (3) ਵਿਚ ਇਹ ਵੀ ਦਰਜ ਕੀਤਾ ਗਿਆ ਹੈ ਕਿ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਜੋ ਵੀ ਕੋਈ ਕਾਨੂੰਨ, ਉਪ ਕਾਨੂੰਨ, ਨਿਯਮ, ਆਦੇਸ਼, ਅਧਿਆਦੇਸ਼, ਰੂੜੀ ਜਾਂ ਰੀਤੀ ਰਿਵਾਜ਼ ਸੰਵਿਧਾਨ ਦੇ ਵਿਰੁੱਧ ਹੋਵੇਗਾ, ਉਹ (void) ਹੋਵੇਗਾ। ਭਾਵ ਉਹ ਜ਼ੀਰੋ ਅਤੇ ਸੰਵਿਧਾਨ ਹੀਰੋ ਹੋਵੇਗਾ।

ਸੰਵਿਧਾਨ ਨਿਰਮਾਤਾਵਾਂ ਨੇ ਸਮਾਜਿਕ ਸਮਾਨਤਾ ਲਈ ਲੋਕਤੰਤਰ ਦੇ ਜ਼ਰੂਰੀ ਤੱਤ ਆਜ਼ਾਦੀ, ਸਮਾਨਤਾ, ਭਾਈਚਾਰਾ, ਨਿਆਂ, ਰਾਸ਼ਟਰੀ ਏਕਤਾ ਅਤੇ ਧਰਮ ਨਿਰਪੱਖਤਾ ਨੂੰ ਸੰਵਿਧਾਨ ਦਾ ਲਕਸ਼ ਘੋਸ਼ਿਤ ਕੀਤਾ। ਉਨ੍ਹਾਂ ਰਾਜਯ ਸਮਾਜਵਾਦ ਦੀ ਪੂਰਤੀ ਲਈ ਸੰਵਿਧਾਨ ਦੇ ਅਨੁਛੇਦ-14 ਰਾਹੀਂ ਕਾਨੂੰਨ ਸਾਹਮਣੇ ਸਭ ਨੂੰ ਬਰਾਬਰ ਅਧਿਕਾਰ ਅਤੇ ਮੌਕੇ ਦਿੱਤੇ। ਅਨੁਛੇਦ 15 ਰਾਹੀਂ ਧਰਮ, ਰੇਸ਼, ਜਾਤ, ਲਿੰਗ, ਸਥਾਨ ਹਰ ਤਰ੍ਹਾਂ ਦੇ ਭੇਦ-ਭਾਵ ਨੂੰ ਖ਼ਤਮ ਕੀਤਾ ਗਿਆ। ਅਨੁਛੇਦ 16 ਰਾਹੀਂ ਪੱਛੜੇ ਵਰਗਾਂ ਦੇ ਉਥਾਨ ਲਈ ਵਿਵਸਥਾ ਕੀਤੀ ਗਈ। ਅਨੁਛੇਦ 17 ਰਾਹੀਂ ਜਾਤ-ਪਾਤ, ਛੂਆ-ਛਾਤ ਨੂੰ ਅਪਰਾਧ ਐਲਾਨਿਆ ਗਿਆ ਹੈ। ਅਨੁਛੇਦ 23 (1) ਰਾਹੀਂ ਮੁਫ਼ਤ ਕੰਮ ਜਾਂ ਵਗਾਰ ਪ੍ਰਥਾ ਖ਼ਤਮ ਕੀਤਾ ਗਿਆ ਹੈ। ਸੰਵਿਧਾਨ ਦੇ ਅਨੁਛੇਦ 26 ਤੋਂ 30 ਤੱਕ ਹਰ ਧਰਮ ਨੂੰ ਆਪਣੀ ਸਿੱਖਿਆ ਅਤੇ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਬਰਾਬਰ ਮੌਕੇ ਅਤੇ ਅਧਿਕਾਰ ਦਿੱਤੇ ਗਏ। ਅਨੁਛੇਦ 29 ਰਾਹੀਂ ਧਾਰਮਿਕ ਘੱਟ ਗਿਣਤੀਆਂ ਦੀ ਸੁਰੱਖਿਆ ਕੀਤੀ ਗਈ ਹੈ।

ਸੰਵਿਧਾਨ ਦੇ ਅਨੁਛੇਦ 38, 39, 41, 42 ਰਾਹੀਂ ਭਾਰਤ ਵਿਚ ਇਕ ਨਵੀਂ ਸਮਾਜ ਵਿਵਸਥਾ, ਜਿਸ ਦਾ ਆਧਾਰ ਸਮਾਜਵਾਦੀ, ਕਲਿਆਣਕਾਰੀ, ਲੋਕਤੰਤਰ ਹੋਵੇ, ਲਈ ਸਰਕਾਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਰਾਜ ਅਜਿਹੀ ਸਮਾਜਿਕ ਵਿਵਸਥਾ ਦਾ ਨਿਰਮਾਣ ਕਰਨ ਦਾ ਯਤਨ ਕਰੇਗਾ, ਜਿਸ ਵਿਚ ਨਾਗਰਿਕਾਂ ਨੂੰ ਰਾਸ਼ਟਰੀ ਜੀਵਨ ਦੀਆਂ ਸਾਰੀਆਂ ਸੰਸਥਾਵਾਂ ਵਿਚ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਪ੍ਰਾਪਤ ਹੋ ਸਕੇ। ਰਾਜ ਵਿਸ਼ੇਸ਼ ਤੌਰ 'ਤੇ ਆਮਦਨ ਦੀਆਂ ਅਸਮਾਨਤਾਵਾਂ ਨੂੰ ਘੱਟ ਕਰਨ ਦਾ ਯਤਨ ਕਰੇਗਾ ਅਤੇ ਵੱਖ-ਵੱਖ ਖੇਤਰਾਂ ਵਿਚ ਵੱਸਦੇ ਜਾਂ ਵੱਖ-ਵੱਖ ਧੰਦਿਆਂ ਵਿਚ ਲੱਗੇ ਹੋਏ ਲੋਕਾਂ ਦੇ ਸਮੂਹਾਂ ਵਿਚਕਾਰ ਰੁਤਬੇ, ਸਹੂਲਤਾਂ ਅਤੇ ਅਵਸਰਾਂ ਦੀਆਂ ਸਮਾਨਤਾਵਾਂ ਨੂੰ ਸਥਾਪਤ ਕਰਨ ਲਈ ਵਿਸ਼ੇਸ਼ ਯਤਨ ਕਰੇਗਾ। ਰਾਜ ਭੌਤਿਕ ਸਾਧਨਾਂ ਦੀ ਮਲਕੀਅਤ 'ਤੇ ਨਿਯੰਤਰਣ ਸਬੰਧੀ ਆਪਣੀਆਂ ਨੀਤੀਆਂ ਦਾ ਸੰਚਾਲਨ ਇਸ ਤਰ੍ਹਾਂ ਕਰੇਗਾ ਕਿ ਦੇਸ਼ ਦੇ ਸਭ ਲੋਕਾਂ ਦਾ ਕਲਿਆਣ ਹੋ ਸਕੇ।

ਭਾਰਤੀ ਸੰਵਿਧਾਨ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ। ਰਾਜ ਸੰਵਿਧਾਨਕ, ਦ੍ਰਿਸ਼ਟੀ ਤੋਂ ਕਿਸੇ ਵਿਸ਼ੇਸ਼ ਧਰਮ ਨਾਲ ਜੁੜਿਆਂ ਹੋਇਆ ਨਹੀਂ ਹੈ ਅਤੇ ਨਾ ਹੀ ਉਹ ਜਾਣਬੁੱਝ ਕੇ ਕਿਸੇ ਧਰਮ ਨੂੰ ਉਕਸਾਉਣ ਜਾਂ ਉਸ ਵਿਚ ਦਖਲਅੰਦਾਜ਼ੀ ਕਰੇਗਾ। ਇਸ ਦਾ ਮਤਲਬ ਹੈ ਕਿ ਸਟੇਟ (ਰਾਜ) ਦਾ ਆਪਣਾ ਕੋਈ ਮਜ਼ਹਬ ਜਾਂ ਧਰਮ ਨਹੀਂ ਹੈ ਅਤੇ ਨਾ ਹੀ ਰਾਜ ਦਾ ਕਾਰੋਬਾਰ ਚਲਾਉਣ ਵਿਚ ਧਰਮ ਜਾਂ ਈਸ਼ਵਰ ਜਾਂ ਇਨ੍ਹਾਂ ਸਬੰਧੀ ਕਿਸੇ ਅਕੀਦੇ ਦਾ ਕੋਈ ਦਖਲ ਹੈ।

ਸੰਵਿਧਾਨ ਦਾ ਆਰਟੀਕਲ 13 ਬੀ ਲੋਕਾਂ ਨੂੰ ਉਨ੍ਹਾਂ ਦੇ ਜੀਵਨ 'ਤੇ ਛਾਈਆਂ ਪ੍ਰੰਪਰਾਵਾਂ, ਰੂੜੀਆਂ ਅਤੇ ਅੰਧਵਿਸ਼ਵਾਸ ਦੇ ਜਾਲ ਨੂੰ ਤੋੜਨ ਲਈ ਉਤਸ਼ਾਹਿਤ ਕਰਦਾ ਹੈ। ਸੰਵਿਧਾਨ ਧਰਮ ਨਿਰਪੱਖਤਾ ਨੂੰ ਦੈਵੀ ਸ਼ਕਤੀ ਤੋਂ ਵੀ ਮੁਕਤ ਕਰਾਉਂਦਾ ਹੈ। ਸੰਵਿਧਾਨ ਕਿਸਤਮਵਾਦੀ ਸ਼ਕਤੀਆਂ ਦੀ ਬਨਿਸਬਤ ਸਮਾਜਿਕ ਵਿਕਾਸਵਾਦ ਨੂੰ ਉਤਸ਼ਾਹਿਤ ਕਰਦਾ ਹੈ। ਜਾਤ-ਪਾਤ, ਛੂਆ-ਛਾਤ ਦੇ ਭੇਦ-ਭਾਵ ਨੂੰ ਖਤਮ ਕਰਕੇ ਇੱਕ ਸਮਤਾਵਾਦੀ ਆਦਰਸ਼ ਸਮਾਜ ਅਤੇ ਲੋਕਤੰਤਰੀ ਰਾਜ ਦੀ ਸਥਾਪਨਾ ਲਈ ਉਤਸ਼ਾਹਿਤ ਕਰਦਾ ਹੈ। ਇਸ ਦੇ ਬਾਵਜੂਦ ਵੀ ਸੰਘ ਤੇ ਭਾਜਪਾ ਆਗੂ ਭਾਰਤ ਨੂੰ ਹਿੰਦੂਸਤਾਨ ਬਣਾਉਣ ਲਈ ਲਗਾਤਾਰ ਬਿਆਨਬਾਜ਼ੀ ਕਰ ਰਹੇ ਹਨ। ਜੋ ਭਾਰਤੀ ਸੰਵਿਧਾਨ ਦੀਆਂ ਲੋਕਤੰਤਰਿਕ ਕਦਰਾਂ-ਕੀਮਤਾਂ ਤੇ ਕਾਨੂੰਨ ਸਾਹਮਣੇ ਸਰਵਵਿਆਪੀ ਸਮਾਨਤਾ ਨਾਲ ਮੇਲ ਨਹੀ ਖਾਂਦੀ। ਕਿਉਂਕਿ ਦੇਸ਼ ਦੇ ਸਾਰੇ ਲੋਕ ਹਿੰਦੂ ਧਰਮ 'ਚ ਆਸਥਾ ਨਹੀਂ ਰੱਖਦੇ।

ਭਾਰਤ 28 ਰਾਜਾਂ, 7 ਕੇਂਦਰ ਸ਼ਾਸ਼ਤ ਪ੍ਰਦੇਸ਼ਾਂ, 22 ਰਾਸ਼ਟਰੀ ਮਾਨਤਾ ਪ੍ਰਾਪਤ ਤੇ ਹੋਰ 187 ਭਾਸ਼ਾਵਾਂ ਬੋਲੀਆਂ, 6 ਲੱਖ ਪਿੰਡਾਂ, ਚਾਰ ਹਜ਼ਾਰ ਤੋਂ ਵੱਧ ਸ਼ਹਿਰਾਂ ਤੇ ਕਸਬਿਆਂ ਵਿਚ ਫੈਲਿਆ 125 ਕਰੋੜ ਜਨਸੰਖਿਆ, ਜਿਸ ਵਿਚ ਮੁਸਲਿਮ, ਸਿੱਖ, ਬੋਧੀ, ਜੈਨੀ, ਇਸਾਈ, ਪਾਰਸੀ ਮਤਾਂ ਤੋਂ ਇਲਾਵਾ, 3747 ਪੱਛੜੀਆਂ, 1031 ਅਨੁਸੂਚਿਤ ਜਾਤੀਆਂ, 400 ਕਬੀਲਿਆ ਦਾ ਦੇਸ਼ ਹੈ। ਧਰਮ ਪੱਖੋਂ ਹਿਮਾਲਿਆ ਖੇਤਰਾਂ ਵਿਚ ਬੋਧੀ, ਗੁਜਰਾਤ 'ਚ ਜੈਨੀ, ਪੰਜਾਬ 'ਚ ਸਿੱਖ, ਅਸਾਮ 'ਚ ਇਸਾਈ, ਕਸ਼ਮੀਰ ਤੇ ਤਿਲੰਗਾਨਾ ਵਿਚ ਮੁਸਲਮਾਨਾਂ ਦੀ ਬਹੁਗਿਣਤੀ ਲੋਕ ਰਹਿੰਦੇ ਹਨ।


ਇੱਥੇ ਡਾ. ਅੰਬੇਡਕਰ ਦੀ ਚਿਤਾਵਨੀ ਜੋ ਉਨ੍ਹਾਂ ਆਪਣੀ ਪੁਸਤਕ 'ਪਾਕਿਸਤਾਨ ਔਰ ਪਾਰਟੀਸ਼ਨ ਆਫ਼ ਇੰਡੀਆ' 'ਚ ਦਿੱਤੀ, ਦੱਸਣਯੋਗ ਹੈ। ਉਹ ਲਿਖਦੇ, 'ਭਾਰਤ ਵੱਖ-ਵੱਖ ਰਾਜਾਂ, ਵੱਖ-ਵੱਖ ਭਾਸ਼ਾਵਾਂ-ਬੋਲੀਆਂ, ਘੱਟ ਗਿਣਤੀਆਂ-ਮੁਸਲਿਮ, ਸਿੱਖ, ਬੋਧੀ, ਜੈਨੀ, ਇਸਾਈ, ਪਾਰਸੀ ਮੱਤਾਂ ਦਾ ਸਾਂਝਾ ਦੇਸ਼ ਹੈ। ਇਸ ਲਈ ਭਾਰਤ ਨੂੰ ਹਿੰਦੂ ਰਾਸ਼ਟਰ ਬਣਨ ਤੋਂ ਰੋਕਣਾ ਹੋਵੇਗਾ, ਕਿਉਂਕਿ ਇਹ ਦੇਸ਼ ਦੇ ਹਿੱਤ ਵਿਚ ਨਹੀਂ ਹੈ।"


ਭਾਰਤ ਵਰਗੇ ਧਰਮ ਨਿਰਪੱਖ ਅਤੇ ਲੋਕਤੰਤਰਿਕ ਦੇਸ਼ ਵਿਚ ਜਿਹੜੇ ਅੱਜ ਵੀ ਮੌਜੂਦਾ ਸੰਵਿਧਾਨ ਦੀ ਬਨਿਸਬਤ ਮਨੂੰ ਸਿਮ੍ਰਤੀ ਆਧਾਰਿਤ ਰਾਜ ਸਥਾਪਤ ਕਰਨਾ ਚਾਹੁੰਦੇ ਹਨ, ਉਨ੍ਹਾਂ ਦੇ ਅਜਿਹੇ ਫਿਰਕੂ ਵਿਚਾਰਾਂ ਨੂੰ ਅੱਗੇ ਵਧਾਉਣਾ ਦੇਸ਼ ਦੇ ਦਲਿਤਾਂ, ਧਾਰਮਿਕ ਘੱਟ-ਗਿਣਤੀਆਂ, ਵੱਖ-ਵੱਖ ਬੋਲੀਆਂ-ਭਾਸ਼ਾਵਾਂ ਦੀ ਆਜ਼ਾਦੀ ਦਾ ਗਲਾ ਘੁੱਟ ਦੇਣਾ ਹੋਵੇਗਾ। ਜਦਕਿ ਸੰਵਿਧਾਨ ਹਰ ਨਾਗਰਿਕ ਦੇ ਜੀਵਨ ਦੇ ਹਰ ਪਹਿਲੂ ਵਿਚ ਉਸ ਦੇ ਨਾਲ ਖੜ੍ਹਾ ਹੈ। ਮੌਜੂਦਾ ਲੋਕਤੰਤਰਕ ਸੰਵਿਧਾਨ ਵਿਚ ਸੰਵਿਧਾਨ ਅਨੁਸਾਰ ਹੀ ਚੋਣਾਂ, ਕਾਰਜਪਾਲਿਕਾ ਤੇ ਨਿਆਂਪਾਲਕਾ ਚਲਦੀ ਹੈ। ਮਨੂੰ ਸਿਮ੍ਰਤੀ ਵਿਚ ਨਾਗਰਿਕ ਨਹੀਂ, ਚਾਰ ਵਰਣ ਹਨ। ਲੋਕਤੰਤਰ ਨਹੀਂ, ਰਾਜਾਸ਼ਾਹੀ ਹੈ। ਭਾਜਪਾ ਅਤੇ ਇਸ ਦੇ ਸੰਗਠਨਾਂ ਦੇ ਵਿਚਾਰ ਸੈਂਕੜੇ ਵਰ੍ਹੇ ਪਿਛਾਂਹ ਖਿੱਚੂ ਸਮਾਜਿਕ ਵਿਵਸਥਾ ਵਾਲੇ ਹਨ। ਕਿਸੇ ਵੀ ਕੀਮਤ 'ਤੇ ਦੇਸ਼ ਨੂੰ ਫਿਰਕੂ ਤਾਕਤਾਂ ਦੇ ਹੱਥਾਂ ਦਾ ਖਿਡੌਣਾ ਨਹੀਂ ਬਣਨ ਦੇਣਾ ਚਾਹੀਦਾ ਹੈ। ਲੋਕਤੰਤਰਕ, ਜ਼ਮਹੂਰੀ ਪਸੰਦ, ਧਰਮ ਨਿਰਪੱਖ ਸ਼ਕਤੀਆਂ ਨੂੰ ਅਜਿਹੇ ਆਗੂਆਂ ਬਾਰੇ ਆਮ ਲੋਕਾਂ ਨੂੰ ਜਾਗ੍ਰਿਤ ਕਰਨਾ ਹੋਵੇਗਾ।

# ਕਵਿੰਦਰ ਚਾਂਦ ਦਾ ਮੁਆਫ਼ੀਨਾਮਾ...

ਡਾ. ਕੁਲਵਿੰਦਰ ਬਾਠ
ਕੈਲੀਫ਼ੋਰਨੀਆ,
ਯੂ.ਐੱਸ.ਏ.
209-600-2897
ਪੰਜਾਬ ਮੇਲ USA





ਕਵਿੰਦਰ ਚਾਂਦ ਕਵਿਤਾ ਲਿਖੇ ਜਾਂ ਗ਼ਜ਼ਲ ਸਰੋਦੀ ਤੱਤ ਉਸਦੀ ਲਿਖਤ ਦਾ ਮੂਲ ਬਣਿਆ ਰਹਿੰਦਾ ਹੈ। ਕਵਿੰਦਰ ਕੋਲ ਪਰਵਾਸ ਦਾ ਮੌਲਿਕ ਅਨੁਭਵ ਵੀ ਹੈ, ਜਿਹੜਾ ਉਸਦੀ ਕਵਿਤਾ ਵਿਚ ਦਰਜ ਹੋਣਾ ਸ਼ੁਰੂ ਹੋ ਗਿਆ ਹੈ। ਮੁਆਫ਼ੀਨਾਮਾ ਕਵਿੰਦਰ ਚਾਂਦ ਦੀ ਕਵਿਤਾਕਾਰੀ ਦੀ ਨਵੀਂ ਪੁਲਾਂਘ ਹੈ, ਜਿਸ ਵਿੱਚ ਸਵੈ, ਧਰਤੀ, ਧਰਮ ਵਰਗੇ ਵਿਸ਼ਿਆਂ 'ਤੇ ਸੰਵਾਦੀ ਕਵਿਤਾਵਾਂ ਸ਼ਾਮਲ ਹਨ। ਇੱਥੇ ਪੰਜਾਬ ਦੀ ਰਹਿਤਲ ਦਾ ਹੇਰਵਾ ਨਹੀਂ, ਸਗੋਂ ਕਵੀ ਇਸ ਨਾਲ ਗੱਲਬਾਤ ਕਰਦਾ ਹੈ। ਸਭਿਆਚਾਰਕ ਅਤੇ ਧਾਰਮਿਕ ਅਸਹਿਮਤੀ ਦੇ ਬੋਲ ਇਸ ਕਿਤਾਬ ਵਿੱਚ ਆਏ ਹਨ। ਰੂਹਾਨੀ ਰਿਸ਼ਤਿਆਂ ਤੋਂ ਲੈ ਕੇ ਵਪਾਰ-ਬਾਜ਼ਾਰ ਦੇ ਸੰਬੰਧ ਕਵਿਤਾ ਦਾ ਵਿਸ਼ਾ ਬਣਦੇ ਹਨ। 'ਮੁਆਫ਼ੀਨਾਮਾ' ਸਿਰਲੇਖ ਵਾਲੀ ਲੰਮੀ ਕਵਿਤਾ ਵਿੱਚ ਕਵੀ ਮਨੁੱਖੀ ਵਿਹਾਰ ਬਾਰੇ ਚਿੰਤਨੀ ਸੁਨੇਹਾ ਦਿੰਦਾ ਹੈ। ਇਸ ਪੂਰੀ ਕਿਤਾਬ ਵਿੱਚੋਂ ਪੰਜਾਬੀ ਬੰਦੇ ਦਾ ਮਨ ਪੜ੍ਹਿਆ ਜਾ ਸਕਦਾ ਹੈ, ਜਿਹੜਾ ਆਪਣੇ ਮਿਥਿਹਾਸ-ਇਤਿਹਾਸ ਦੀ ਸਰਦਲ ਤੇ ਖਲੋ ਕੇ ਆਪਣੀ ਧਰਤੀ, ਧਰਮ ਤੇ ਭਾਸ਼ਾ ਦੀਆਂ ਮਹੀਨ ਤੰਦਾਂ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਮਨੁੱਖੀ ਹੋਂਦ ਅਤੇ ਪੰਜਾਬੀਅਤ ਦੇ ਤਕਾਜ਼ਿਆਂ ਦੇ ਬਹੁ-ਪਰਤੀ ਸੰਸਾਰ ਨੂੰ ਜਾਣਨ-ਮਾਣਨ ਲਈ ਉਮੀਦ ਹੈ ਪੰਜਾਬੀ ਪਾਠਕ 'ਮੁਆਫ਼ੀਨਾਮਾ' ਦਾ ਸੁਆਗਤ ਕਰਨਗੇ। ਮੇਰੇ ਵੱਲੋਂ ਵਧਾਈ...।

-ਗੁਰਤੇਜ ਕੋਹਾਰਵਾਲਾ

ਸ਼ਾਇਰ ਕਵਿੰਦਰ ਚਾਂਦ ਦੀ ਸਮੁੱਚੀ ਸ਼ਾਇਰੀ ਉਹਦੇ ਨਿੱਜੀ ਅਨੁਭਵ ਦੀ ਜ਼ਰਖੇਜ਼ ਭੋਇੰ 'ਚੋਂ ਫੁੱਟਦੀ ਹੈ। ਜਿਸ ਵਿੱਚ ਆਪਣੇ ਮੂਲ ਦਾ ਮਾਣ ਮੱਤਾ ਇਤਿਹਾਸ, ਵਰਤਮਾਨ ਦਾ ਤਲਖ਼ ਫ਼ਿਕਰ ਤੇ ਭਵਿੱਖ ਲਈ ਚਾਅ ਇਕੋ ਮਾਤਰਾ ਵਿਚ ਸਮੋਇਆ ਹੁੰਦੈ। ਆਪਣੀ ਰਹਿਤਲ ਦੇ ਨੇੜੇ ਤੇੜੇ ਰਹਿੰਦਿਆਂ ਗਲੋਬਲੀ ਗਲਿਆਰਾ ਢੂੰਹਦਾ ਹੈ। ਉਹ ਆਪਣੇ ਲਹੂ 'ਚ ਚਿੰਤਨ ਦੀ ਮਧਾਣੀ ਪਾਉਂਦਾ ਖ਼ੁਦ ਨੂੰ ਰਿੜਕਦਾ, ਰੰਗ ਰੱਤੇ ਸ਼ਿਅਰ ਜਨਮਦਾ ਹੈ। ਭਾਸ਼ਾ ਵਿੱਚ ਸੰਜੀਦਗੀ ਤੇ ਵਾਕ ਵਿਓਂਤ ਦਾ ਰੂਪਾਕਾਰ ਫੁੱਲਕਾਰੀ ਵਰਗੇ ਹੁਸਨ ਜਿਹਾ ਹੁੰਦੈ। ਇਸੇ ਲਈ ਉਹਦੀ ਸ਼ਬਦਕਾਰੀ ਬੌਧਿਕ ਹਲਕਿਆਂ ਦੇ ਨਾਲ-ਨਾਲ ਜਨ ਸਧਾਰਨ ਹਿਰਦਿਆਂ 'ਤੇ ਰਾਜ ਕਰਦੀ ਹੈ। ਉਸ ਨੇ ਆਪਣੀ ਸ਼ਾਇਰੀ ਦੀ ਇਸ ਨਵੀਂ ਜਿਲਦ 'ਮੁਆਫ਼ੀਨਾਮਾ' ਦੇ ਮਾਧਿਅਮ ਸਾਡੇ ਪਾਠਕਾਂ /ਸਰੋਤਿਆਂ ਦਾ ਇਹ ਭਰਮ ਤੋੜਿਆ ਹੈ ਕਿ ਉਹ ਨਿਰਾ ਬਹਿਰਾਂ ਦੀ ਕੈਦ ਵਿੱਚ ਰਹਿਣ ਵਾਲਾ ਸ਼ਾਇਰ ਹੀ ਨਹੀਂ ਬਲਕਿ ਉਹਦੀ ਗ਼ਜ਼ਲ ਵਾਂਗ ਉਹਦੀ ਨਜ਼ਮ ਤੇ ਗੀਤ ਵੀ ਸੁਨੱਖੇ ਮੁਹਾਂਦਰੇ ਵਾਲੇ ਹਨ।

-ਬਲਵਿੰਦਰ

ਅਜੋਕੇ ਸਮੇਂ ਦੌਰਾਨ ਸੋਸ਼ਲ ਮੀਡੀਆ ਦੇ ਨੁਕਸਾਨਾਂ ਜਾਂ ਫ਼ਾਇਦਿਆਂ ਵਿਚੋਂ ਇੱਕ ਮਹੱਤਵਪੂਰਨ ਫ਼ਾਇਦਾ ਇਹ ਹੈ ਕਿ ਕਦੇ-ਕਦਾਈਂ ਕੋਈ ਮਿਆਰੀ ਅਤੇ ਪਿਆਰੀ ਸਾਹਿਤਕ ਰਚਨਾ ਉੱਡਦੀ-ਉਡਾਉਂਦੀ, ਘੁੰਮਦੀ-ਘੁਮਾਉਂਦੀ ਧੁਰ ਸਾਡੇ ਕੋਲ ਪਹੁੰਚ ਜਾਂਦੀ ਹੈ। ਫਿਰ ਤਾਂ... ਇੰਜ ਮਹਿਸੂਸ ਹੁੰਦਾ ਹੈ... ਜਿਵੇਂ ਖੂਹ ਖ਼ੁਦ ਈ ਪਿਆਸੇ ਦੀ ਬਗਲ ਵਿਚ ਪਹੁੰਚ ਗਿਆ ਹੋਵੇ। ਇੰਜ ਹੀ, ਕੁਝ ਸਮਾਂ ਪਹਿਲਾਂ ਕੁਝ ਕੁ ਸਤਰਾਂ ਕਿਸੇ ਮਿੱਤਰ ਪਿਆਰੇ ਵੱਲੋਂ ਉੱਡਦੀਆਂ-ਉੱਡਦੀਆਂ ਮੇਰੀ ਝੋਲੀ ਆ ਪਈਆਂ...

ਸੁੱਕਿਆ ਦਰਿਆ, ਬੜਾ
ਗ਼ਮਗੀਨ ਹੋ ਕੇ ਪੁੱਛਦੈ
ਜੋ ਪਹਾੜੋਂ ਲੱਭਦੀ ਸੀ
ਉਹ ਨਦੀ ਕਿੱਧਰ ਗਈ...

ਬਣ ਗਿਆ ਚਮਕੌਰ ਸਾਹਿਬ
ਦਰਸ਼ਨੀ, ਸੰਗਮਰਮਰੀ
ਹਾਏ ਮੇਰੇ ਰਹਿਬਰੋ
ਕੱਚੀ ਗੜ੍ਹੀ ਕਿੱਧਰ ਗਈ...

ਐਨੀ ਪਿਆਰੀ ਅਤੇ ਰੂਹ ਨੂੰ ਧੂਅ ਪਾਉਂਦੀ ਗ਼ਜ਼ਲ ਦੇ ਲਫ਼ਜ਼ਾਂ ਨੂੰ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਇਸ ਦੇ ਰਚਨਹਾਰ ਦੀ ਖ਼ੂਬਸੂਰਤ ਰੂਹ, ਉਸਾਰੂ ਬਿਰਤੀ, ਭਾਵੁਕ ਅਤੇ ਸੰਵੇਦਨਸ਼ੀਲ ਮਨ ਦੀ ਝਲਕ ਸਹਿਜੇ ਈ ਪੈ ਜਾਂਦੀ ਹੈ...। ਦੋਸਤੋ, ਇਹ ਵਿਲੱਖਣ ਸ਼ਖ਼ਸੀਅਤ ਵਿਰਲਿਆਂ 'ਚੋਂ ਵਿਰਲੇ, ਮੁਹੱਬਤੀ ਰੂਹ ਅਤੇ 'ਅਸ਼ਰਫ਼ੀਆਂ ਵਾਲੇ' ਕਵਿੰਦਰ ਚਾਂਦ ਦੇ ਨਾਮ ਨਾਲ ਜਾਣੀ ਜਾਂਦੀ ਹੈ, ਜਿਸ ਦਾ ਦੇਸ ਅਤੇ ਪਰਦੇਸ ਦੇ ਪੰਜਾਬੀ ਸਾਹਿਤਕ ਖੇਤਰ ਵਿਚ ਨਿਵੇਕਲਾ ਸਥਾਨ ਹੈ। ਤਾਰਿਆਂ ਵਿਚ ਧਰੂ ਤਾਰਾ! ਅੱਜਕੱਲ੍ਹ ਸਮੁੰਦਰੋਂ ਪਾਰ ਦੇ ਪੰਜਾਬ, ਕੈਨੇਡਾ ਦੇ ਸ਼ਹਿਰ, ਸਰੀ ਵਿਚ ਪਰਿਵਾਰ ਸਮੇਤ ਰਹਿ ਰਿਹਾ ਹੈ। ਦੇਸ਼ ਵਿਦੇਸ਼ ਦੇ ਸਾਹਿਤਕ ਹਲਕਿਆਂ ਵਿਚ ਉੜੇ-ਐੜੇ ਅਤੇ ਪੈਂਤੀ ਦੇ ਛੱਟੇ ਦੇ ਰਿਹਾ ਹੈ। ਪੰਜਾਬ ਭਵਨ ਸਰੀ ਵਿਚ ਵੱਡੇ ਭਾਈ ਸੁੱਖੀ ਬਾਠ ਅਤੇ ਅਮਰੀਕ ਪਲਾਹੀ ਸੰਗ ਮਿਲ ਕੇ ਪੰਜਾਬ, ਪੰਜਾਬੀ, ਅਤੇ ਪੰਜਾਬੀਅਤ ਦੇ ਯਤਨਾਂ ਵਿਚ ਆਪਣਾ ਬਣਦਾ-ਸਰਦਾ ਯੋਗਦਾਨ ਪਾ ਰਿਹਾ ਹੈ।

ਮੁਆਫ਼ੀਨਾਮਾ...

ਦੋਸਤੋ, ਕਵਿੰਦਰ ਦੇ "ਮੁਆਫ਼ੀਨਾਮਾ" ਬਾਰੇ ਕੁਝ ਗੱਲਾਂ-ਬਾਤਾਂ ਕਰਨ ਤੋਂ ਪਹਿਲਾਂ, ਆਪ ਜੀ ਤੋਂ 'ਮੁਆਫ਼ੀ ਮੰਗਦਿਆਂ' ਆਪਣੇ ਮਨ ਦੀ ਗੱਲ ਸਾਂਝੀ ਕਰ ਰਿਹਾ ਹਾਂ...। ਅਜੋਕੇ ਸਮੇਂ ਵਿਚ ਪੰਜਾਬੀ ਸਾਹਿਤ ਪੜ੍ਹਿਆ ਕੁਝ ਘੱਟ, ਪਰ ਲਿਖਿਆ ਬਹੁਤਾਤ ਵਿਚ ਜਾ ਰਿਹਾ ਹੈ। ਕੋਈ ਸ਼ੱਕ ਨਹੀਂ ਕਿ 'ਕੁਝ ਕੁ' ਮਿਆਰੀ ਅਤੇ ਪੜ੍ਹਨ ਦੇ ਯੋਗ ਵੀ ਲਿਖਿਆ ਜਾ ਰਿਹਾ ਹੈ ਅਤੇ ਲਿਖਣਾ ਕੋਈ ਮਾੜੀ ਗੱਲ ਵੀ ਨਹੀਂ ਹੈ। ਕਈ ਪੁਰਾਣੇ ਅਤੇ ਨਵੇਂ ਵਿਦਵਾਨ "ਚੰਗਾ ਲਿਖਣ" ਦੇ ਬਾਵਜੂਦ ਵੀ ਮੈਨੂੰ ਅਕਸਰ 'ਟਟੀਹਰੀ ਵਿਦਵਾਨ' ਜਾਪਣ ਲੱਗ ਜਾਂਦੇ ਹਨ... ਜੋ ਮੁਹੱਬਤੀ ਟਾਹਰਾਂ ਅਤੇ ਸ਼ਹਿਦ ਵਰਗੇ ਅਲਫ਼ਾਜ਼ਾਂ ਨਾਲ ਲੱਦੀਆਂ ਰਚਨਾਵਾਂ ਤਾਂ ਰਚਦੇ ਅਤੇ ਪ੍ਰਚਾਰਦੇ ਜਾਂਦੇ ਹਨ... ਪਰ ਅਸਲ ਜ਼ਿੰਦਗੀ ਵਿਚ ਉਹ ਖ਼ੁਦ ਕੌੜੇ ਤੁੰਮੇ ਵਾਂਗ ਹੀ ਹੁੰਦੇ ਨੇ...। ਸ਼ਾਇਦ ਉਨ੍ਹਾਂ ਨੂੰ ਪੰਜਾਬੀ ਸਾਹਿਤ ਦਾ ਵਿਸ਼ਾਲ ਸੰਸਾਰ ਖ਼ੁਦ ਦੀਆਂ ਟੰਗਾਂ ਉੱਪਰ ਈ ਅੜਿਆ ਅਤੇ ਟਿਕਿਆ ਮਹਿਸੂਸ ਹੁੰਦਾ ਰਹਿੰਦਾ ਹੈ। ਉਨ੍ਹਾਂ ਦੇ ਭੰਬਲਭੂਸੇ ਵਾਲੇ ਕਿਰਦਾਰ ਦੋਗਲੀ ਭਾਅ ਮਾਰਦੇ ਹਨ। ਉਹ ਖ਼ੁਦ ਖ਼ੁਦ ਦੇ ਹੀ ਕਹੇ, ਲਿਖੇ ਅਤੇ ਪ੍ਰਚਾਰੇ ਅਲਫ਼ਾਜ਼ਾਂ ਨੂੰ ਅਪਣਾਉਂਦੇ ਨਹੀਂ..ਜਿਉਂਦੇ ਨਹੀਂ...। ਇਸ ਦੇ ਵਿਪਰੀਤ, ਜ਼ਿੰਦਾਦਿਲੀ ਅਤੇ ਸੂਖ਼ਮ ਬਿਰਤੀ ਵਾਲਾ ਕਵਿੰਦਰ ਚਾਂਦ ਆਪਣੇ ਮਨ ਦੇ ਅਨੁਭਵਾਂ ਅਤੇ ਅਹਿਸਾਸਾਂ ਨੂੰ ਸਿਰਫ਼ ਲਫ਼ਜ਼ਾਂ ਅਤੇ ਸ਼ਬਦਾਂ ਵਿਚ ਪਰੋਂਦਾ ਹੀ ਨਹੀਂ, ਬਲਕਿ, ਉਨ੍ਹਾਂ ਦੇ ਅਰਥਾਂ ਅਤੇ ਰੂਹ ਨੂੰ ਜੀਵਨ ਵਿਚ ਢਾਲਦਿਆਂ... ਜਿਉਂਦਾ ਹੈ ਅਤੇ ਹੰਢਾਉਂਦਾ ਵੀ ਹੈ। ਉਸਦੀ ਜ਼ਿੰਦਾਦਿਲ ਸ਼ਾਇਰੀ ਜ਼ਿੰਦਗੀ ਦੇ ਜਸ਼ਨਾਂ ਨਾਲ ਕਿੱਕਲੀਆਂ ਪਾਉਂਦੀ ਹੈ। ਸ਼ਾਇਰੀ ਤਾਂ ਉਸ ਦੇ ਜੀਨਸ (genes) ਵਿਚ ਹੈ, ਵਿਰਾਸਤ ਵਿਚੋਂ ਹੀ ਮਿਲੀ ਸੁਗਾਤ ਹੈ। ਕਵਿੰਦਰ ਬੜਾ ਘੱਟ ਲਿਖਦਾ ਹੈ, ਸਹਿਜ ਨਾਲ ਲਿਖਦਾ ਹੈ, ਪਰ ਜੋ ਵੀ ਲਿਖਦਾ ਹੈ, ਉਹ ਜੀਵਨ ਜਾਚ ਜਿਹਾ ਮਹਿਸੂਸ ਹੁੰਦਾ ਹੈ। ਸੱਚ-ਮੁਚ ਈ ਪੜ੍ਹਨ, ਜਾਨਣ ਅਤੇ ਮਾਨਣ ਵਾਲਾ ਹੁੰਦਾ ਹੈ। ਸੁਨੇਹਾ ਸਕਾਰਾਤਮਕ ਹੁੰਦਾ ਹੈ, ਜਿਸ ਤੋਂ ਕੁਝ ਸਿੱਖਿਆ ਜਾ ਸਕਦਾ ਹੈ।

ਅਸ਼ਰਫ਼ੀਆਂ, ਬੰਸਰੀ ਕਿੱਧਰ ਗਈ ਅਤੇ ਕਣ-ਕਣ ਨਾਲ ਸਾਹਿਤਕ ਪੈੜਾਂ ਪਾਉਂਦਾ ਇਹ ਸਮਰੱਥ ਕਵੀ ਅਤੇ ਗ਼ਜ਼ਲਗੋ ਮੁਆਫ਼ੀਆਂ ਮੰਗਦਾ "ਮੁਆਫ਼ੀਨਾਮਾ" ਲੈ ਕੇ ਸੁਹਿਰਦ ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੇ ਵਿਹੜੇ ਪਹੁੰਚ ਗਿਆ।

"ਕੁਦਰਤ ਕੁੜੀ ਦੀ ਨਿਰਮਲਤਾ ਦੇ ਨਾਂ" ਨੂੰ ਸਮਰਪਿਤ ਮੁਆਫ਼ੀਨਾਮਾ ਗ਼ਜ਼ਲਾਂ ਅਤੇ ਨਜ਼ਮਾਂ ਦਾ ਖ਼ੂਬਸੂਰਤ ਸੰਗ੍ਰਹਿ ਹੈ, ਜਿਸ ਨੂੰ ਆੱਟਮ ਆਰਟ, ਪਟਿਆਲਾ ਨੇ ਛਾਪਿਆ ਹੈ।

ਮਹਾਨ ਫਿਲਾਸਫਰ 'ਅਰਸਤੂ' ਅਨੁਸਾਰ ਮਨੁੱਖ ਇੱਕ 'ਸਮਾਜਿਕ ਜੀਵ' ਹੈ, ਜੋ ਮਨੁੱਖੀ ਰਿਸ਼ਤਿਆਂ ਦੀਆਂ ਤੰਦਾਂ ਦੇ ਤਾਣੇ-ਬਾਣੇ 'ਚ ਵਿਚਰਦਾ ਹੈ। ਇੰਜ ਉਸ ਦੇ ਜੀਵਨ ਦੀਆਂ ਤੰਦਾਂ ਕੁਦਰਤ, ਆਲੇ-ਦੁਆਲੇ, ਧਰਮ, ਸਮਾਜ, ਸੱਭਿਆਚਾਰ ਦੇ ਤਾਣਿਆਂ-ਬਾਣਿਆਂ ਨਾਲ ਜੁੜੀਆਂ ਹੁੰਦੀਆਂ ਹਨ। ਕਵਿੰਦਰ ਚਾਂਦ ਬਹੁਤ ਸੰਵੇਦਨਸ਼ੀਲ ਸ਼ਾਇਰ ਹੈ, ਜਿਸ ਦਾ ਕਵੀ ਦਿਲ ਨਿੱਘਰਦੇ ਅਤੇ ਟੁੱਟਦੇ ਮਨੁੱਖੀ ਰਿਸ਼ਤਿਆਂ ਦਾ ਦਰਦ ਮਹਿਸੂਸ ਕਰਦਾ ਰਹਿੰਦਾ ਹੈ। ਇਨ੍ਹਾਂ ਅਨੁਭਵਾਂ ਨੂੰ ਉਹ 'ਪੂਰੀ ਉਮਰ ਦੇ ਰਿਸ਼ਤੇਸ' ਵਿਚ ਇੰਜ ਲਫ਼ਜ਼ਾਂ ਦੇ ਬਸਤਰ ਪਾ ਕੇ ਉਤਾਰਦਾ ਹੈ...

ਪੂਰੀ ਉਮਰ ਦੇ ਰਿਸ਼ਤੇ
ਵਿਚਕਾਰ ਟੁੱਟ ਰਹੇ ਨੇ
ਸਾਰੰਗੀਆਂ ਸਲਾਮਤ
ਪਰ ਤਾਰ ਟੁੱਟ ਰਹੇ ਨੇ

ਅੰਨ੍ਹੀ ਹੈ ਦੌੜ ਫਿਰ ਵੀ
ਸਾਰੇ ਨੇ ਇਸ 'ਚ ਸ਼ਾਮਲ
ਇੱਕ ਭੀੜ ਜੁੜ ਰਹੀ ਹੈ
ਪਰਵਾਰ ਟੁੱਟ ਰਹੇ ਨੇ

ਗੁਰੂ ਅਤੇ ਚੇਲੇ ਦੇ ਰੂਹਾਨੀ ਰਿਸ਼ਤੇ ਅਤੇ ਅਮਰ ਮੁਹੱਬਤ ਨੂੰ ਕਵਿੰਦਰ ਚਾਂਦ ਨੇ ਇੰਜ ਬਿਆਨ ਕੀਤਾ ਹੈ:-

ਮਰਦਾਨਾ ਕਦੇ
ਨਾਨਕ ਜੇਹਾ ਲੱਗਦਾ
ਨਾਨਕ ਮਰਦਾਨੇ ਜੇਹਾ ਦਿਸਦਾ

ਨਾਨਕ ਸੰਗ
ਤੁਰਿਆ ਮਰਦਾਨਾ ਮੁੜ ਨਾ ਵਿਛੜਿਆ
ਦੂਰ ਮੁਲਕ
ਰਬਾਬ ਚੁੱਪ ਹੋਈ,
ਨਾਨਕ ਫੁਰਮਾਇਆ
'ਸੱਜਣ ਮੇਰੇ ਰੰਗੁਲੇ
ਜਾਇ ਸੁਤੇ ਜੀਰਾਣਿ'

ਗੁਰਬਾਣੀ ਕਹਿੰਦੀ ਹੈ ਕਿ... ਮਨੁੱਖ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਤੇ ਹੰਕਾਰ ਜਿਹੇ 'ਪਸ਼ੂ' ਘਰ ਕਰੀ ਬੈਠੇ ਹਨ, ਜਿਨ੍ਹਾਂ ਨੂੰ ਮਾਰਨ ਤੋਂ ਬਗੈਰ ਬੰਦਾ ਇਨਸਾਨ ਨਹੀਂ ਬਣ ਸਕਦਾ। ਹਉਮੈ/ਹੰਕਾਰ ਇੱਕ ਐਸਾ ਵਿਕਾਰ ਹੈ, ਜਿਸ ਦੇ ਹੁੰਦਿਆਂ ਹਲੀਮੀ ਅਤੇ ਮੁਆਫ਼ੀ ਦਾ ਹਾਜ਼ਿਰ ਹੋਣਾ ਨਾਮੁਮਕਿਨ ਬਣ ਜਾਂਦਾ ਹੈ। ਹੰਕਾਰ ਬੰਦੇ ਨੂੰ... ਨਾ ਮੁਆਫ਼ੀ ਮੰਗਣ ਦਿੰਦਾ ਹੈ ਅਤੇ ਨਾ ਹੀ ਮੁਆਫ਼ੀ ਦੇਣ ਦਿੰਦਾ ਹੈ। ਮੁਆਫ਼ੀ ਮੰਗਣ ਅਤੇ ਮੁਆਫ਼ੀ ਦੇਣ ਲਈ ਹੰਕਾਰ ਦਾ ਮਰਨਾ ਬੜਾ ਜ਼ਰੂਰੀ ਹੈ। ਕਵਿੰਦਰ ਚਾਂਦ ਨੇ 'ਆਦਮ-ਜ਼ਾਤ' ਦੀ ਇਸ ਗੰਭੀਰ ਚੁਣੌਤੀ ਅਤੇ ਕਸ਼ਮਕਸ਼ ਨੂੰ ਇੱਕ ਲੰਮੀ ਅਤੇ ਭਾਵਪੂਰਤ ਰਚਨਾ 'ਮੁਆਫ਼ੀਨਾਮੇ' ਵਿਚ ਇੰਜ ਸ਼ਬਦਾਂ ਵਿਚ ਪ੍ਰੋਇਆ...

ਜਦੋਂ ਕੁਝ ਉਲਝਦਾ ਹੋਵੇ
ਨਾ ਮਸਲਾ ਸੁਲਝਦਾ ਹੋਵੇ
ਜਦੋਂ ਸੱਭ ਦੇਖਦੇ ਹੁੰਦੇ
ਕਿ ਪਹਿਲੋਂ ਕੌਣ ਝੁਕਦਾ ਹੈ
ਝਿਜਕ ਜਦ ਰੋਕਦੀ ਹੁੰਦੀ ਹੈ
ਸਭ ਨੂੰ ਪਹਿਲ ਕਦਮੀ ਤੋਂ
ਮੇਰਾ ਕੁਝ ਵੀ ਨਹੀਂ ਘਟਦਾ
ਮੈਂ, ਮੁਆਫ਼ੀ ਮੰਗ ਲੈਂਦਾ ਹਾਂ...

ਮੁਆਫ਼ੀ ਮੰਗ ਕੇ ਇੱਕ ਆਮ ਬੰਦਾ
ਖ਼ਾਸ ਹੋ ਜਾਂਦੈ
ਮੁਆਫ਼ੀ ਮੰਗਿਆਂ
ਧਰਤੀ ਜਿਹਾ ਧਰਵਾਸ ਹੋ ਜਾਂਦੈ
ਮੁਆਫ਼ੀ ਨਫ਼ਰਤਾਂ ਦੇ ਬੀਜ ਸਾਰੇ
ਸਾੜ ਸਕਦੀ ਹੈ
ਇਹ ਚਾਲੀ ਮੁਕਤਿਆਂ ਵਾਲਾ ਬੇਦਾਵਾ
ਪਾੜ ਸਕਦੀ ਹੈ...

ਸੰਤਾਲੀ ਤੋਂ, ਚੁਰਾਸੀ ਤੋਂ
ਇਹ ਆਦਮ ਜ਼ਾਤ ਦੇ
ਰਿਸਦੇ ਹੋਏ ਨਾਸੂਰ ਨੇ ਜਿਹੜੇ
ਮੈਂ ਆਪਣੀ ਆਤਮਾਂ ਦਾ ਬੋਝ
ਕੁਝ ਹੌਲਾ ਕਰਨ ਖ਼ਾਤਰ
ਸੁਰਖ਼ਰੂ ਹੋਣ ਦੀ ਖ਼ਾਤਰ
ਮੁਆਫ਼ੀ ਮੰਗ ਲੈਂਦਾ ਹਾਂ
ਤੁਸੀਂ ਮੰਗੋ ਜਾਂ ਨਾ ਮੰਗੋ
ਮੈਂ ਮੁਆਫ਼ੀ ਮੰਗ ਲੈਂਦਾ ਹਾਂ...

ਸਿਆਣੇ ਕਹਿੰਦੇ ਨੇ... ਲੰਘ ਗਏ ਸੱਪ ਦੀ ਲਕੀਰ ਨੂੰ ਕੁੱਟਣ ਨਾਲ ਸੱਪ ਕਦੇ ਨਹੀਂ ਮਰਦੇ ਹੁੰਦੇ। ਜੀਵਨ ਜਿਉਂਦਿਆਂ ਅਤੇ ਸਮਾਜ ਵਿਚ ਵਿਚਰਦਿਆਂ ਹੋ ਰਹੀ ਨਾ-ਇਨਸਾਫ਼ੀ, ਧੱਕੇਸ਼ਾਹੀ ਅਤੇ ਜ਼ੁਲਮ ਦੇ ਵਿਰੁੱਧ ਇਨਸਾਨ ਦਾ ਆਵਾਜ਼ ਨਾ ਉਠਾਉਣਾ ਉਸ ਦੇ ਮਰਨ ਦੇ ਬਰਾਬਰ ਈ ਹੁੰਦਾ ਹੈ। ਕਵਿੰਦਰ ਚਾਂਦ ਦੀ ਇਨਕਲਾਬੀ ਸੋਚ ਸਮਾਜ ਦੀਆਂ ਮੂੰਹ-ਮੁਹਾਂਦਰੇ ਵਾਲੀਆਂ ਹਸਤੀਆਂ ਦੀ ਜ਼ਮੀਰ ਨੂੰ ਸ਼ਰੇਆਮ ਵੰਗਾਰ ਅਤੇ ਫਿਟਕਾਰ ਰਹੀ ਹੈ।

ਸਮਾਂ ਬੋਲਣ ਦਾ ਹੈ...
ਬੜੀ ਦੁਬਿਧਾ 'ਚ ਨੇ ਲੋਕੀਂ
ਤੁਹਾਡੇ ਵੱਲ ਤੱਕਦੇ ਨੇ
ਨਹੀਂ ਤਾਂ ਜੋ ਦਿਖਾਇਆ ਜਾ ਰਿਹੈ,
ਉਹ ਸੱਚ ਸਮਝਣਗੇ
ਸਮਾਂ ਬੋਲਣ ਦਾ ਹੈ
ਬੋਲੋ!
ਜੇ ਹੁਣ ਨਹੀਂ ਬੋਲੇ ਤਾਂ
ਫਿਰ ਕਿਸੇ ਨੇ ਬੋਲਣ ਨਹੀਂ ਦੇਣਾ
ਤੇ ਉਸ ਤੋਂ ਬਾਦ ਫਿਰ
ਬੋਲਣ ਲਈ ਕੁਝ ਨਹੀਂ ਰਹਿਣਾ!
ਜ਼ੁਬਾਨਾਂ ਵਾਲਿਓ ਗੁੰਗਿਓ,
ਤੁਸਾਂ ਜੇ ਅੱਜ ਵੀ
ਇਹ ਧੁੰਦਕਾਰਾ ਸਾਫ਼ ਨਹੀਂ ਕਰਨਾ,
ਤਾਂ ਫਿਰ ਇਤਿਹਾਸ ਨੇ
ਸਾਨੂੰ ਤੁਹਾਨੂੰ ਮਾਫ਼ ਨਹੀਂ ਕਰਨਾ,
ਸਮਾਂ ਬੋਲਣ ਦਾ ਹੈ,
ਬੋਲੋ!

ਮਾਂ ਬੋਲੀ ਇੱਕ ਛੋਟਾ ਜਿਹਾ ਸ਼ਬਦ ਹੈ, ਜੋ ਆਪਣੀ ਰੂਹ ਅੰਦਰ ਗਹਿਰੇ ਅਰਥ ਸੰਭਾਲੀ ਬੈਠਾ ਹੈ। ਬੋਲੀ ਮਨੁੱਖੀ ਸੱਭਿਅਤਾ ਅਤੇ ਸੱਭਿਆਚਾਰ ਦੇ ਅਨਮੋਲ ਜ਼ਖ਼ੀਰੇ ਦੀ ਨਿਸ਼ਾਨਦੇਹੀ ਕਰਦੀ ਹੈ। ਪ੍ਰਸਿੱਧ ਸਾਹਿਤਕਾਰ 'ਰਸੂਲ ਹਮਜ਼ਾਤੋਵ' ਦੀ ਸੰਸਾਰ ਪ੍ਰਸਿੱਧ ਵਾਰਤਕ "ਮੇਰਾ ਦਾਗ਼ਿਸਤਾਨ" ਨੂੰ ਬਹੁਤ ਪੰਜਾਬੀ ਸਾਹਿਤ ਪ੍ਰੇਮੀਆਂ ਨੇ ਪੜ੍ਹਿਆ ਹੋਵੇਗਾ। ਇਸ ਕਿਤਾਬ ਵਿਚ ਰਸੂਲ ਹਮਜ਼ਾਤੋਵ ਨੇ ਦਾਗ਼ਿਸਤਾਨ ਦੇ ਇਲਾਕੇ, ਸੱਭਿਆਚਾਰ ਅਤੇ ਮਾਂ ਬੋਲੀ ਨੂੰ ਬਾਖ਼ੂਬੀ ਬਰੀਕੀ ਨਾਲ ਪੇਸ਼ ਕੀਤਾ ਹੈ। ਮਾਂ ਬੋਲੀ ਪ੍ਰਤੀ ਉਸ ਦਾ ਇਹ ਵੀ ਮੰਨਣਾ ਹੈ ਕਿ ਆਪਣੀ ਮਾਂ ਬੋਲੀ ਨੂੰ ਭੁੱਲ ਜਾਣਾ ਇੱਕ ਬਦਅਸੀਸ ਦੇ ਸਮਾਨ ਹੁੰਦਾ ਹੈ। ਕਵਿੰਦਰ ਚਾਂਦ ਨੇ ਵੀ ਮਾਂ ਬੋਲੀ ਪੰਜਾਬੀ ਪ੍ਰਤੀ ਆਪਣਾ ਮੋਹ ਅਤੇ ਫ਼ਿਕਰ ਪਾਠਕਾਂ ਨਾਲ ਸਾਂਝਾ ਕੀਤਾ ਹੈ।

ਮੇਰੇ ਆਪਣੇ ਧੀਆਂ ਪੁੱਤਰ
ਮੇਰਾ ਹੁਸਨ ਵਿਗਾੜ ਰਹੇ ਨੇ
ਮੈਨੂੰ ਮੇਰੇ ਆਪਣੇ ਜਾਏ
ਹੌਲੀ ਹੌਲੀ ਮਾਰ ਰਹੇ ਨੇ
ਹਰ ਬੋਲੀ ਦੀ ਆਪਣੀ ਵੱਖਰ
ਹਰ ਬੋਲੀ ਦਾ ਆਪਣਾ ਰੁਤਬਾ
ਮੈਂ ਹਾਂ ਪਰ ਬੋਲੀ ਪੰਜਾਬੀ
ਮੇਰੀ ਸਭ ਤੋਂ ਸ਼ਾਨ ਨਿਰਾਲੀ
ਜੇ ਮੈਂ ਇੰਜ ਕਰੂਪ ਹੋ ਗਈ
ਜ਼ਹਿਰ ਦਾ ਘੁੱਟ ਵੀ ਪੀ ਨਹੀਂ ਹੋਣਾ
ਪਰ ਮੈਥੋਂ ਫਿਰ ਜੀ ਨਹੀਂ ਹੋਣਾ..
ਸੱਚੀਂ ਮੈਥੋਂ ਜੀ ਨਹੀਂ ਹੋਣਾ..

ਪਿਛਲੇ ਕਾਫ਼ੀ ਅਰਸੇ ਤੋਂ ਕਵਿੰਦਰ ਆਪਣੇ ਪਰਿਵਾਰ ਸਮੇਤ ਪਰਦੇਸ ਵਿਚ ਰਹਿ ਰਿਹਾ ਹੈ। ਬਹੁਤੇ ਪਰਦੇਸੀ ਦੂਹਰੀ ਜ਼ਿੰਦਗੀ ਜਿਉਣ ਦੀ ਤ੍ਰਾਸਦੀ ਭੋਗਦੇ ਹਨ। ਸਰੀਰ ਪਰਦੇਸ ਅਤੇ ਮਨ ਦੇਸ ਵਿਚ ਪਰਵਾਜ਼ਾਂ ਭਰਦਾ ਰਹਿੰਦਾ ਹੈ। ਮਿੱਟੀ ਦਾ ਮੋਹ ਉਸ ਨੂੰ ਘਰ-ਘਰ ਕਹਿੰਦਾ ਰਹਿੰਦਾ ਹੈ... "ਚੱਲ ਪੰਜਾਬ ਨੂੰ ਚੱਲੀਏ..."

ਦਿਲ ਦਰਿਆਵਾਂ ਵਿਚੋਂ ਪਾਣੀ
ਸੁੱਕਦੇ ਸੁੱਕਦੇ ਸੁੱਕ ਜਾਂਦੇ ਨੇ
ਰਿਸ਼ਤੇ ਨਾਤੇ ਪਿਆਰ ਮੁਹੱਬਤ
ਮੁੱਕਦੇ ਮੁੱਕਦੇ ਮੁੱਕ ਜਾਂਦੇ ਨੇ
ਟੁੱਟੀਆਂ ਬਾਹਵਾਂ ਗੱਲ੍ਹ ਨੂੰ ਆਈਆਂ
ਮੁੜਕੇ ਜੋੜਨ ਚੱਲੀਏ, ਝੱਲੀਏ
ਚੱਲ ਪੰਜਾਬ ਨੂੰ ਚੱਲੀਏ...

ਆਪਣੇ ਸਵਰਗੀ ਸ਼ਾਇਰ ਪਿਤਾ ਨੂੰ ਯਾਦ ਕਰਦਿਆਂ ਕਵਿੰਦਰ ਉਦਾਸ ਵੀ ਹੋ ਜਾਂਦਾ ਹੈ...

ਕੱਲ੍ਹ ਰਾਤ
ਮੈਂ ਖਾਮੋਸ਼ ਅਵਾਜ਼ ਮਾਰੀ
ਪਿਤਾ ਅੰਗ ਸੰਗ ਮਹਿਸੂਸ ਹੋਏ

ਆਪਣੀ ਨਵੀਂ ਕਵਿਤਾ
ਸ਼ਾਇਰ ਪਿਤਾ ਨੂੰ ਸੁਣਾਈ

ਸੁਣਾਉਂਦਿਆਂ
ਮੇਰੀਆਂ ਅੱਖਾਂ ਭਰ ਆਈਆਂ ਤੇ
ਪਿਤਾ ਦੀਆਂ ਸੁਣਦਿਆਂ...

ਖ਼ੂਬਸੂਰਤ ਸ਼ਾਇਰੀ ਕਵਿੰਦਰ ਚਾਂਦ ਦਾ ਹਾਸਲ ਹੈ। ਇਹ ਕਿਸੇ-ਕਿਸੇ ਦੇ ਹਿੱਸੇ ਈ ਆਉਂਦਾ ਹੈ। ਇਸ ਦੀ ਸ਼ਾਇਰੀ ਮਨ ਨੂੰ ਸਕੂਨ ਪ੍ਰਦਾਨ ਕਰਦੀ ਹੈ। ਕਦੇ-ਕਦੇ ਉਸ ਦਾ ਜੀਅ ਇੰਜ ਵੀ ਕਰਦੈ...

ਉਦਾਸ ਮੌਸਮਾਂ ਅੰਦਰ
ਮੇਰਾ ਹੱਸਣ ਨੂੰ ਜੀਅ ਕਰਦਾ
ਗ਼ਮਾਂ ਦੀ ਪੰਡ 'ਤੇ ਖੜ੍ਹਕੇ
ਮੇਰਾ ਨੱਚਣ ਨੂੰ ਜੀਅ ਕਰਦੈ

ਜ਼ਮਾਨੇ ਭਰ ਦੇ ਸਾਕਾਂ ਤੋਂ
ਇੱਕਦਮ ਸੁਰਖ਼ਰੂ ਹੋ ਕੇ
ਕਵਿੰਦਰ ਨਾਲ ਬਾਕੀ ਦੀ ਉਮਰ
ਵੱਸਣ ਨੂੰ ਜੀਅ ਕਰਦਾ

ਕਵਿੰਦਰ ਚਾਂਦ 'ਆਪਣਾ ਮੂਲ ਪਛਾਣਦਿਆਂ' ਖ਼ੁਦ ਦੇ ਮਨ ਦੀਆਂ ਰਮਜ਼ਾਂ ਖੋਲ੍ਹਦਾ ਹੈ, ਹੋਕਾ ਦੇਂਦਾ ਹੈ ਅਤੇ ਪੈਂਤੀ ਦਾ ਛੱਟਾ ਦੇਂਦਾ... ਆਪਣੀ ਮਸਤੀ... ਤੇ ਆਪਣੀ ਤੋਰੇ... ਤੁਰਿਆ ਜਾਂਦਾ ਹੈ...

ਅਸੀਂ ਓਂਕਾਰ ਦੇ ਬੱਚੇ
ਅਸੀਂ ਉੜੇ ਦੇ ਜਾਏ ਹਾਂ
ਅਸੀਂ ਪੈਂਤੀ ਦਾ ਛੱਟਾ ਦੇਣ
ਇਸ ਦੁਨੀਆਂ 'ਤੇ ਆਏ ਹਾਂ

ਅਸਾਂ ਪੰਜਾਬ ਦੇ ਪੁੱਤਰ ਹਾਂ
ਵਗਦੇ ਪਾਣੀਆਂ ਵਰਗੇ
ਗੁਰੂ ਪੋਤਾਂ ਨੂੰ ਮੰਨਦੇ ਹਾਂ
ਤੇ ਮਾਂ ਮਿੱਟੀ ਦੇ ਜਾਏ ਹਾਂ

ਉਸ ਦੀ ਰੂਹ ਨਾਲ ਲਿਖੀ ਅਤੇ ਮਕਬੂਲ ਹੋਈ ਨਵੀਂ ਰਚਨਾ "ਗੁਰੂ ਮਾਨਿਓ... ਗੁਰੂ ਮਾਨਿਓ ਗ੍ਰੰਥ"... ਵੀ ਮੈਨੂੰ ਉਸ ਦੀ ਸੁੰਦਰ ਰੂਹ ਦਾ ਅਗਲਾ ਹੋਕਾ ਲੱਗਦੀ ਹੈ... ਗੁਰੂ ਮਾਨਿਓ... ਗ੍ਰੰਥ...

ਮਾਂ ਬੋਲੀ ਨੂੰ ਮੁਹੱਬਤ ਕਰਨ ਵਾਲੇ ਦੋਸਤੋ, ਇਸ ਸ਼ਾਹਕਾਰ ਪੁਸਤਕ ਵਿਚ ਬਹੁਤ ਕੁਝ ਹੋਰ ਤੁਹਾਡੇ ਪੜ੍ਹਨ ਅਤੇ ਮਾਣਨ ਵਾਲਾ ਹੈ!! ਮੈਨੂੰ ਆਸ ਹੀ ਨਹੀਂ, ਬਲਕਿ, ਉਮੀਦ ਵੀ ਹੈ ਕਿ ਸਾਡੇ ਸਭ ਦੇ ਅਜ਼ੀਜ਼ ਕਵਿੰਦਰ ਚਾਂਦ ਇੰਜ ਹੀ ਪੰਜਾਬੀ ਸਾਹਿਤ ਅਤੇ ਪੰਜਾਬੀਅਤ ਨੂੰ ਆਪਣੀ ਸ਼ਾਇਰੀ ਨਾਲ ਮਹਿਕਾਉਂਦੇ ਰਹਿਣਗੇ ਅਤੇ ਮੁਹੱਬਤੀ ਚਾਨਣ ਨਾਲ ਰੁਸ਼ਨਾਉਂਦੇ ਵੀ ਰਹਿਣਗੇ। ਅਗਲੇ ਅਤੇ ਅਗਲੇਰੇ ਸਾਹਿਤਕ ਪੈਂਡਿਆਂ 'ਤੇ ਚੱਲਦਿਆਂ ਨਵੀਆਂ ਮੰਜ਼ਿਲਾਂ ਨੂੰ ਸਰ ਕਰਨ ਲਈ ਮੇਰੇ ਵੱਲੋਂ ਸ਼ੁੱਭ ਕਾਮਨਾਵਾਂ!!

ਭੁੱਲ ਚੁੱਕ ਦੀ 'ਮੁਆਫ਼ੀ'
ਜ਼ਿੰਦਗੀ ਜ਼ਿੰਦਾਬਾਦ।

# ਗੀਤਕਾਰੀ ਵਿਚ ਸਾਉਣ ਮਹੀਨੇ 'ਤੇ ਕਲਮ ਚਲਾਉਣ ਵਾਲਾ ਮਹਾਨ ਗੀਤਕਾਰ ਗਾਇਕ ਦੀਦਾਰ ਸੰਧੂ

ਮਹਾਨ ਗੀਤਕਾਰ ਗਾਇਕ ਦੀਦਾਰ ਸੰਧੂ ਜੀ ਕੋਲ ਅਖਾਣ ਮੁਹਾਵਰਿਆਂ ਦਾ ਵੱਡਮੁੱਲਾ ਖਜ਼ਾਨਾ ਸੀ। ਉਸ ਨੇ ਆਪਣੇ ਗੀਤਾਂ ਵਿਚ ਇਨ੍ਹਾਂ ਦਾ ਖੁੱਲ੍ਹ ਕੇ ਜ਼ਿਕਰ ਕੀਤਾ। ਸ਼ਬਦ ਵੀ ਪਤਾ ਨਹੀਂ ਕਿੱਥੋਂ ਲੱਭ ਲਿਆ ਕੇ ਆਪਣੇ ਗੀਤਾਂ ਵਿਚ ਫਿਟ ਕਰ ਦਿੰਦਾ ਸੀ। ਇਹ ਖੁੱਲ੍ਹਦਿੱਲੀ ਇਨਸਾਨ ਨੇ ਗੀਤਕਾਰੀ ਅਤੇ ਗਾਇਕੀ ਵਿਚ ਪ੍ਰਫੁੱਲਤ ਹੋਣ ਦੇ ਨਾਲ-ਨਾਲ ਅੰਤਿਮ ਸਮੇਂ ਤੱਕ ਯਾਨੀ ਤੇਰ੍ਹਾਂ ਸਾਲ ਸਰਬਸੰਮਤੀ ਨਾਲ ਪਿੰਡ ਦੀ ਸਰਪੰਚੀ ਦਾ ਆਨੰਦ ਵੀ ਮਾਣਿਆਂ। ਦੀਦਾਰ ਸੰਧੂ ਦੇ ਅਖਾੜਿਆਂ ਦਾ ਆਨੰਦ ਭਾਵੇਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਆਦਿ ਦੇ ਲੋਕਾਂ ਨੇ ਰੱਜ ਕੇ ਮਾਣਿਆ। ਪਰ ਇਹ ਗਾਇਕ ਸਾਡੇ ਇਲਾਕੇ ਦਾ ਹੋਣ ਕਰਕੇ ਸਾਨੂੰ ਉਸ ਉੱਤੇ ਬਹੁਤ ਮਾਣ ਸੀ, ਸਾਡੇ ਇਲਾਕੇ ਦੀ ਗਾਇਕੀ ਰਾਹੀਂ ਉਸ ਨੇ ਰੱਜ ਕੇ ਸੇਵਾ ਕੀਤੀ। ਸਾਡੇ ਪਿੰਡ ਨਾਲ ਉਸ ਦਾ ਬਹੁਤ ਜ਼ਿਆਦਾ ਪ੍ਰੇਮ ਸੀ ਕਿਉਂਕਿ ਉਸਦਾ ਨਜ਼ਦੀਕੀ ਮਿੱਤਰ ਕੁੰਦਣ ਕਪੂਰੇ ਦਾ ਸਾਡੇ ਪਿੰਡ ਮੁੱਲ੍ਹਾਂਪੁਰ ਦਾ ਸੀ। ਦੀਦਾਰ ਨੂੰ ਸਾਡੇ ਕੋਲੋਂ ਗਿਆਂ ਭਾਵੇਂ ਲਗਭਗ ਚੌਂਤੀ ਕੁ ਸਾਲ ਹੋ ਗਏ ਹਨ ਪਰ ਅੱਜ ਵੀ ਉਸ ਨੂੰ ਉਸ ਦੀ ਗੀਤਕਾਰੀ, ਗਾਇਕੀ ਅਤੇ ਇਨਸਾਨੀ ਗੁਣਾਂ ਕਰਕੇ ਉਸੇ ਤਰ੍ਹਾਂ ਹੀ ਯਾਦ ਕੀਤਾ ਜਾਂਦਾ ਹੈ।

ਦੀਦਾਰ ਸੰਧੂ ਨੂੰ ਸਾਉਣ ਦਾ ਮਹੀਨਾ ਬਹੁਤ ਵਧੀਆ ਲੱਗਦਾ ਸੀ। ਉਸ ਨੇ ਅਸਮਾਨ ਵਿਚ ਛਾਈਆਂ ਘਨਘੋਰ ਘਟਾਵਾਂ ਦਾ ਜ਼ਿਕਰ, ਬਿਜਲੀ ਲਿਸ਼ਕਦੀ, ਬੱਦਲਾਂ ਵਿਚੋਂ ਡਿੱਗਦੀ ਮਿੰਨੀ-ਮਿੰਨੀ ਭੂਰ ਦਾ ਜ਼ਿਕਰ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ। ਸਾਉਣ ਮਹੀਨਾ ਚੱਲ ਰਿਹਾ ਹੈ ਉਸ ਨੂੰ ਯਾਦ ਕਰਦਿਆਂ ਉਸ ਦੀ ਸਾਉਣ ਮਹੀਨੇ 'ਤੇ ਚੱਲੀ ਕਲਮ ਦਾ ਜ਼ਿਕਰ ਇਸ ਤਰ੍ਹਾਂ ਹੈ:-

ਚੜ੍ਹ ਗਿਆ ਮਹੀਨਾਂ ਸਾਉਣ ਕੁੜੇ
ਸੀਨੇ ਵਿਚ ਵੱਜ ਕੇ ਪੌਣ ਕੁੜੇ
ਮੇਰੀ ਜਾਨ ਵਲੂੰਧਰ ਧਰ ਗਈ
ਤੂੰ ਗੋਰੀ ਚਿੱਟੀ ਗਰਦਨ ਨੂੰ
ਜਦ ਮੋੜ ਗਲੀ ਵਿਚ ਵੜ ਗਈ।

.........

ਜਦ ਸਾਉਣ ਮਹੀਨਾ ਚੜ੍ਹ ਜਾਂਦਾ
ਮਸਤੀ ਨਾਲ ਅੰਬਰ ਭਰ ਜਾਂਦਾ
ਇੱਕ ਹਾਣੀ ਕਹਿੰਦਾ ਹਾਨਣ ਨੂੰ ਬੱਟੀ ਲੂ




............

ਇੱਕ ਸਾਗਰ ਕਾਲੇ ਬੱਦਲਾਂ ਦਾ
ਵਿੱਚ ਬਗਲਾ ਚੁੱਬੀਆਂ ਮਾਰ ਰਿਹਾ
ਇੱਕ ਤੇਰੇ ਵਰਗੀ ਬਿਜਲੀ ਦਾ ਹੋ
ਬਦਲਾਂ ਨਾਲ ਤਕਰਾਰ ਰਿਹਾ
ਲਿੱਸੋ ਲਿੱਸ ਬੱਦਲ ਵਰ੍ਹ ਜਾਂਦਾ
ਜਦ ਧਰਤੀ ਦੀ ਕੁੱਖ ਭਰ ਜਾਂਦਾ
ਇੱਕ ਹਾਣੀ ਕਹਿੰਦਾ ਹਾਨਣ ਨੂੰ ਬੱਟੀ ਲੂ

...........

ਸਾਉਣ ਦੇ ਮਹੀਨੇ ਹੁੰਦੀ ਮਾਰ ਬੱਲੀਏ
ਸੁੱਤਾ ਪਿਆ ਜਾਗਦਾ ਪਿਆਰ ਬੱਲੀਏ

...........

ਨਿੱਕੀ ਨਿੱਕੀ ਬਦਲਾਂ ਦੀ ਭੂਰ ਵਿਚ ਦੀ
ਰੱਬ ਦੇ ਨਜ਼ਾਰਿਆ ਦੇ ਨੂਰ ਵਿਚ ਦੀ
ਪਹਿਲੀ ਗੱਡੀ ਚੜ੍ਹ ਜਾਣ ਵਾਸਤੇ ਦੀਦਾਰ
ਜਾਊ ਰੁੱਸੇ ਹੋਏ ਪ੍ਰਾਉਣਿਆਂ ਵਾਲੀ ਚਾਲ

...........

ਸਾਉਣ ਦਾ ਮਹੀਨਾ ਆਇਆ
ਤੀਆਂ ਦਾ ਤਿਉਹਾਰ ਚੰਨਾ
ਬੋਲੀ ਪਾਈ ਤੂੰ ਡੋਲੇ ਨੂੰ ਹੱਥ ਪਾ ਕੇ ਮਿੱਤਰਾਂ
ਮੈਂ ਵੀ ਨੱਚੂਗੀ ਅੱਡੀ ਨੂੰ ਥੁਕ ਲਾ ਕੇ ਮਿੱਤਰਾ




ਸੁਖਵਿੰਦਰ ਸਿੰਘ ਮੁੱਲਾਂਪੁਰ
ਕੈਲਪੁਰ ਰੋਡ (ਮੁੱਲਾਂਪੁਰ ਦਾਖਾ)
+61 461 530 169
ਪੰਜਾਬ ਮੇਲ USA


..........

ਸਾਉਣ ਮਹੀਨੇ ਜਿਵੇਂ ਤੂਤ ਦੀ ਲਗਰ ਤੋੜ ਕੇ ਲਿਆਂਦੀ

..........

ਸਾਉਣ ਮਹੀਨਾ ਮਸਤੀ ਭਰਿਆ ਹਵਾ ਫਰਾਟੇ ਮਾਰੇ

..........

ਅਸੀਂ ਸੌਣ ਮਹੀਨੇ ਵਰਗੇ ਲੋਕੀ ਧੁਪਾਂ ਹਾੜ ਦੀਆਂ

..........

ਜਦੋਂ ਤਾਹਨੇ ਮਾਰ ਜਗਾਉਣ ਨੀ ਝੜੀਆ ਸਾਉਣ ਦੀਆਂ
ਕਦੋਂ ਕਮਲੀਏ ਹੁੰਦੀਆਂ ਰੁੱਤਾਂ
ਰੂਪ ਗਵਾਉਣ ਦੀਆਂ
ਮੈਨੂੰ ਟਿਕਣ ਨਾ ਦਿੰਦੀ ਇਹ ਬਦਲਾਂ ਦੀ ਭੂਰ ਗੋਰੀਏ ਨੀ
ਅਸੀਂ ਹਜੇ ਰੰਗਰੂਟ ਬੜੇ ਮਜਬੂਰ
ਗੋਰੀਏ ਨੀ।

.........

ਬਿਨ ਬਦਲੋਂ ਵਰਸਾਤ ਵਾਂਗਰਾਂ ਜਦੋਂ ਤੂੰ ਵਰ੍ਹ ਪੈਂਦੀ ਨੀ ਮੈਂ ਕੀਹਨੂੰ ਦੱਸਾਂ

..........

ਤੂੰ ਬਿਜਲੀ ਵਾਂਗੂੰ ਗਰਜ਼ੀ ਨਾ
ਤੂੰ ਬੱਦਲ ਵਾਂਗੂੰ ਵਰ੍ਹ ਜਾਈ ਨਾ
ਜਿਹੜਾ ਝੜੀਆਂ ਲਾਉਂਦਾ ਨੀ
ਇਹ ਕਿਹੜਾ ਅਲਜ਼ਬਰਾ ਜਿਹੜਾ ਮੈਨੂੰ ਆਉਂਦਾ ਨਈ

..........

ਸੁਣ ਮਿੱਤਰਾ ਵੇ ਸੁਣ ਸੁਣ ਮਿੱਤਰਾ
ਕਾਲੇ ਬੋਲੇ ਬੱਦਲਾਂ ਦੇ ਗੁਣ ਮਿੱਤਰਾਂ
ਚੰਦਰੀ ਜਵਾਨੀ ਘੂਰੀ ਵੱਟ ਕੇ ਖਲੋਤੀ
ਇਹਨੂੰ ਆਣ ਕੇ ਕਿਵੇਂ ਨਾ ਕਿਵੇਂ ਟਾਲ
ਜਿੰਦ ਮੇਰੀ ਤਾਂ ਬਚਦੀ ਲੈ ਚੱਲ ਮੁੰਡਿਆ ਵੇ ਨਾਲ

...........

ਚੰਨ ਬਦਲੀ ਵਿਚ ਆ ਗਿਆ ਹਾਨਣੇ ਦਿਸਣੋਂ ਹੱਟ ਗਏ ਤਾਰੇ
ਜਲ ਤੇ ਫੁੱਲ ਤਰਦਾ ਚੱਕ ਲੈ ਪਤਲੀਏ ਨਾਰੇ

..........

ਔਹ ਲਹਿੰਦੇ ਬੰਨੇ ਬੱਦਲ ਸਣੇ ਪਾਣੀ ਮੱਚੀ ਜਾਵਣ
ਉਹਨਾਂ ਦਾ ਸੂਰਜ ਡੁੱਬਾ ਮੇਰੇ ਹਾਣੀ ਮੱਚੀ ਜਾਵਣ
ਦੋਵਾਂ ਨੂੰ ਇਕੱਠੇ ਬਹਿ ਕੇ ਧੀਰਜ ਬੰਨ੍ਹਣਾ ਪੈਣਾ ਏ
ਤੇਰਾ ਭਾਣਾ ਮਿੱਠਾ ਕਰਕੇ ਮੰਨਣਾ ਪੈਣਾ ਏ

.....

ਚੰਨ ਹੋ ਬੱਦਲੀ ਦੇ ਉਹਲੇ ਕੰਨੀਆਂ ਨੂੰ ਇੰਝ ਰੁਸ਼ਨਾਵੇ
ਕੋਈ ਗੋਟੇ ਵਾਲੀ ਚੁੰਨੀ ਅੰਬਰ ਤੇ ਸੁੱਟ ਸੁਕਾਵੇ
ਇਹ ਚਾਨਣ ਵਰਗਾ ਰਿਸ਼ਤਾ ਜੱਗ ਤੋਂ ਕਿਵੇਂ ਲਕੋਵੇਂਗਾ

..........

ਦੀਦਾਰ ਸੰਧੂ ਦੇ ਲਿਖੇ ਗੀਤ, ਰਮੇਸ਼ ਰੰਗੀਲਾ ਅਤੇ ਸੁਰਿੰਦਰ ਕੌਰ ਦੀ ਆਵਾਜ਼ ਵਿਚ........

ਪੀਂਘ ਸਾਮ੍ਹਣੇ ਪਿੱਪਲ 'ਤੇ ਪਾਈ ਨੀ
ਕਾਲੀ ਬਦਲੀ ਅੰਬਰ 'ਤੇ ਛਾਈ ਨੀ
ਕੀਤਾ ਕੰਧ ਤੋਂ ਦੀ ਵਾਰ, ਮੈਥੋਂ ਹੋਇਆ ਨਾ ਸਹਾਰ
ਝਾਤੀ ਮਾਰੀ ਮੈਂ ਥੜੀ ਦੇ ਉੱਤੇ ਖੜ੍ਹਕੇ

............

ਸੁੱਤੀ ਪਈ 'ਤੇ ਪੈ ਗਈਆਂ ਕਣੀਆਂ ਮੀਂਹ ਵਿਚ ਗਈ ਸਲਾਬੀ
ਵੇ ਮੈਨੂੰ ਛੇੜੀ ਨਾ ਤੇਰੀ ਕਾਗਜ਼ ਵਰਗੀ ਭਾਬੀ

# ਪੰਜਾਬ ਮਾਡਲ: ਕਿਰਤ ਕਰੋ, ਵੰਡ ਛਕੋ, ਨਾਮ ਜਪੋ

ਬੀਤੇ ਦਿਨੀਂ 'ਪੰਜਾਬ ਟੈਲੀਵਿਜ਼ਨ' 'ਤੇ ਇਕ ਪ੍ਰੋਗਰਾਮ ਵੇਖ ਰਿਹਾ ਸਾਂ। ਗੱਲ ਪੰਜਾਬ ਮਾਡਲ ਦੀ ਚੱਲ ਰਹੀ ਸੀ। ਪੰਜਾਬ ਮਾਡਲ ਸਿੱਖ ਫ਼ਿਲਾਸਫੀ ਨਾਲ ਸੰਬੰਧਤ ਹੈ। 'ਕਿਰਤ ਕਰੋ, ਵੰਡ ਛਕੋ, ਨਾਮ ਜਪੋ।' ਅਰਥਾਤ ਇਮਾਨਦਾਰੀ ਨਾਲ ਕੰਮ ਕਰੋ, ਆਪਣੀ ਕਮਾਈ ਦਾ ਦਸਵੰਦ ਕੱਢੋ ਅਤੇ ਪ੍ਰਮਾਤਮਾ ਨਾਲ ਜੁੜਨ ਲਈ ਧਿਆਨ ਲਗਾਓ। ਸਿੱਖ ਫ਼ਿਲਾਸਫੀ ਅਨੁਸਾਰ ਸਾਨੂੰ ਉਦੇਸ਼ਪੂਰਨ ਜੀਵਨ ਜਿਊਣਾ ਚਾਹੀਦਾ ਹੈ। ਸਮਾਜ ਲਈ, ਲੋਕਾਂ ਲਈ ਕੁਝ ਨਾ ਕੁਝ ਕਰਦੇ ਰਹਿਣਾ ਚਾਹੀਦਾ ਹੈ। ਨਿਮਰਤਾ ਧਾਰਨ ਕਰਨੀ ਚਾਹੀਦੀ ਹੈ।

ਕਿਰਤ ਕਰਨ ਨਾਲ ਹੀ ਅਸੀਂ ਆਤਮ-ਨਿਰਭਰ ਅਤੇ ਅਰਥ-ਭਰਪੂਰ ਜੀਵਨ ਬਸਰ ਕਰ ਸਕਦੇ ਹਾਂ। ਲੋੜਵੰਦਾਂ ਦੀ ਮਦਦ ਕਰਨ ਨਾਲ ਭਾਈਚਾਰੇ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਨਿਰਸੁਆਰਥ ਸੇਵਾਵਾਂ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਮੈਡੀਟੇਸ਼ਨ ਅਤੇ ਪ੍ਰਾਰਥਨਾ ਦੁਆਰਾ ਪ੍ਰਮਾਤਮਾ ਨਾਲ ਲਿਵ ਜੋੜ ਕੇ ਮਨ ਨੂੰ ਥਿਰ ਰੱਖਣ ਵਿਚ ਮਦਦ ਮਿਲਦੀ ਹੈ।

ਗੁਰੂ ਨਾਨਕ ਫ਼ਿਲਾਸਮੀ ਦੇ ਇਨ੍ਹਾਂ ਮੂਲ ਸਿਧਾਂਤਾਂ 'ਤੇ ਚੱਲ ਕੇ ਹੀ ਸਾਰਥਕ ਜੀਵਨ ਜੀਵਿਆ ਜਾ ਸਕਦਾ ਹੈ। ਇਹ ਸਿੱਖੀ ਦੇ ਤਿੰਨ ਥੰਮ੍ਹ ਹਨ ਅਤੇ ਅਸਲ ਵਿਚ ਇਹੀ ਪੰਜਾਬ ਮਾਡਲ ਹੈ, ਜਿਸਨੂੰ ਸਾਰੀਆਂ ਧਿਰਾਂ ਭੁੱਲਦੀਆਂ ਜਾ ਰਹੀਆਂ ਹਨ। ਇਹ ਤਿੰਨ ਸਿਧਾਂਤ ਆਪਸ ਵਿਚ ਅੰਤਰ-ਸੰਬੰਧਤ ਹਨ ਅਤੇ ਸੰਤੁਲਿਤ ਤੇ ਅਰਥ-ਭਰਪੂਰ ਜੀਵਨ ਦੀ ਬੁਨਿਆਦ ਬਣਦੇ ਹਨ।

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਉਪਜਾਊ ਧਰਤੀ,






ਅਮੀਰ ਸੱਭਿਆਚਾਰ, ਭੂਗੋਲਿਕ ਖੂਬਸੂਰਤੀ ਅਤੇ ਮਿਲਾਪੜਾ ਤੇ ਮਿਹਨਤੀ ਸੁਭਾਅ ਇਸਦੀਆਂ ਮੁੱਖ ਵਿਸ਼ੇਸ਼ਤਾਵਾਂ ਰਹੀਆਂ ਹਨ। ਸਮੇਂ ਨਾਲ ਇਹ ਵਿਸ਼ੇਸ਼ਤਾਵਾਂ ਇਸ ਤੋਂ ਖੁਸ ਰਹੀਆਂ ਹਨ। ਪੰਜਾਬ ਨੂੰ ਵਾਪਸ ਇਸ ਮਾਡਲ, ਇਨ੍ਹਾਂ ਵਿਸ਼ੇਸ਼ਤਾਵਾਂ 'ਤੇ ਆਉਣ ਦੀ, ਲਿਆਉਣ ਦੀ ਲੋੜ ਹੈ।

ਪਾਠਕ ਹੈਰਾਨ ਹੋਣਗੇ ਕਿ ਪੰਜਾਬ ਨੂੰ ਕਦੇ 'ਟੱਕ ਦੇਸ਼', ਕਦੇ 'ਸਮਤ ਸਿੰਧੂ', ਕਦੇ 'ਪੰਚਨਦ' ਕਦੇ 'ਪੈਂਟਾਪੋਟਾਮੀਆ', ਕਦੇ 'ਲਾਹੌਰ ਸੂਬਾ' ਅਤੇ ਕਦੇ 'ਪੰਜਾਬ ਪ੍ਰਾਂਤ' ਕਿਹਾ ਜਾਂਦਾ ਸੀ।

ਸਿਆਸੀ, ਸਮਾਜਿਕ, ਸੱਭਿਆਚਾਰਕ, ਧਾਰਮਿਕ ਤੇ ਆਰਥਿਕ ਪ੍ਰਭਾਵਾਂ ਨੇ ਇਸ ਖਿੱਤੇ ਦੇ ਮੂੰਹ-ਮੁਹਾਂਦਰੇ ਨੂੰ ਵੱਡੀ ਪੱਧਰ 'ਤੇ ਪ੍ਰਭਾਵਤ ਕੀਤਾ। ਇਹ ਆਕਾਰ ਪੱਖੋਂ ਹੀ ਨਹੀਂ ਸੁੰਗੜਿਆ, ਸੋਚ ਤੇ ਸੁਭਾਅ ਪੱਖੋਂ ਵੀ ਬਦਲ ਗਿਆ ਹੈ, ਬਦਲ ਰਿਹਾ ਹੈ। ਬਦਲ ਗਏ, ਬਦਲ ਰਹੇ ਪੰਜਾਬ ਨੂੰ ਮੁੜ ਗੁਰੂਆਂ ਦੇ ਮਾਡਲ ਨਾਲ ਜੋੜਨ ਦੀ ਲੋੜ ਹੈ।

## ਵਿਊ ਪੁਆਇੰਟ

ਵਿਸ਼ਵ ਪੱਧਰ 'ਤੇ ਨਜ਼ਰ ਮਾਰੀਏ, ਤਾਂ ਪੰਜਾਬੀ ਚੈਨਲਾਂ ਦੇ ਕੁਝ ਪ੍ਰੋਗਰਾਮ ਅਜਿਹੇ ਹਨ, ਜਿਨ੍ਹਾਂ ਨੂੰ ਸੂਝਵਾਨ ਦਰਸ਼ਕ ਉਚੇਚ ਨਾਲ ਵੇਖਦੇ ਸੁਣਦੇ ਹਨ। ਜਿਨ੍ਹਾਂ ਤਹਿਤ




ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA


ਅਜੋਕੇ ਸਮਿਆਂ ਦੀ ਸੰਤੁਲਿਤ ਤੇ ਮਿਆਰੀ ਗੱਲਬਾਤ ਹੁੰਦੀ ਹੈ। 'ਵਿਊ ਪੁਆਇੰਟ' ਉਨ੍ਹਾਂ ਵਿਚੋਂ ਇਕ ਹੈ।

ਲਗਾਤਾਰ ਸਾਲਾਂ ਤੋਂ ਸਖ਼ਤ ਮਿਹਨਤ ਨੇ ਜਿੱਥੇ ਟੈਲੀਵਿਜ਼ਨ ਪ੍ਰੋਗਰਾਮ 'ਵਿਊ ਪੁਆਇੰਟ' ਨੂੰ ਮਿਆਰੀ ਬਣਾਇਆ ਹੈ, ਉਥੇ ਚਰਚਿਤ ਵੀ ਕਰ ਦਿੱਤਾ ਹੈ। ਵੱਖ-ਵੱਖ ਖੇਤਰਾਂ ਦੀਆਂ ਪਹਿਲੀ ਕਤਾਰ ਦੀਆਂ ਸ਼ਖ਼ਸੀਅਤਾਂ ਇਸ ਪ੍ਰੋਗਰਾਮ ਵਿਚ ਸ਼ਿਰਕਤ ਕਰਦੀਆਂ ਹਨ। ਚਾਹੇ ਕੋਈ ਚਲੰਤ ਮਾਮਲਾ ਹੋਵੇ ਤੇ ਚਾਹੇ ਵਿਸ਼ੇਸ਼ ਮੁਲਾਕਾਤ, ਸਵਾਲਾਂ ਦੀ ਚੋਣ, ਪ੍ਰੋਗਰਾਮ ਦੀ ਗਹਿਰਾਈ ਤੇ ਮਿਆਰ ਨੂੰ ਹਮੇਸ਼ਾ ਤਰਜੀਹ ਦਿੱਤੀ ਜਾਂਦੀ ਹੈ, ਬਰਕਰਾਰ ਰੱਖਿਆ ਜਾ ਸਕਦਾ ਹੈ।

ਕੇ.ਪੀ. ਸਿੰਘ ਇਸ ਪ੍ਰੋਗਰਾਮ ਦੇ ਐਂਕਰ ਹਨ। ਪੂਰੀ ਤਿਆਰੀ ਨਾਲ ਆਉਂਦੇ ਹਨ। ਪੰਜਾਬ ਸਿਆਸਤ ਦੀ, ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੀ, ਅਕਾਲੀ ਦਲ ਦੀ ਅੰਦਰੂਨੀ ਸਿਆਸਤ ਦੀ ਕੇ.ਪੀ. ਸਿੰਘ ਨੂੰ ਬਾਰੀਕ ਸਮਝ ਹੈ। ਉਹ ਜਿਸ ਵੀ ਵਿਸ਼ੇ 'ਤੇ ਗੱਲ ਕਰਦੇ ਹਨ, ਜਿਸ ਵੀ ਸ਼ਖ਼ਸੀਅਤ ਨਾਲ ਇੰਟਰਵਿਊ ਕਰਦੇ ਹਨ, ਉਸ ਬਾਰੇ ਪਹਿਲਾਂ ਵਿਸਥਾਰ ਵਿਚ ਜਾਣਕਾਰੀ ਇਕੱਤਰ ਕਰਦੇ ਹਨ। ਵਾਹਵਾ ਸਾਰਾ 'ਹੋਮ ਵਰਕ' ਕਰਦੇ ਹਨ। ਅਧਿਐਨ ਕਰਦੇ ਹਨ। ਵਿਚਾਰ-ਵਟਾਂਦਰਾ ਕਰਦੇ ਹਨ। ਤਦ ਪ੍ਰੋਗਰਾਮ ਦੀ, ਇੰਟਰਵਿਊ ਦੀ ਰੂਪ-ਰੇਖਾ ਤਿਆਰ ਹੁੰਦੀ ਹੈ। ਖ਼ਾਕਾ ਬਣਦਾ ਹੈ। ਮਨ ਵਿਚ ਸਵਾਲ ਉੱਭਰਦੇ ਹਨ।

ਜਦ ਉਨ੍ਹਾਂ ਮੇਰੇ ਨਾਲ ਮੇਰੀ ਸਵੈ-ਜੀਵਨੀ 'ਮੀਡੀਆ ਆਲੋਚਕ ਦੀ ਆਤਮਕਥਾ' ਸੰਬੰਧੀ ਲੰਮੀ ਇੰਟਰਵਿਊ ਕੀਤੀ ਤਾਂ ਪਹਿਲਾਂ ਉਸਦਾ ਅੱਖਰ-ਅੱਖਰ ਪੜ੍ਹਿਆ। ਹਰੇਕ ਮਹੱਤਵਪੂਰਨ ਪਹਿਲੂ ਨੂੰ ਸਵਾਲਾਂ ਦੇ ਘੇਰੇ ਅੰਦਰ ਲਿਆਂਦਾ ਅਤੇ ਇੰਟਰਵਿਊ ਆਕਰਸ਼ਕ ਤੇ ਪ੍ਰਭਾਵਸ਼ਾਲੀ ਰਹੀ।

ਉਨ੍ਹਾਂ ਦੀ ਹਾਜ਼ਰ-ਦਿਮਾਗੀ, ਉਨ੍ਹਾਂ ਦਾ ਵਰਤਮਾਨ ਪਲਾਂ ਵਿਚ ਮੌਜੂਦ ਹੋਣ, ਪ੍ਰੋਗਰਾਮ 'ਚ ਸ਼ਾਮਲ ਸ਼ਖ਼ਸੀਅਤ ਵਿਚ ਪੂਰੀ ਦਿਲਚਸਪੀ ਲੈਣ ਵਰਗੇ ਗੁਣ ਉਨ੍ਹਾਂ ਦੇ ਪ੍ਰੋਗਰਾਮ ਨੂੰ ਚਾਰ-ਚੰਨ੍ਹ ਲਾ ਦਿੰਦੇ ਹਨ। ਇੰਟਰਵਿਊ ਲਈ ਉਹ ਰਸਮੀ ਜਿਹੇ ਸਵਾਲ ਨਹੀਂ ਕਰਦੇ, ਅੱਧੇ-ਅਧੂਰੇ ਮਨ ਨਾਲ ਨਹੀਂ ਬੈਠਦੇ, ਉਹ ਪੂਰੇ ਦੇ ਪੂਰੇ ਸਾਰੇ ਦੇ ਸਾਰੇ ਹਾਜ਼ਰ ਹੁੰਦੇ ਹਨ। ਹਾਜ਼ਰ ਹਸਤਾਖ਼ਰ ਦੀ ਸ਼ਖ਼ਸੀਅਤ ਦੇ ਜੁਦਾ-ਜੁਦਾ ਪਹਿਲੂ ਦਰਸ਼ਕਾਂ ਸਨਮੁੱਖ ਉਭਾਰ ਕੇ ਰੱਖ ਦਿੰਦੇ ਹਨ। ਇਸੇ ਵਿਚ ਬਤੌਰ ਐਂਕਰ ਉਨ੍ਹਾਂ ਦੀ ਸਫ਼ਲਤਾ ਹੈ। ਸਤਿਕਾਰ ਵੀ ਕਰਦੇ ਹਨ, ਲਿਹਾਜ਼ ਵੀ ਨਹੀਂ ਕਰਦੇ। ਮਹਿਮਾਨ ਨੂੰ ਗੱਲ ਕਹਿਣ ਦਾ ਪੂਰਾ ਮੌਕਾ ਦਿੰਦੇ ਹਨ ਪਰ ਬਤੌਰ ਐਂਕਰ ਆਪਣਾ ਕੋਈ ਮੌਕਾ ਵੀ ਨਹੀਂ ਛੱਡਦੇ।

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
ਪੰਜਾਬ ਮੇਲ USA



# ਡਾਂਸ, ਸੱਭਿਆਚਾਰ, ਫੂਡ ਦਾ ਮਜ਼ਾ ਲਵੋ ਗਲੋਬਲ ਵਿਲੇਜ ਦੁਬਈ ਅੰਦਰ

## ਟੋਰਾਂਟੋ ਤੋਂ ਦੁਬਈ ਦੂਰ

ਪਿਛਲੇ ਹਫਤੇ ਅਸੀਂ ਦੁਬਈ ਦੇ ਗਲੋਬਲ ਵਿਲੇਜ ਅੰਦਰ ਵੱਖ-ਵੱਖ ਦੇਸ਼ਾਂ ਦੇ ਪਵੇਲੀਅਨਾਂ ਬਾਰੇ ਚਰਚਾ ਕੀਤੀ ਸੀ। ਅੱਜ ਅਸੀਂ ਗਲੋਬਲ ਵਿਲੇਜ ਦੁਬਈ ਅੰਦਰ ਖਲੀਫਾ ਫਾਊਂਡੇਸ਼ਨ, ਬਾਕੀ ਮੁਲਕਾਂ ਇਰਾਨ, ਸੀਰੀਆ, ਲੇਬਨਾਨ, ਰੂਸ, ਸਾਊਦੀ ਅਰਬ, ਥਾਈਲੈਂਡ ਅਤੇ ਯੂਰਪ ਦੇ ਸੱਭਿਆਚਾਰ 'ਤੇ ਉਥੇ ਦੀ ਜ਼ਿੰਦਗੀ ਬਾਰੇ ਜਾਣਕਾਰੀ ਦੇ ਰਹੇ ਹਾਂ।

### ਝਲਕੀਆਂ ਗਲੋਬਲ ਵਿਲੇਜ ਦੁਬਈ ਦੇ ਅੰਦਰ ਦੀਆਂ:

- ਸਮਾਜਿਕ ਮਾਮਲਿਆਂ ਦੇ ਮੰਤਰਾਲੇ ਦੁਆਰਾ ਸੰਚਾਲਿਤ, ਕਮਿਊਨਿਟੀ ਪਵੇਲੀਅਨ ਤੋਂ 971. ਅਜਿਹੀ ਥਾਂ ਹੈ, ਜਿੱਥੇ ਤੁਸੀਂ ਆਪਣੀਆਂ ਸਾਰੀਆਂ ਘਰੇਲੂ ਅਤੇ ਸਥਾਨਕ ਤੌਰ 'ਤੇ ਤਿਆਰ ਕੀਤੀਆਂ ਵਸਤਾਂ ਪ੍ਰਦਰਸ਼ਿਤ ਕਰਕੇ ਵੇਚ ਸਕਦੇ ਹੋ।
- ਖਲੀਫਾ ਫਾਊਂਡੇਸ਼ਨ ਪਵੇਲੀਅਨ ਅੰਦਰ ਖਾਸ ਤੌਰ 'ਤੇ ਨਸਲੀ ਅਮੀਰੀ ਕੱਪੜੇ, ਉਪਕਰਨ, ਪਰਫਿਊਮ ਅਤੇ ਘਰੇਲੂ ਉਪਕਰਨਾਂ ਬਾਰੇ ਜਾਣਕਾਰੀ ਮਿਲਦੀ ਹੈ। ਆਪਣਾ ਕਾਰੋਬਾਰ ਸ਼ੁਰੂ ਕਰਨ ਦੀ ਇੱਛਾ ਰੱਖਣ ਵਾਲੇ ਨੌਜਵਾਨ ਅਮੀਰਾਤ ਲਈ, ਖਲੀਫਾ ਬਿਨ ਜ਼ੈਦ ਅਲ ਨਾਹਯਾਨ ਫਾਊਂਡੇਸ਼ਨ ਦੁਆਰਾ ਚਲਾਇਆ ਜਾਂਦਾ ਹੈ।
- ਮਹਿਲਾਂ ਤੋਂ ਲੈ ਕੇ ਪੇਂਟਿੰਗਾਂ ਅਤੇ ਰਵਾਇਤੀ ਪੇਸਟਰੀਆਂ ਤੱਕ, ਇਰਾਨ ਪਵੇਲੀਅਨ ਦੇਸ਼ ਦੇ ਅਮੀਰ ਅਤੇ ਵੱਖ-ਵੱਖ ਅਤੀਤ ਫੈਬਰਿਕ ਦਾ ਪ੍ਰਮਾਣ ਹੈ।
- ਸੀਰੀਆ ਪਵੇਲੀਅਨ ਅੰਦਰ, ਇੱਕ ਅਮੀਰ ਸੱਭਿਅਤਾ, ਜਿਸਨੇ ਆਧੁਨਿਕ ਸੰਸਾਰ ਦੀ ਨੀਂਹ ਰੱਖੀ। ਇੱਥੇ ਦਮਿਸ਼ਕ ਦੇ ਕਿਲੇ, ਪਾਲਮਾਈਰਾ ਦੀ ਆਰਕੀਟੈਕਚਰ ਅਤੇ ਮਸ਼ਹੂਰ ਅਲ-ਆਜ਼ਮ ਮਹਿਲ ਦੀਆਂ ਕੰਧਾਂ ਦੇਖ ਕੇ ਹੈਰਾਨੀ ਹੁੰਦੀ ਹੈ।
- ਲੇਬਨਾਨ ਪਵੇਲੀਅਨ, ਜੋ ਸ਼ਾਨਦਾਰ ਆਰਕੀਟੈਕਚਰ, ਸਜਾਵਟੀ ਅਜਾਇਬ ਘਰ ਅਤੇ ਹਰੇ-ਭਰੇ ਬਗੀਚੇ, ਬੀਟੇਡਾਈਨ ਪੈਲੇਸ, ਵਗੈਰਾ ਨੂੰ ਮਾਹਰ ਕਾਰੀਗਰਾਂ ਅਤੇ ਰਵਾਇਤੀ ਸੰਗੀਤ, ਤੇ ਡਾਂਸ ਪ੍ਰਦਰਸ਼ਨਾਂ ਦਾ ਲਾਈਵ ਡੈਮੋ ਤੱਕ, ਲੈਵੈਂਟਾਈਨ ਪਕਵਾਨ ਤੋਂ ਲੈ ਕੇ ਲੇਬਨਾਨ ਦਾ ਅਮੀਰ ਇਤਿਹਾਸ ਅਤੇ ਸੱਭਿਆਚਾਰ ਬਾਰੇ ਪਤਾ ਲੱਗਦਾ ਹੈ।
- ਰੂਸ ਪਵੇਲੀਅਨ-ਇਜ਼ੇਵਸਕ 'ਚ ਮਿਖਾਈਲੋ-ਆਰਖੈਂਜਲ 'ਸਕੀ ਕਾਫੇਡਰਲ' ਨੀ ਸੋਬੋਰ ਪੈਲੇਸ ਦੀ ਸ਼ਾਨ, ਮਹਿਲ, ਟਾਵਰਾਂ ਦਾ ਇੱਕ ਸ਼ਾਨਦਾਰ ਕੰਪਲੈਕਸ, ਜੋ ਪੁਰਾਣੇ ਦਿਨਾਂ 'ਚ ਲੈਂਡਸਕੇਪ ਦਾ ਅਨਿੱਖੜਵਾਂ ਹਿੱਸਾ ਸੀ। ਇਹ ਢਾਂਚਾ ਕਰੀਬਨ 70 ਮੀਟਰ ਉੱਚਾ, ਪੰਜ ਸੁਨਹਿਰੀ ਗੁੰਬਦ, ਪ੍ਰੋਜੈਕਟ ਮੂਰਲਸ ਅਤੇ ਮੋਜ਼ੇਕ ਆਇਕਨਾਂ, ਕੰਧਾਂ ਅਤੇ ਛੱਤ ਇੱਕ ਨਾਟਕੀ ਕੈਨਵਸ ਹਨ, ਜਿਸ 'ਤੇ ਮੂਲ ਪੁਨਰਜਾਗਰਣ, ਉੱਚ ਬਾਰੋਕ ਅਤੇ ਰੋਕੋਕੋ-ਸ਼ੈਲੀ ਦੀਆਂ ਪੇਂਟਿੰਗਾਂ ਬਾਰੇ ਦਿਖਾਇਆ ਗਿਆ ਹੈ।
- ਸਾਊਦੀ ਅਰਬ ਪਵੇਲੀਅਨ ਅੰਦਰ ਆਰਕੀਟੈਕਚਰ, ਟੈਕਸਟਾਈਲ, ਚਮਕਦਾਰ ਚਾਂਦੀ ਸੋਨੇ ਦੇ ਗਹਿਣਿਆਂ ਤੋਂ ਲੈ ਕੇ ਮਸਾਲੇ, ਸ਼ਹਿਦ ਵਗੈਰਾ ਕਾਫੀ ਚੀਜ਼ਾਂ ਦੇਖਣ ਨੂੰ ਮਿਲਦੀਆਂ ਹਨ। ਇਹ ਇੱਕ ਯੂਨੈਸਕੋ ਵਿਸ਼ਵ ਵਿਰਾਸਤ ਸਾਈਟ 'ਤੇ ਜੇਹਾਦ ਦਾ ਜੀਵੰਤ ਕੋਰ, ਅਲ ਬਦਾਦ ਦਾ ਮਨਮੋਹਕ ਆਂਡ-ਗੁਆਂਢ ਪਵੇਲੀਅਨ ਲਈ ਅਜਾਇਬ ਦਾ ਕੰਮ ਕਰਦਾ ਹੈ।
- ਥਾਈਲੈਂਡ ਪਵੇਲੀਅਨ ਅੰਦਰ ਰਵਾਇਤੀ ਸਟ੍ਰੀਟ ਫੂਡ ਤੋਂ ਲੈ ਕੇ ਰੰਗੀਨ ਪਕਵਾਨਾਂ, ਸੱਭਿਆਚਾਰ, ਰੰਗਦਾਰ ਪਹਿਰਾਵਾ, ਰਵਾਇਤੀ ਸੰਗੀਤ, ਮਨੋਰੰਜਕ ਡਾਂਸ ਦਾ ਆਨੰਦ ਲੈ ਸਕਦੇ ਹੋ। ਚੜ੍ਹਨ ਲਈ ਪੌੜੀਆਂ, ਮਸ਼ਹੂਰ ਵਾਟ ਥਾਮ ਸੂਏ ਜਾਂ ਟਾਈਗਰ ਕੇਵ ਟੈਂਪਲ ਫੇਸਡ ਇੱਕ ਸ਼ਾਨਦਾਰ ਫੋਟੋ ਦੇ ਮਜ਼ੇ ਲੈਣ ਦਾ ਵੱਖਰਾ ਅਹਿਸਾਸ ਲੈ ਸਕਦੇ ਹੋ।



- ਯੂਰਪ ਪਵੇਲੀਅਨ ਅੰਦਰ ਆਈਫਲ ਟਾਵਰ, ਪੀਸਾ ਦੇ ਝੁੱਕੇ ਹੋਏ ਟਾਵਰ, ਰਾਇਲ ਕਰਾਊਨ, ਕਲਾਤਮਕ ਵਸਤਾਂ, ਫਲੋਰੈਂਸ ਦੇ ਪੁਨਰ ਜਾਗਰਣ ਆਰਕੀਟੈਚਰ ਬਾਰੇ ਜਾਣਕਾਰੀ ਮਿਲਦੀ ਹੈ। ਪਵੇਲੀਅਨ ਦਾ ਡਿਜ਼ਾਇਨ ਵਿਏਨਾ 'ਚ ਸ਼ੌਨਬ੍ਰੂਰਨ ਪੈਲੇਸ, ਹੈਪਸਬਰਗ ਰਾਜਵੰਸ਼ ਗਰਮੀਆਂ ਦੇ ਘਰ ਦੇ ਚਿਹਰੇ ਦੀ ਗੂੰਜ ਕਰਦਾ ਹੈ। ਇਸਦੇ 1441 ਕਮਰਿਆਂ 'ਤੇ ਤਿਨ ਸਦੀਆਂ ਦੀ ਸ਼ਾਹੀ ਜਾਣਕਾਰੀ ਮਿਲਦੀ ਹੈ।
- ਯਮਨ ਪਵੇਲੀਅਨ ਅੰਦਰ ਜਾ ਕੇ ਪੁਰਾਣੇ ਸ਼ਹਿਰ ਦੇ ਗੁੰਝਲਦਾਰ ਆਰਕੀਟੈਕਚਰ, ਯੇਮਨੀ ਪਕਵਾਨ, ਕਲਾਕਾਰਾਂ ਦੁਆਰਾ ਡਾਂਸ, ਸੰਗੀਤ ਅਤੇ ਜਨਾਬੀਆ, ਆਈਬੇਕਸ ਅਤੇ ਅਰਬੀ ਓਰੀਨ ਵਗੇ ਜੰਗਲੀ ਜੀਵਾਂ ਨੂੰ ਵਿਰਾਸਤੀ ਕਲਾਕਾਰਾਂ, ਸ਼ਿਲਪਕਾਰੀ ਨਾਲ ਸ਼ੋਬਿਤ ਕੀਤਾ ਹੋਇਆ ਹੈ।
- ਮਿਸਰ ਪਵੇਲੀਅਨ ਅੰਦਰ ਜਾਂਦੇ ਹੀ ਮਿਸਰ ਦੇ ਮਸ਼ਹੂਰ ਇਤਿਹਾਸਕ ਖਜ਼ਾਨਿਆਂ ਨੂੰ ਇੱਕ ਮਨਮੋਹਕ ਤਰੀਕੇ ਨਾਲ ਸੰਯੋਇਆ ਗਿਆ ਹੈ। ਇੱਥੇ ਸਬਿਲ ਸਮਾਰਕ, ਜੋ ਕਿ ਫੈਰੋਨਿਕ ਮੰਦਰਾਂ ਨੂੰ ਪ੍ਰਦਰਸ਼ਿਤ ਕਰਦਾ ਹੈ ਅਤੇ ਤੁਸੀਂ ਕਾਇਰੋ ਦੀ ਸਭ ਤੋਂ ਪੁਰਾਣੀ ਇਤਿਹਾਸਕ ਅਲ ਮੋਇਜ਼ ਸਟ੍ਰੀਟ ਦੇ ਨਾਲ ਸੈਰ ਕਰੋਗੇ। ਜਿੱਥੇ ਫਾਤਿਮ ਰਾਜਵੰਸ਼ ਦੇ ਦੌਰਾਨ 10ਵੀਂ ਸਦੀ 'ਚ ਇਸਦੀ ਸ਼ੁਰੂਆਤ ਦਾ ਪਤਾ ਲੱਗਦਾ ਹੈ। ਪਵੇਲੀਅਨ ਦੇ ਪ੍ਰਵੇਸ਼ ਦਰਵਾਜ਼ਿਆਂ ਦੇ ਦੋਵੇਂ ਪਾਸੇ ਉੱਚੇ ਫੈਰੋਨਿਕ ਕਾਲਮ ਫਰੇਮ, ਜੋ ਲਕਸੋਰ ਦੇ ਅਮੇਨਹੋਟੇਪ, 111 ਢਾਂਚੇ 'ਚ ਮਿਲੇ ਕੋਲੋਨੇਡਾ ਦੀ ਯਾਦ ਦਿਵਾਉਂਦਾ ਹੈ।
- ਮੋਰੱਕੋ ਰੰਗੀਨ ਪਵੇਲੀਅਨ ਜਿੱਥੇ ਜਿਓਮੈਟ੍ਰਿਕ ਆਰਕੀਟੈਕਚਰ ਅਤੇ ਫੁੱਲਾਂ ਦੇ ਨਾਲ ਸਜਾਇਆ ਮਸ਼ਹੂਰ ਬਾਬ ਅਲ ਮਨਸੂਰ ਗੇਟ ਦੀ ਪ੍ਰਤੀਰੂਪ ਅਤੇ ਇਤਿਹਾਸ, ਸੱਭਿਆਚਾਰ, ਰਵਾਇਤੀ ਮਨੋਰੰਜਨ, ਭੋਜਨ, ਦਸਤਕਾਰੀ, ਮੋਰੱਕੋ ਦੇ ਸ਼ੋਕ ਦੇ ਦ੍ਰਿਸ਼ਾਂ, ਆਵਾਜ਼ਾਂ ਅਤੇ ਮਹਿਕਾਂ ਦਾ ਅਹਿਸਾਸ ਹੁੰਦਾ ਹੈ।
- ਅਮੇਰੀਕਨ ਪਵੇਲੀਅਨ ਹਰ ਪਾਸੇ ਉੱਤਰੀ ਅਤੇ ਦੱਖਣੀ ਅਮਰੀਕਾ ਦੇ ਵਿਲੱਖਣ ਸੱਭਿਆਚਾਰ, ਮੈਕਸੀਕੋ ਦੇ ਟ੍ਰਾਇਫਲ ਆਰਚ ਵਿਚੋਂ ਲੰਘਣਾਂ, ਪ੍ਰਾਚੀਨ ਮਯਾਨ ਸ਼ਹਿਰ ਪੈਲੇਨਕੇ ਤੋਂ ਸਟੈਲੋ, ਤੇ ਸਟੈਚੂ ਆਫ ਲਿਬਰਟੀ, ਸਿਟਿੰਗ ਬੁੱਲ ਵਰਗੇ ਪ੍ਰਸਿਧ ਸਥਾਨ, ਇੰਕਾਸ ਦੀ ਮਨਮੋਹਕ ਕਲਾ ਅਤੇ ਮੈਕਸੀਕਰਨ ਪੋਲਕਾਂ ਤੋਂ ਬ੍ਰਜ਼ੀਲੀਅਨ ਕੈਰੀਮਬੋ ਤੱਕ, ਵੱਖ-ਵੱਖ ਕਿਸਮ ਦੇ ਸੰਗੀਤ ਦਾ ਆਨੰਦ ਲੈ ਸਕਦੇ ਹੋ। ਟੋਪੀ ਦੇ ਸਿਖਰ ਦੇ ਰਵਾਇਤੀ ਪਹਿਰਾਵੇ ਅਤੇ ਸਹਾਇਕ ਉਪਕਰਨਾਂ 'ਚ ਸ਼ਿੰਗਾਰਿਆ ਇੱਕ ਮੂਲ ਅਮਰੀਕੀ ਕਬੀਲੇ ਦਾ ਇੱਕ ਸ਼ਾਨਦਾਰ ਚਿੱਤਰ ਵੀ ਦੇਖਣ ਨੂੰ ਮਿਲਦਾ ਹੈ। ਅਮਰੀਕਾ ਦੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ।
- ਅਫਗਾਨਿਤਾਨ ਪਵੇਲੀਅਨ ਦਾ ਚਿਹਰਾ ਅਫਗਾਨਿਸਤਾਨ ਦੇ ਪਹਿਲੇ ਅਤੇ ਸਭ ਤੋਂ ਮਸ਼ਹੂਰ ਦਾਰ-ਉਲ-ਅਮਾਨ ਪੈਲੇਸ ਨੂੰ ਦਰਸਾਉਂਦਾ ਹੈ, ਜੋ ਕਿ 1920 ਦੇ ਦਹਾਕੇ 'ਚ ਰਾਜਾ ਅਮਾਨਉੱਲਾ ਦੁਆਰਾ ਬਣਾਇਆ ਗਿਆ ਸੀ। ਇੱਥੇ ਅਫਗਾਨੀ ਗਲੀਚਾ, ਲੱਕੜ, ਤਾਂਬੇ ਦੇ ਕਾਰੀਗਰ, ਘੁਮਿਆਰਾਂ ਦੀ ਪ੍ਰਤਿਭਾ ਅਤੇ ਪ੍ਰਮਾਣਿਕ ਮਸਾਲੇ ਅਤੇ ਸੁਆਦੀ ਮਠਿਆਈਆਂ ਬਾਰੇ ਪਤਾ ਲੱਗਦਾ ਹੈ।






- ਭਾਰਤ ਪਵੇਲੀਅਨ ਅੰਦਰ ਸੱਭਿਆਚਾਰ ਕਲਾ ਅਤੇ ਆਰਕੀਟੈਕਚਰ, ਜਿੱਥੇ ਪ੍ਰਤੀਕ ਟੂਰਿਸਟਾਂ ਦਾ ਪਸੰਦੀਦਾ ਹਵਾ ਮਹਿਲ ਹੈ। ਇਸ ਸ਼ਾਨਦਾਰ ਹਵਾ ਮਹਿਲ 'ਚ ਲਾਈਵ ਸੰਗੀਤ, ਅਮੀਰ ਕਲਚਰ, ਵੱਖ-ਵੱਖ ਖੇਤਰਾਂ ਦੇ ਸੁਆਦੀ ਫੂਡ ਦੇ ਆਨੰਦ ਦੇ ਨਾਲ ਰਵਾਇਤੀ ਦਸਤਕਾਰੀ ਬਾਰੇ ਜਾਣਕਾਰੀ ਵੀ ਲੈ ਸਕਦੇ ਹੋ।
- ਟਰਕੀ ਪਵੇਲੀਅਨ, ਜਿੱਥੇ ਸੱਭਿਆਚਾਰ, ਵਿਰਾਸਤ, ਪਿਛਲੀਆਂ ਸੱਭਿਆਤਾਵਾਂ, ਤੁਰਕੀ ਦੇ ਪ੍ਰਸਿੱਧ ਲੈਂਡਸਕੇਪਾਂ ਨੂੰ ਪ੍ਰਦਰਸ਼ਿਤ ਕਰਨ ਵਾਲੇ ਆਰਕੀਟੈਕਚਰਲ ਅਜੂਬੇ, ਹਾਗੀਆ ਸੋਫੀਆ, ਆਇਕਾਨਿਕ ਗਲਾਟਾ ਟਾਵਰ, ਇਤਿਹਾਸਕ ਤਕਸੀਮ ਮਾਰਕੀਟ ਅਤੇ ਇਸਦੇ ਸ਼ਾਨਦਾਰ ਸਮਾਰਕ, ਪਰਸ਼ੀਆ, ਗ੍ਰੀਸ ਅਤੇ ਅਰਮੇਨੀਆ ਦੇ ਪ੍ਰਭਾਵਾਂ ਦੇ ਨਾਲ ਕੈਪਾਡੋਸੀਆ ਦੇ ਮਨਮੋਹਕ ਪਰੀ-ਕਹਾਣੀ ਦੇ ਦ੍ਰਿਸ਼ ਸ਼ਾਮਲ ਹਨ। ਉਮਰਾਂ ਸੁੰਦਰ ਢੰਗ ਨਾਲ ਤਿਆਰ ਕੀਤੀਆਂ ਵਸਤਾਂ, ਰਵਾਇਤੀ ਤੌਰ 'ਤੇ ਸਿਰੇਮਿਕ, ਤਾਂਬੇ ਅਤੇ ਪੋਰਸਿਲੇਨ ਦੇ ਕੰਮ, ਕੈਲੀਗ੍ਰਾਫੀ ਤੋਂ ਪ੍ਰੇਰਿਤ ਗਹਿਣੇ, ਸ਼ਾਨਦਾਰ ਤੁਰਕੀ ਗਲੀਚੇ ਅਤੇ ਹੱਥਾਂ ਨਾਲ ਬਣਾਏ ਗਏ ਬਰਤਨਾਂ ਬਾਰੇ ਵੀ ਪਤਾ ਲੱਗਦਾ ਹੈ।
- ਜਪਾਨ ਪਵੇਲੀਅਨ, ਜਦੋਂ ਤੁਸੀਂ ਪ੍ਰੰਪਰਾਗਤ ਟੋਰੀ ਫਾਟਕ ਵਿਚੋਂ ਲੰਘਦੇ ਹੋ, ਤਾਂ ਤੁਹਾਨੂੰ ਸ਼ਾਨਦਾਰ ਗੀਸ਼ਾ ਅਤੇ ਕਿਮੋਨੋਜ਼ 'ਚ ਸਜੇ ਹੋਏ ਸ਼ਕਤੀਸ਼ਾਲੀ ਸਮੁਰਾਈ ਯੋਧਿਆਂ ਅਤੇ ਓਗੀ ਪ੍ਰਸ਼ੰਸਕ ਵੱਲੋਂ ਵੈਲਕਮ, ਮਾਊਂਟ ਫੂਜੀ ਦੀ ਸ਼ਾਨ, ਪੰਜ-ਟਾਇਰਡ ਪਗੋਡਾ ਅਤੇ ਦੋਹਯੋ 'ਚ ਇੱਕ ਸੂਮੋ ਕੁਸ਼ਤੀ ਮੈਚ ਦਾ ਉਤਸ਼ਾਹ, ਵਿਰਾਸਤ ਬਾਰੇ ਜਾਣਕਾਰੀ ਮਿਲਦੀ ਹੈ।



- ਅਫਰੀਕੀ ਪਵੇਲੀਅਨ ਇੱਕ ਮਹਾਂਦੀਪ ਨੂੰ ਪ੍ਰਭਾਸ਼ਿਤ ਕਰਨ ਵਾਲਾ ਰਹੱਸ ਮਾਸਾਈ ਕਬੀਲਿਆਂ 'ਚ ਵਧੀਆ ਪ੍ਰਤੀਨਿਧਤਾ, ਮਹਾਨ ਝੀਲਾਂ ਦੇ ਨਿਵਾਸੀਆਂ ਨੂੰ ਸ਼ਰਧਾਂਜਲੀ ਵਜੋਂ ਕੰਮ ਦੇ ਨਾਲ ਹੀ ਨੂਬੀਅਨ ਸਲਾਮ ਯੋਗ, ਜਿਨ੍ਹਾਂ ਦੀ ਸ਼ੁਰੂਆਤ ਹੁਣ ਉੱਤਰੀ ਸੂਡਾਨ ਅਤੇ ਦੱਖਣੀ ਮਿਸਰ 'ਚ ਹੈ। ਮਾਸਾਈ ਆਪਣੇ ਜੀਵੰਤ ਰੰਗਾਂ ਅਤੇ ਸ਼ਾਨਦਾਰ ਸਮਾਰੋਹਾਂ ਲਈ ਮਸ਼ਹੂਰ ਹਨ। ਇੱਕ ਦੂਜੇ ਨੂੰ ਕੱਟਣ ਵਾਲੀਆਂ ਕਤਾਰਾਂ ਅਰੂਸ਼ਾ ਮਿਊਜ਼ੀਅਮ ਦਾ ਪ੍ਰਤੀਕ ਹਨ, ਜਦੋਂਕਿ ਅਫਰੀਕਾ ਟਾਵਰ ਦੀ ਪ੍ਰਤੀਕ੍ਰਿਤੀ ਅਫਰੀਕੀ ਦੇਸ਼ਾਂ ਦੀ ਏਕਤਾ ਨੂੰ ਸਮਰਪਿਤ ਹੈ।
- **ਸੰਯੁਕਤ ਅਰਬ ਅਮੀਰਾਤ** : ਭਵਿੱਖ ਦੇ ਸ਼ਾਨਦਾਰ ਆਰਕੀਟੈਕਚਰਲ ਰਤਨ ਮਿਊਜ਼ੀਅਮ ਨੂੰ ਯੂ.ਏ.ਈ. ਪਵੇਲੀਅਨ ਅਗਲੇ ਹਿੱਸੇ 'ਚ ਸ਼ਾਮਲ ਕੀਤਾ ਗਿਆ ਹੈ। ਵਿੰਡ ਟਾਵਰ, ਊਠ, ਖਜੂਰ ਦੇ ਦਰੱਖਤ, ਢੋਅ, ਬਾਜ਼ ਸਮੇਤ ਯੂ.ਏ.ਈ. ਦੇ ਮਜ਼ਬੂਤ ਸੱਭਿਆਚਾਰ ਅਤੇ ਵਿਰਾਸਤ ਦੇ ਸਮਾਨਾਰਥੀ ਕਈ ਨਕਸ਼ਿਆਂ ਨੂੰ ਦਿਖਾਇਆ ਗਿਆ ਹੈ। ਟੂਰਿਸਟ ਸਥਾਨਕ ਕਾਰੀਗਰਾਂ ਦੁਆਰਾ ਤਿਆਰ ਗਲੀਚੇ, ਬਰਤਨ, ਟੋਕਰੀਆਂ, ਰਵਾਇਤੀ ਕੱਪੜੇ, ਖੋਪੀ ਅਤੇ ਅਤਰ ਵਗੈਰਾ ਖਰੀਦ ਸਕਦੇ ਹਨ।
- ਚੀਨ ਪਵੇਲੀਅਨ ਦਾ ਡਿਜ਼ਾਇਨ ਚੀਨੀ ਸੱਭਿਆਚਾਰਕ ਘਰਾਂ ਤੋਂ ਪ੍ਰਭਾਵਿਤ ਹੈ। ਘਰਾਂ ਦੀ ਛੱਤ ਦੀ ਵਰਤੋਂ ਨਕਾਬ ਦੇ ਸਿਖਰ ਬਣਾਉਣ ਲਈ ਕੀਤੀ ਜਾਂਦੀ ਹੈ ਅਤੇ ਨਮੂਨੇ ਪੂਰੇ ਚਿਹਰੇ ਨੂੰ ਸਜਾਉਣ ਲਈ ਵਰਤੇ ਜਾਂਦੇ ਸਨ। ਬੀਜਿੰਗ ਸਿਹੇਯੁਆਨ ਵਜੋਂ ਵੀ ਜਾਣਿਆ ਜਾਂਦਾ ਹੈ। ਅੰਦਰ ਵੱਲ ਮੂੰਹ ਕਰਨ ਵਾਲੀਆਂ ਬਣਤਰਾਂ ਅਤੇ ਕੇਂਦਰੀ ਵਿਹੜੇ ਵਾਲੀਆਂ ਇਨ੍ਹਾਂ ਰਵਾਇਤੀ ਇਮਾਰਤਾਂ ਦਾ ਉਦੇਸ਼ ਨਿਵਾਸੀਆਂ ਦੀ ਗੋਪਨੀਯਤਾ ਨੂੰ ਯਕੀਨੀ ਬਣਾਉਂਦੇ ਹੋਏ ਵੱਧ ਤੋਂ ਵੱਧ ਸੂਰਜ ਦੀ ਰੋਸ਼ਨੀ ਪ੍ਰਾਪਤ ਕਰਨਾ ਸੀ। ਇੱਥੇ ਵਿਸ਼ਵ ਪ੍ਰਸਿੱਧ ਡਰੈਗਨ ਡਾਂਸ, ਗੁਜੇਂਗ ਸੰਗੀਤ, ਮਨਮੋਹਕ ਦਸਤਕਾਰੀ ਦੇਖਣ ਦੇ ਨਾਲ ਕਈ ਕਿਸਮ ਦੀ ਹਰਬਲ ਚੀਨੀ ਚਾਹ ਦਾ ਆਨੰਦ ਵੀ ਲੈ ਸਕਦੇ ਹੋ।
- ਪਾਕਿਸਤਾਨ ਪਵੇਲੀਅਨ ਮੁਗਲ ਯੁੱਗ ਦੇ ਇਸਲਾਮੀਆ ਕਾਲਜ, ਸ਼ਾਨਦਾਰੀ ਮਸਜਿਦ, ਰਣਜੀਤ ਸਿੰਘ ਦੀ ਕਬਰ, ਅਤੇ ਆਰਕੀਟੈਕਚਰਲ ਅਜੂਬੇ ਪਾਕਿਸਤਾਨ ਦੇ ਡੂੰਘੇ ਇਤਿਹਾਸ ਅਤੇ ਸੱਭਿਆਚਾਰਕ ਵਿਰਾਸਤ ਨੂੰ ਯਾਦ ਕੀਤਾ ਗਿਆ ਹੈ। ਇੱਥੇ ਤੁਸੀਂ ਪਾਕਿਸਤਾਨੀ ਪਕਵਾਨਾਂ ਦਾ ਆਨੰਦ, ਮਨਮੋਹਕ ਪ੍ਰਦਰਸ਼ਨ ਅਤੇ ਇੱਕ ਜੀਵੰਤ ਬਾਜ਼ਾਰ 'ਚ ਸਮਾਂ ਬਿਤਾ ਸਕਦੇ ਹੋ।

ਗਲੋਬਲ ਵਿਲੇਜ ਦੁਬਈ ਦੇ ਪਵੇਲੀਅਨ ਘੁੰਮ ਕੇ ਕਦੇ ਨਾ ਭੁੱਲਣ ਵਾਲਾ ਅਹਿਸਾਸ ਹਮੇਸ਼ਾ ਰਹੇਗਾ।

# ਨੌਜਵਾਨ ਦਿਲਾਂ ਦੀ ਧੜਕਨ: ਸ਼ਹੀਦ ਚੰਦਰ ਸ਼ੇਖਰ ਅਜ਼ਾਦ

ਭਾਬੜਾ ਪਿੰਡ ਮੱਧ ਪ੍ਰਦੇਸ਼ ਰਾਜ ਸੀ,
ਰਿਆਸਤ ਅਲੀਰਾਜਪੁਰ ਨਾਜ ਸੀ।
ਪਿਤਾ ਸੀਤਾਰਾਮ ਮਾਂ ਜਗਰਾਣੀ ਸੀ,
ਮਾਂ ਕਾਹਦੀ ਉਹ ਤਾਂ ਪਟਰਾਣੀ ਸੀ।

23 ਜੁਲਾਈ 1906 ਦੀ ਕਹਾਣੀ ਹੈ,
ਜੰਮਿਆ ਦਲੇਰ ਜੱਗ ਨੇ ਜਾਣੀ ਹੈ।
ਮਾਂ ਚਾਹੇ ਪੁੱਤ ਵਿਦਵਾਨ ਬਣ ਜਾਏ,
ਪੜ੍ਹ ਸੰਸਕ੍ਰਿਤ ਪੈਰਾਂ ਉੱਤੇ ਖੜ੍ਹ ਜਾਏ।

ਪੰਦਰਾਂ ਸਾਲ ਦਾ ਮੁੱਛਫੁੱਟ ਗੱਭਰੂ,
ਭੇਜ'ਤਾ ਬਨਾਰਸ ਪੜ੍ਹਾਕੂ ਬਣ ਜੂ।
ਜਾ ਦਿਲ 'ਚ ਚਿੰਗਾਰੀ ਜਲ ਪਈ,
ਤੇ ਸ਼ਮਾਂ ਆਜ਼ਾਦੀ ਦੀ ਬਲ ਪਈ।

'ਨ ਮਿਲਵਰਤਣ' ਚੱਲੇ ਘੋਲ ਜੀ,
ਇਨਕਲਾਬ ਜਿੰਦਾਬਾਦ ਬੋਲ ਜੀ।
1922 'ਚ ਗਾਂਧੀ ਨੂੰ ਛੱਡ ਦਿੱਤਾ,
ਮਰ ਮਿਟਣ ਦਾ ਝੰਡਾ ਗੱਡ ਦਿੱਤਾ।

ਝਾਂਸੀ ਤੋਂ ਸਿੱਖੇ ਹਥਿਆਰ ਚੱਲਣੇ,
ਮੋਟਰ ਗੈਰਾਜ ਤੋਂ ਕਾਰ ਭੱਜਣੇ।
ਜਾ ਮਿਲੇ ਮਨਮੱਠ ਨਾਥ ਗੁਪਤਾ,
ਤੇ ਰਾਮਪ੍ਰਸਾਦ ਬਿਸਮਿਲ ਪੁਖ਼ਤਾ।

ਹਿੰਦੁਸਤਾਨ ਰੀਪਬਲਿਕ ਬਣਾਏ,
ਐਸੋਸੀਏਸ਼ਨ ਲਈ ਧਨ ਜੁਟਾਏ।
**1923 :**
ਜਾ ਕੇ ਭਗਤ ਸਿੰਘ ਨੂੰ ਮਿਲਿਆ,
ਬੂਟਾ ਕਰਾਂਤੀ ਵਾਲਾ ਸੀ ਖਿਲਿਆ।
**1925:**
ਡਾਕਾ ਕਾਕੋਰੀ ਦਾ ਫੇਰ ਮਾਰਿਆ,
ਲੁੱਟਕੇ ਰੇਲ ਕੰਮ ਸੀ ਸੰਵਾਰਿਆ।
**1928:**
ਜੇ.ਪੀ. ਸਾਂਡਰ'ਜ਼ ਨੂੰ ਚਿੱਤ ਕਰਕੇ,
ਮੌਤ 'ਲਾਜਪਤ' ਦੀ ਜ਼ਿੱਦ ਕੱਢਕੇ।

27 ਫਰਵਰੀ 1931 ਅਲਾਹਾਬਾਦ
(ਅਲਫਰੈਡ ਪਾਰਕ):
'ਕੱਠੇ ਹੋ ਬਾਗ਼ੀ ਕਰਦੇ ਸਲਾਹ ਸੀ,
ਸੂਹੀਆਂ ਝੱਟ ਕੀਤੀ ਇਤਲਾਹ ਸੀ।
ਨੌਟ-ਬਾਵਰ ਫੇਰ ਨ ਲਾਈ ਦੇਰ ਸੀ,
ਘੇਰਿਆ ਪੁਲਸੀਆਂ ਆਣ ਸ਼ੇਰ ਸੀ।

ਹੋਇਆ ਮੁਕਾਬਲਾ ਗਹਿਗਿਚ ਸੀ,
ਜਾਣਦਾ ਆਜ਼ਾਦ ਮੌਤ ਨੂੰ ਟਿੱਚ ਸੀ।
ਜ਼ਖਮੀ ਹੋ ਆੜ ਲੈ ਮੋਟੇ ਰੁੱਖ ਦੀ,
ਤਾੜ-ਤਾੜ ਪਿਸਤੌਲ ਮਾਰ ਰੁੱਕ ਦੀ।

15 ਸਿਪਾਹੀ ਉਹਨੇ ਢੇਰ ਕਰਕੇ,
ਆਖ਼ਰੀ ਗੋਲੀ ਨਾਲ਼ ਖ਼ੁਦ ਮਰਕੇ।
ਜੀਂਦੇ ਨਾ ਹੱਥ ਆ ਸ਼ਾਦ ਹੋ ਗਿਆ,
ਸਦਾ ਲਈ ਫੇਰ ਅਜ਼ਾਦ ਹੋ ਗਿਆ।

ਮਹਾਨ ਕ੍ਰਾਂਤੀਕਾਰੀਆਂ ਦੇ ਹਾਣਦਾ,
ਬਣ ਇਤਿਹਾਸ ਸਨਮਾਨ ਮਾਣਦਾ।
ਗਾਥਾ ਇਹ ਸ਼ਹੀਦਾਂ ਦੀ ਤਮਾਮ ਹੈ,
"ਨੂਰਪੁਰੀ" ਝੁੱਕ ਕਰਦਾ ਸਲਾਮ ਹੈ।



**ਸੇਵਾ ਸਿੰਘ "ਨੂਰਪੁਰੀ"**

ਪੰਜਾਬ ਮੇਲ USA

# ਬੋਤਲੇ ਸ਼ਰਾਬ ਦੀਏ

**(ਨਸ਼ਾ ਮੁਕਤੀ ਮੁਹਿੰਮ'ਤੇ ਵਿਸ਼ੇਸ਼)**
ਬੋਤਲੇ ਸ਼ਰਾਬ ਦੀਏ ਇੱਕ ਗੱਲ ਦੱਸ ਨੀਂ।
ਕਿਹੜੀ ਗੱਲੋਂ ਲੋਕ ਤੈਨੂੰ ਪੀਣ ਹੱਸ ਹੱਸ ਨੀਂ।
ਬੁਰਾ ਹੁੰਦਾ ਦੇਖਿਆ ਸ਼ਰਾਬੀਆਂ ਦੇ ਹਾਲ ਨੂੰ,
ਫਿਰ ਵੀ ਨਾ ਛੱਡਦੇ ਨੇ ਪੀਣ ਦੇ ਖਿਆਲ ਨੂੰ,
ਹਾਤਿਆਂ 'ਤੇ ਰੋਜ਼ ਪਈ ਹੁੰਦੀ ਘੜਮਸ ਨੀਂ।
ਕਿਹੜੀ... ... ... ... ...।
ਇੱਕ ਵਾਰੀ ਜਿਨ੍ਹੇ ਤੈਨੂੰ ਮੂੰਹ ਲਿਆ ਲਗਾ ਨੀਂ,
ਕਿਲਿਆਂ ਤੋਂ ਜਾਂਦੀ ਹੈ ਕਨਾਲਾਂ ਤੱਕ ਆ ਨੀਂ,
ਕਰਜ਼ੇ ਜਾਲ ਵਿਚ ਕਈ ਗਏ ਫਸ ਨੀਂ।
ਕਿਹੜੀ... ... ... ... ...।
ਨਾਲ ਤੇਰੇ ਪਾਈਆਂ ਨੇ ਪ੍ਰੀਤਾਂ ਜਿਨ੍ਹਾਂ ਗੂੜੀਆਂ,
ਹੋ ਕੇ ਉਹ ਬੇਹੋਸ਼ ਵਿਚ ਪਏ ਹੁੰਦੇ ਰੂੜੀਆਂ,
ਹੁੰਦੀ ਬਦਨਾਮੀ ਭੈੜਾ ਖੱਟਦੇ ਨੇ ਜੱਸ ਨੀਂ।
ਕਿਹੜੀ... ... ... ... ...।
ਨਸ਼ੇ 'ਚ ਸ਼ਰਾਬੀ ਜਾਂਦੇ ਸੁੱਧ ਬੁੱਧ ਭੁੱਲ ਨੀਂ,
ਪੀ ਘੁੱਟ ਕਈਆਂ ਨੇ ਲੜਾਈ ਲਈ ਮੁੱਲ ਨੀਂ,
ਥਾਣਿਆਂ ਕਚਿਹਰੀਆਂ ਦੇ ਪੈ ਜਾਂਦੇ ਵੱਸ ਨੀਂ।
ਕਿਹੜੀ... ... ... ... ...।
ਜਿਵੇਂ ਕੋਈ ਕੰਧ ਹੈ ਉਸਾਰੀ ਹੁੰਦੀ ਰੇਤ ਦੀ,
ਬਣ ਜਾਂਦੀ ਦਿੱਖ ਇਹ ਸ਼ਰਾਬੀਆਂ ਦੀ ਸਿਹਤ ਦੀ।
ਬੋਲ ਬਾਣੀ ਵਿਚ ਵੀ ਨਾ ਰਹਿੰਦਾ ਕੋਈ ਰਸ ਨੀਂ।
ਕਿਹੜੀ... ... ... ... ...।
'ਚੋਹਲੇ' ਵਾਲਾ ਤੇਰਾ ਕਦੇ ਹੁੰਦਾ ਸੀ ਮੁਰੀਦ ਨੀਂ,
ਖਾਂਦਾ ਨਹੀਂ ਸੀ ਰੋਟੀ ਉਹ ਬਿੰਨ ਤੇਰੀ ਦੀਦ ਨੀਂ,
ਪੈ ਗਿਆ ਕਸੂਤਾ ਸੀ 'ਬੱਗੇ' ਤਾਈਂ ਝੱਸ ਨੀਂ।
ਕਿਹੜੀ ਗੱਲੋਂ ਲੋਕ ਤੈਨੂੰ ਪੀਣ ਹੱਸ ਹੱਸ ਨੀਂ।



**-ਰਮੇਸ਼ ਬੱਗਾ ਚੋਹਲਾ, ਹੈਬੋਵਾਲ ਖੁਰਦ (ਲੁਧਿਆਣਾ)**
**ਮੋਬ : 94631-32719**

ਪੰਜਾਬ ਮੇਲ USA

# ਜਿੱਤਾ ਤੇ ਹਾਰਾਂ

ਬੱਚਾ ਤੁਰਨਾ ਸਿੱਖਦਾ, ਫਰਸ਼ਾਂ 'ਤੇ ਰਿੜ ਕੇ
ਜਿੱਤਾਂ ਪੱਲੇ ਪੈਂਦੀਆਂ, ਹਾਰਾਂ ਨਾਲ ਭਿੜ ਕੇ

ਸਿਰ 'ਤੇ ਚੜ੍ਹੇ ਤੂਫ਼ਾਨ ਬਈ, ਫਿਰ ਥੰਮਣੇ ਪੈਂਦੇ
ਮੈਡਲ ਮੋਢੇ ਲਾਉਣ ਲਈ, ਹੱਡ ਭੰਨਣੇ ਪੈਂਦੇ
ਸਬਰਾਂ ਦੇ ਨਾਲ ਮਿੱਤਰੋ, ਮਨ ਬੰਨ੍ਹਣੇ ਪੈਂਦੇ
ਮੁੱਲ ਪੈਂਦਾ ਹੈ ਕਮਲ ਦਾ, ਚਿੱਕੜਾਂ ਵਿਚ ਖਿੜ ਕੇ
ਜਿੱਤਾਂ ਪੱਲੇ ਪੈਂਦੀਆਂ, ਹਾਰਾਂ ਨਾਲ ਭਿੜ ਕੇ

ਜਸ਼ਨ ਮਨਾਈਏ ਜਿੱਤ ਕੇ, ਹੰਕਾਰ ਨ ਕਰੀਏ
ਮਾੜਾ ਦੁਸ਼ਮਣ ਸਮਝ ਕੇ, ਹੱਦ ਪਾਰ ਨਾ ਕਰੀਏ
ਜਾਇਜ ਹੈ ਬਾਜੀ ਜਿੱਤ ਕੇ, ਬਈ ਢੋਲ ਵਜਾਉਣੇ
ਠੀਕ ਨੀ ਹਾਰਿਆਂ ਸਾਹਮਣੇ, ਬਈ ਖੋਰੂ ਪਾਉਂਣੇ
ਹਰ ਕੋਈ ਇੱਕ ਦਿਨ ਉੱਠਦਾ ਹੈ, ਥੱਲੇ ਗਿਰ ਕੇ
ਜਿੱਤਾਂ ਪੱਲੇ ਪੈਂਦੀਆਂ, ਹਾਰਾਂ ਨਾਲ ਭਿੜ ਕੇ

ਡਿੱਗ-ਡਿੱਗ ਕੇ ਹੀ ਬੱਲਿਆ, ਅਸਵਾਰ ਨੇ ਬਣਦੇ
ਅੱਗਾਂ ਦੇ ਵਿਚ ਭੁੱਜ ਕੇ, ਹਥਿਆਰ ਨੇ ਬਣਦੇ
ਮਹਿੰਗਾ ਸੋਨਾ ਜਨਮਦਾ, ਭੱਠੀਆਂ ਵਿਚ ਤਪ ਕੇ
ਬੀਜਾਂ ਤੋਂ ਰੁੱਖ ਉਪਜਦੇ, ਮਿੱਟੀਆਂ ਵਿਚ ਖਪ ਕੇ
ਚਿੱਟਾ ਪਾਣੀ ਨਿਕਲਦਾ, ਹੈ ਨਲਕਾ ਗਿੜ ਕੇ
ਜਿੱਤਾਂ ਪੱਲੇ ਪੈਂਦੀਆਂ, ਹਾਰਾਂ ਨਾਲ ਭਿੜ ਕੇ

ਸਦਾ ਕਬੂਤਰ ਅੰਬਰੀਂ, ਨਾ ਤਾਰੀਆਂ ਲਾਉਂਦੇ
ਵਿਚ ਉਚਾਈਆਂ ਉੱਡ ਕੇ, ਧਰਤੀ 'ਤੇ ਆਉਂਦੇ
ਆਖਰ ਬਹਿੰਦੇ ਛੱਤਰੀਆਂ 'ਤੇ, ਥਾਂ-ਥਾਂ ਫਿਰ ਕੇ
ਜਿੱਤਾਂ ਝੋਲੀ ਪੈਂਦੀਆਂ, ਹਾਰਾਂ ਨਾਲ ਭਿੜ ਕੇ

ਜਿੱਤਾਂ ਬਾਰੇ ਜਾਨਣਾ, ਇਤਿਹਾਸ ਨੂੰ ਪੜ੍ਹਿਓ
ਉਸ ਬਾਪੂ ਦਸਮੇਸ਼ ਦੀ, ਅਰਦਾਸ ਨੂੰ ਪੜ੍ਹਿਓ
ਪਟਨੇ ਤੋਂ ਨੰਦੇੜ ਦੇ, ਕਿਤੇ ਸਫ਼ਰ ਨੂੰ ਪੜ੍ਹਿਓ
ਕਿੰਝ ਕਲਮਾਂ ਤੀਰ ਨੇ ਬਣਦੀਆਂ, ਲਿਖੇ ਜ਼ਫ਼ਰ ਨੂੰ ਪੜ੍ਹਿਓ
ਕੌਣ ਸ਼ੇਰੇ ਪੰਜਾਬ ਸੀ, ਲਹੌਰ ਤੋਂ ਪੁੱਛਿਓ
ਦੋ ਕਿਹੜੇ ਉੱਡਣੇ ਬਾਜ ਸੀ, ਚਮਕੌਰ ਤੋਂ ਪੁੱਛਿਓ
ਕਿੰਝ ਡਾਣਸੀਵਾਲੀਆ ਲੜੇ ਸੀ, ਲੱਖਾਂ ਵਿਚ ਘਿਰ ਕੇ
ਤਾਂਹੀ ਤਾਂ ਅੱਜ ਸੋਂਹਦੀਆਂ, ਦਸਤਾਰਾਂ ਸਿਰ 'ਤੇ
ਜਿੱਤਾਂ ਝੋਲੀ ਪਾ ਗਏ, ਹਾਰਾਂ ਨਾਲ ਭਿੜ ਕੇ
ਮੁੱਲ ਹੈ ਪੈਂਦਾ ਕਮਲ ਦਾ, ਚਿੱਕੜਾਂ ਵਿਚ ਖਿੜ ਕੇ
ਜਿੱਤਾਂ ਦੀ ਹਿੱਕ 'ਤੇ ਚੜੀਦਾ, ਹਾਰਾਂ ਨਾਲ ਭਿੜਕੇ



**-ਕੁਲਵੀਰ ਸਿੰਘ ਡਾਨਸੀਵਾਲ,**
**ਸਰ੍ਹੀ, ਬੀ.ਸੀ. ਕੈਨੇਡਾ, 778-863-2472**

ਪੰਜਾਬ ਮੇਲ USA

# ਸਾਉਣ ਮਹੀਨਾ

ਸਾਉਣ ਮਹੀਨਾ ਦਿਨ ਤੀਆਂ ਦੇ,
ਪਿੱਪਲੀਂ ਪੀਂਘਾਂ ਪਾਈਆਂ।
'ਕੱਠੀਆਂ ਹੋ ਕੇ ਆਈਆਂ ਗਿੱਧੇ ਵਿਚ,
ਨਣਦਾਂ ਤੇ ਭਰਜਾਈਆਂ।

ਹਾਸਾ-ਠੱਠਾ ਕਰਦੀਆਂ ਮਿਲ ਕੇ,
ਦਿੰਦੀਆਂ ਖ਼ੂਬ ਵਧਾਈਆਂ।
ਖ਼ੁਸ਼ੀ ਵੱਸੇ ਇਹ ਨਗਰ-ਖੇੜਾ,
ਜਿਸ ਵਿੱਛੜੀਆਂ ਆਣ ਮਿਲਾਈਆਂ।

ਰੰਗ-ਬਰੰਗੇ ਘੱਗਰੇ ਪਾਏ,
ਦੇਵੇ ਰੂਪ ਦੁਹਾਈਆਂ।
ਉੱਚੀ-ਉੱਚੀ ਪਾਉਣ ਬੋਲੀਆਂ,
ਅੰਬਰ-ਘਟਾਵਾਂ ਛਾਈਆਂ।

ਆ ਕੇ ਮਿਲ ਜਾ ਹਾਣ ਦਿਆ ਵੇ,
ਅੱਖੀਆਂ ਨੇ ਤ੍ਰਿਹਾਈਆਂ।
ਯਾਦ ਤੇਰੀ ਵਿਚ ਦੀਦੇ ਛਲਕਣ,
ਸਹਿ ਨਾ ਸਕਾਂ ਜੁਦਾਈਆਂ।

ਚਾਰੇ ਪਾਸੇ ਢੂੰਡਾਂ, ਜਿਸ ਨਾਲ,
ਵਿੱਚ ਜਵਾਨੀ ਲਾਈਆਂ।
ਬਿਨ ਤੇਰੇ ਤੋਂ ਸਾਰੀਆਂ ਘੜੀਆਂ,
ਬ੍ਰਿਹਾ ਵਿਚ ਬਿਤਾਈਆਂ।

ਦਿਲ ਮੇਰੇ 'ਚੋਂ ਛੱਲਾਂ ਉੱਠਣ,
ਕਿਉਂ ਸੀ ਅੱਖੀਆਂ ਲਾਈਆਂ।
ਕਰਕੇ ਚੇਤੇ ਓਸ ਸਮੇਂ ਨੂੰ,
ਅੱਖਾਂ ਨੇ ਭਰ ਆਈਆਂ।



**-ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ**
**94176-92015**

ਪੰਜਾਬ ਮੇਲ USA

# ਗੀਤ (ਸਾਉਣ 'ਤੇ ਵਿਸ਼ੇਸ਼)

ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਸਾਉਣ ਮਹੀਨਾ ਵਿਰਸੇ ਵਾਲਾ ਬਣ ਗਿਆ ਦੰਦ ਕਥਾਵਾਂ।
ਬਾਪੂ ਵਰਗੇ ਖੇਤ ਪਿਆਰੇ ਕਰ ਦਿੱਤੇ ਕਰਜ਼ਾਈ।
ਵਿਚ ਪਰਦੇਸਾਂ ਪੁੱਤਰ ਭੇਜੇ ਮੁੜਕੇ ਸਾਰ ਨਾ ਆਈ।
ਘਰ ਤਾਂ ਖਾਲਮ ਖਾਲੀ ਹੋ ਗਏ ਮਿਲਦਾ ਨਾ ਸਿਰਨਾਵਾਂ।
ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਹੋਟਲਾਂ ਵਿਚ ਮਨਾਇਆ ਜਾਂਦਾ ਬਾਗ਼ਾਂ ਦਾ ਤਿਉਹਾਰ।
ਨਕਲੀ ਗਹਿਣੇ ਨਕਲੀ ਕੱਪੜੇ ਨਕਲੀ ਹਾਰ ਸ਼ਿੰਗਾਰ।
ਨਕਲੀ ਰੁੱਖਾਂ ਦੇ ਵਿਚ ਚੱਲਣ ਮੋਟਰ ਨਾਲ ਹਵਾਵਾਂ।
ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਹਾਕਮ ਤੇਰੀ ਨੀਤੀ ਕਰਕੇ ਨਸ਼ਿਆਂ ਵਿਚ ਬੁਲੰਦੀ।
ਬਦਬੂ ਬਣ ਕੇ ਫੈਲ ਗਈ ਹੈ ਚਹੁੰ ਪਾਸੇ ਸੁਗੰਧੀ।
ਅਰਥੀ ਵਿਚੋਂ ਪੁੱਤਰ ਲੱਭਣ 'ਵਾਜ਼ਾਂ ਮਾਰ ਕੇ ਮਾਵਾਂ।
ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਨਾ ਹੁਣ ਕਿਧਰੇ ਪੂੜੇ ਪਕਦੇ ਨਾ ਖੀਰਾਂ ਨਾ ਹਾਸੇ।
ਨਾ ਹੀ ਸਖੀਆਂ ਕਠੀਆਂ ਹੋਵਣ ਨਾ ਹੀ ਘੁਲਣ ਪਤਾਸੇ।
ਸਿਰਫ਼ ਸਵਾਰਥ ਦੇ ਵਿਚ ਉਠਣ ਇਕ ਦੂਜੇ ਦੀਆਂ ਬਾਂਹਾਂ।
ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਬੰਦੇ ਨੂੰ ਹੀ ਮਾਰਨ ਦੇ ਲਈ ਹਥਿਆਰ ਬਣਾਏ ਜਾਂਦੇ।
ਹੱਦਾਂ ਬੰਨ੍ਹੇ ਖੋਵਣ ਦੇ ਲਈ ਬੰਬ ਚਲਾਏ ਜਾਂਦੇ।
ਆਧੁਨਿਕਤਾ ਦੇ ਦੌਰ 'ਚ ਵਧੀਆ ਵੱਖੋ-ਵੱਖ ਘਟਨਾਵਾਂ।
ਨਾ ਉਹ ਕਿਧਰੇ ਪੀਂਘਾਂ ਦਿਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਘਰ-ਘਰ ਦੇ ਵਿਚ ਇਕ ਹੀ ਬੱਚੇ ਦੀ ਸੁਣਦੀ ਕਿਲਕਾਰੀ।
ਭੂਆ ਚਾਚੇ ਤਾਏ ਵਾਲੀ ਮੁੱਕ ਚੱਲੀ ਸਰਦਾਰੀ।
ਲੋਕੀਂ ਉਡਦੇ ਫ਼ਿਰਦੇ ਲੱਭਦੇ, ਲੱਭਦਾ ਨਈਂ ਸਿਰਨਾਵਾਂ।
ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਆਧੁਨਿਕਤਾ ਨੇ ਉਨਤੀ ਕੀਤੀ ਹੋਈ ਹੈ ਬਰਬਾਦੀ।
ਪਰਦੇਸਾਂ ਵਿਚ ਪਾਈ ਮਗਰ ਗੁਲਾਮੀ ਵਿਚ ਆਜ਼ਾਦੀ।
ਸੰਜੀਵ ਦਿਸ਼ਾ ਤੋਂ ਹੋਂਦ ਬਣਾਉਂਦਾ ਜਿੱਦਾਂ ਇਕ ਪਰਛਾਵਾਂ।
ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਸਿਰਫ਼ ਬਣਾਉਟੀ ਰਿਸ਼ਤੇ ਰਹਿ ਗਏ ਪੈਸੇ ਦੀ ਵਡਿਆਈ।
ਮੋਹ ਮਮਤਾ ਤੋਂ ਵੱਖਰੀ ਹੋ ਕੇ ਵੱਜਦੀ ਹੈ ਸ਼ਹਿਨਾਈ।
ਸੁੱਖਾਂ ਦੇ ਘਰ ਅੰਦਰ ਵੜ੍ਹ ਕੇ ਸੰਨ ਲਗਾਈ ਚਾਹਵਾਂ।
ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਜਿਨ੍ਹਾਂ ਦੇ ਵਿਚ ਜੰਨਤ ਵਰਗੀ ਹੁੰਦੀ ਸੀ ਇਕ ਰੀਤ।
ਸਾਂਝਾਂ ਵਾਲੀ ਉਲਫ਼ਤ ਵਾਲੀ ਜੱਫੀ ਵਾਲੀ ਪ੍ਰੀਤ।
ਲੈਂਪ ਦੀਵੇ ਦੀ ਲੋਅ ਵਾਲੀਆਂ ਕਿੱਥੇ ਨੇ ਉਹ ਥਾਵਾਂ।
ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਲੈਪਟੋਪ ਮੋਬਾਈਲ ਦੇ ਵਿਚ ਵੜ੍ਹ ਗਏ ਬੱਚੇ ਸਾਰੇ।
ਰਿਸ਼ਤੇ ਨਾਤੇ ਬੋਲ਼ੇ ਹੋ ਗਏ ਮਸਤਕ ਹੋ ਗਏ ਭਾਰੇ।
ਚਾਵਾਂ ਦੀ ਪਰਿਭਾਸ਼ਾ ਬਦਲੀ ਪਹੀਏ ਨਾਲ ਇੱਛਾਵਾਂ।
ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।
ਯੁੱਗ ਪਰਿਵਰਤਨਸ਼ੀਲ ਰਿਹਾ ਹੈ ਯੁੱਗ ਨਾਲ ਚੱਲਣਾ ਪੈਂਦਾ।
ਬੰਦੇ ਨੂੰ ਵੀ ਸੂਰਜ ਵਾਂਗੂੰ ਚੜ੍ਹਣਾ ਢਲਣਾ ਪੈਂਦਾ।
ਬਾਲਮ ਆਖੇ ਇਸ ਯੁੱਗ ਕੋਲੋਂ ਜਿੱਤਾਂ ਜਾ ਹਰ ਜਾਵਾਂ।
ਨਾ ਉਹ ਕਿਧਰੇ ਪੀਂਘਾਂ ਦਿੱਸਦੀਆਂ ਨਾ ਉਹ ਬੋਹੜ ਨਾ ਛਾਵਾਂ।



**-ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰ ਨਗਰ ਗੁਰਦਾਸਪੁਰ (ਪੰਜਾਬ)**
**ਮੋ. 98156-25409**

ਪੰਜਾਬ ਮੇਲ USA



RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

FOR SALE & PURCHASE OF
ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
916-320-9444

web: www.RealtorRandhawa.com

garysingh123@yahoo.com